## ਅਹਿਮ ਵਿਚਾਰ–

# ਪੁਸਤਕ ਸੰਬੰਧੀ

**"ਸ਼ਹੀਦਾਂ ਦੇ ਸਿਰਤਾਜ ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ, ਉਸ ਮਹਾਨ ਅਸਥਾਨ ਦੀਆਂ ਸੰਗਤਾਂ ਵੱਲੋਂ ਮਿਲਿਆ ਸਹਿਯੋਗ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰਨਾਂ ਗੁਰਦੁਆਰਿਆਂ ਦੀਆਂ ਸੰਗਤਾਂ ਦੀ ਸਹਾਇਤਾ ਨਾਲ ਜਨਮ ਲੈ ਕੇ ਪ੍ਰਫੁੱਲਿਤ ਹੋਣ ਵਾਲੀ ਸੰਸਥਾ ਦੇ ਨਾਮ ਪਿੰਗਲਵਾੜਾ ਦਾ ਸ਼ਬਦ 'ਪਿੰਗਲ' "ਸਿੱਖ ਗੁਰਦੁਆਰਿਆਂ ਦੀ ਰਾਖਵੀਂ ਅਮਾਨਤ ਹੈ"।**

ਇਹ ਉਪਰੋਕਤ ਵਿਚਾਰ ਕਰਮਯੋਗੀ, ਮਾਨਵਤਾ ਦੇ ਮਸੀਹੇ, ਅਨਾਥਾਂ ਦੇ ਨਾਥ ਭਗਤ ਪੂਰਨ ਸਿੰਘ ਜੀ ਦੇ ਹਨ ਜਿਹੜੇ ਸਾਨੂੰ ੫ ਅਗਸਤ, ੧੯੯੨ ਨੂੰ ਸਦੀਵੀ ਵਿਛੋੜਾ ਦੇ ਕੇ ਮਾਨਵਤਾ ਦੇ ਭਲੇ ਤੇ ਸਾਡੇ ਲਈ ਇਕ ਆਦਰਸ਼ਕ ਸੇਵਾ ਦਾ ਕਾਰਜ ਛੱਡ ਗਏ, ਜਿਸ ਨੂੰ ਅਸਾਂ ਸਾਰਿਆਂ ਰਲ ਮਿਲ ਕੇ ਹੋਰ ਵੀ ਅੱਗੇ ਵਧਾਉਣਾ ਹੈ । ਭਗਤ ਜੀ ਦਾ ਇਹ ਨਿੱਘਰ ਵਿਚਾਰ ਹੈ 'ਪਿੰਗਲ' ਸ਼ਬਦ ਕਿਉਂਕਿ ਉਨ੍ਹਾਂ ਵੱਲੋਂ ਇਕ ਲੂਲ੍ਹੇ ਬੱਚੇ (ਪਿੰਗਲੇ) ਪਿਆਰਾ ਸਿੰਘ ਤੋਂ ਪ੍ਰੇਰਿਤ ਹੋ ਕੇ ਘੜਿਆ ਗਿਆ ਹੈ ਤੇ ਇਹ ਨਾਉਂ ਉਸੇ ਹੀ ਤਰ੍ਹਾਂ ਰਾਖਵਾਂ ਰਹਿਣ ਦਾ ਅਧਿਕਾਰੀ ਹੈ ਜਿਸ ਤਰ੍ਹਾਂ ਸਵਿੱਟਜ਼ਰਲੈਂਡ ਦੇ ਹੈਨਰੀ ਡਿਊਨੈਂਟ ਵੱਲੋਂ ਰੈੱਡ-ਕਰਾਸ, ਸੰਨ ੧੯੦੪ ਵਿਚ ਪਹਿਲਾ ਟੀ.ਬੀ. ਹਸਪਤਾਲ ਖੋਲ੍ਹਣ ਵਿਚ ਏਨਰ ਹੋਲਬੋਇਲ (ਡੈਨਮਾਰਕ) ਵੱਲੋਂ ਟੀ.ਬੀ. ਟਿਕਟ ਚਾਲੂ ਕਰਵਾਉਣਾ ਜਾਂ ਇੰਗਲੈਂਡ ਦੇਸ਼ ਵਿਚ ਬਰਨਾਡੋਜ਼ ਹੋਮਜ਼ ਆਦਿ ਦੇ ਯਾਦਗਾਰੀ ਨਾਮ ਰਾਖਵੇਂ ਤੇ ਸ਼ਾਨ ਨਾਲ ਲਏ ਜਾਂਦੇ ਹਨ ।

ਭਗਤ ਜੀ ਪ੍ਰਾਣੀ-ਮਾਤਰ ਦੇ ਭਲੇ ਲਈ ਸਥਾਪਿਤ ਕੀਤੀ ਸੰਸਥਾ ਪਿੰਗਲਵਾੜਾ ਦਾ ਨਾਉਂ ਆਪਣੇ ਨਾਉਂ 'ਤੇ ਵੀ ਰੱਖ ਸਕਦੇ ਸਨ ਪਰ ਅਜਿਹਾ ਕੀਤਾ ਨਹੀਂ; ਸਗੋਂ ਉਨ੍ਹਾਂ ਪਿੰਗਲੇ ਪਿਆਰੇ ਬੱਚੇ ਨੂੰ ਸਨਮੁੱਖ ਰੱਖਦਿਆਂ ਪਿੰਗਲਵਾੜਾ (ਬਹੁ-ਮੰਤਵੀ ਭਲਾਈ ਕੇਂਦਰ) ਰੱਖ ਕੇ ਇਕ ਵੱਖਰੀ ਪਹਿਚਾਣ ਬਣਾਈ ।

ਇਹ ਸਰਕਾਰ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਕਿ ਜਿਹੜਾ ਮਰਜ਼ੀ ਸੇਵਾ ਦੇ ਕਾਰਜ ਵਿਚ ਪ੍ਰਸਿੱਧੀ ਹਾਸਲ ਕਰ ਚੁੱਕੇ ਨਾਉਂ ਦੇ ਨਾਲ ਰਲਦਾ-ਮਿਲਦਾ ਨਾਉਂ ਰੱਖ ਕੇ ਲੋਕਾਂ ਨੂੰ ਪਿੰਗਲਵਾੜੇ ਦਾ ਭੁਲੇਖਾ ਪਾ



ਕੇ ਧੋਖਾ ਦੇਵੇ ਜਾਂ ਉਗਰਾਹੀ ਕਰਕੇ ਲੁੱਟਦਾ ਫਿਰੇ, ਬਲਕਿ ਜਿਵੇਂ ਅੱਖਾਂ ਦਾ ਕੈਂਪ ਲਗਾਉਣ ਤੋਂ ਪਹਿਲਾਂ ਸਰਕਾਰ ਵੱਲੋਂ ਨਿਰਧਾਰਤ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਇਸੇ ਤਰ੍ਹਾਂ ਵੇਖਿਆ ਜਾਣਾ ਚਾਹੀਦਾ ਹੈ ਕਿ ਜਿਹੜਾ ਕੋਈ ਨਵਾਂ ਆਸ਼ਰਮ ਖੋਲ੍ਹ ਰਿਹਾ ਹੈ ਕੀ ਇਸ ਦੇ ਨਾਮ ਦਾ ਪਹਿਲਾਂ ਆਸ਼ਰਮ ਮੌਜੂਦ ਹੈ ਤੇ ਕੀ ਇਸ ਦੀ ਲੋੜ ਹੈ ?

ਭਗਤ ਪੂਰਨ ਸਿੰਘ ਨੇ ਇਸ ਕਿਤਾਬਚੇ ਵਿਚ ਕੁਝ ਸੰਸਥਾਵਾਂ—ਪਿੰਗਲਾ-ਘਰ ਜਲੰਧਰ, ਪਿੰਗਲਾ-ਆਸ਼ਰਮ ਪਟਿਆਲਾ ਤੇ ਅਪਾਹਿਜ-ਆਸ਼ਰਮ ਲੁਧਿਆਣਾ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਕਿਵੇਂ ਉਨ੍ਹਾਂ ਵੱਲੋਂ ਸਰਕਾਰ ਨੂੰ ਸਮੇਂ-ਸਮੇਂ ਦੱਸਣ ਦੇ ਬਾਵਜੂਦ ਵੀ ਇਹ ਨਾਉਂ ਨਹੀਂ ਬਦਲੇ ਗਏ ਜਦੋਂ ਕਿ ਪਿੰਗਲਾ-ਘਰ ਦਾ ਨਾਉਂ ਅਸਲ ਵਿਚ ਰਜਿਸਟਰਾਰ ਸੋਸਾਇਟੀ ਦੇ ਰਿਕਾਰਡ ਮੁਤਾਬਕ 'ਅਨਾਥ ਸੇਵਾ ਸੋਸਾਇਟੀ (ਰਜਿ.)' ਹੈ, ਨਾ ਕਿ 'ਪਿੰਗਲਾ-ਘਰ' । ਦੇਸ ਵਿਚ ਭਾਵੇਂ ਹੋਰ ਵੀ ਕਈ ਸੰਸਥਾਵਾਂ ਹਨ ਪਰ ਪਿੰਗਲਵਾੜਾ ਦਾਨ ਦੇ ਸਿਰ 'ਤੇ ਚੱਲਣ ਕਰਕੇ ਦੇਸ਼ ਵਿਚ ਨਵੇਕਲੀ ਹੈਸੀਅਤ ਰੱਖਦਾ ਹੈ ਜਿਸ ਦਾ ਸਾਲਾਨਾ ਬਜਟ ਲਗਭਗ ੧੨ ਕਰੋੜ ਤਕ ਪੁੱਜ ਚੁੱਕਾ ਹੈ । ਇਹ ਸੇਵਾ ਦਾ ਕਾਰਜ ਭਗਤ ਜੀ ਵੱਲੋਂ ਦਾਨ ਮੰਗ ਮੰਗ ਕੇ ਇੱਥੋਂ ਤਕ ਪੁੱਜਿਆ ਹੈ, ਭਾਵੇਂ ਇਸ ਸੇਵਾ ਦਾ ਕਾਰਜ-ਖੇਤਰ ਗੁਰਦੁਆਰਾ ਡੇਹਰਾ ਸਾਹਿਬ (ਲਾਹੌਰ), ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿਚ ਰਫ਼ਿਊਜੀ ਕੈਂਪ, ਚੀਫ ਖ਼ਾਲਸਾ ਦੀਵਾਨ ਦੇ ਬਾਹਰ, ਸਟੇਸ਼ਨ ਦਾ ਫੁੱਟਪਾਥ, ਗੁਰੂ ਤੇਗ ਬਹਾਦਰ ਹਸਪਤਾਲ ਦੇ ਬਾਹਰ ਇਕ ਬੋਹੜ ਥੱਲੇ, ਸਿਵਲ ਸਰਜਨ ਦਫ਼ਤਰ ਦੇ ਨਾਲ ਲੱਗਦੀ ਨਿਕਾਸੀ ਕੋਠੀ ਜਾਂ ਫਿਰ ਇੰਦਰਾ ਪੈਲੇਸ ਸਿਨੇਮਾ, ਰਾਮ ਤਲਾਈ ਤੇ ਹੁਣ ਮੌਜੂਦਾ ਤਹਿਸੀਲਪੁਰਾ ਬਿਲਡਿੰਗ ਰਿਹਾ ਹੈ; ਪਰ ਇਸ ਕਾਮਯਾਬੀ ਦਾ ਸਿਹਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਦੇਸ-ਪ੍ਰਦੇਸ ਦੀਆਂ ਸੰਗਤਾਂ ਦੇ ਸਿਰ ਜਿੰਨਾ ਭਗਤ ਜੀ ਬੰਨ੍ਹਦੇ ਸਨ, ਓਨਾ ਦੇਸ਼ ਦੀਆਂ ਸਰਕਾਰਾਂ ਦੇ ਸਿਰ 'ਤੇ ਨਹੀਂ । ਭਗਤ ਜੀ ਆਸ਼ਰਮ ਵਿਚ ਬਿਨਾਂ ਕਿਸੇ ਭੇਦ-ਭਾਵ, ਜਾਤ, ਫਿਰਕੇ, ਮਜ਼ਹਬ ਤੇ ਰੰਗ ਨੂੰ ਸਨਮੁਖ ਰੱਖਦਿਆਂ ਸਾਰੀ ਉਮਰ ਸਾਂਝੀਵਾਲਤਾ ਦੇ ਉਦੇਸ਼ ਨੂੰ ਆਪਣਾ ਮੰਨਦਿਆਂ ਮਰੀਜ਼ਾਂ ਦੀ ਸੇਵਾ-ਸੰਭਾਲ ਆਪਣੇ ਹੱਥੀਂ ਕਰਦੇ ਰਹੇ ਜਦੋਂ ਕਿ ਦੇਸ਼ ਵਿਚ ਸਮਾਜੀ ਖੇਤਰ ਵਿਚ ਪ੍ਰਸਿੱਧੀ ਹਾਸਲ ਕਰਨ ਵਾਲੀਆਂ ਕਈ ਸ਼ਖ਼ਸੀਅਤਾਂ ਮਦਰ ਟੈਰੇਸਾ, ਬਾਬਾ ਆਮਟੇ ਨੂੰ ਮੇਰੇ ਵੱਲੋਂ ਪਿੰਗਲਵਾੜੇ 'ਮਰੀਜ਼ਾਂ' ਨੂੰ ਵੇਖਣ ਸੰਬੰਧੀ ਬੇਨਤੀ ਕਰਨ ਉਪਰੰਤ ਵੀ ਨਹੀਂ ਆਈਆਂ ।

ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਵੱਲੋਂ ਜਿੱਥੇ ਇਸ ਟਰੈਕਟ

ਵਿਚ ਪਿੰਗਲਵਾੜਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀਆਂ ਮੋਹਣ ਸਿੰਘ, ਜਸਵੰਤ ਸਿੰਘ ਤੇ ਹੋਰ ਕਈ ਸਮਾਜੀ ਸੰਸਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਉੱਥੇ ਧਰਮ ਦੀ ਮਹੱਤਤਾ ਸੰਬੰਧੀ ਕਈ ਉਸਾਰੂ ਕਹਾਣੀਆਂ, ਪ੍ਰਿੰਸੀਪਲ ਤੇਜਾ ਸਿੰਘ ਦੀ ਨਜ਼ਰ ਵਿਚ ਭਗਤ ਪੂਰਨ ਸਿੰਘ ਦਾ ਕਾਰਜ ਸੋਸਾਇਟੀਆਂ ਦੀ ਰਜਿਸਟਰੇਸ਼ਨ ਸੰਬੰਧੀ ਕਾਨੂੰਨ; ਸੰਸਥਾ ਵੱਲੋਂ ਪ੍ਰਚਾਰ ਹਿੱਤ ਵੰਡੇ ਜਾਂਦੇ ਗਿਆਨ ਭਰਪੂਰ ਇਸ਼ਤਿਹਾਰ, ਕਿਤਾਬਚੇ, ਲੋਕ-ਤੰਤਰ ਵਿਚ ਧਰਮ ਦੀ ਮਹੱਤਤਾ ਤੇ ਨਾਗਰਿਕਤਾ ਦੇ ਅਧਿਕਾਰ ਕਰਤੱਵਾਂ ਨੂੰ ਵੀ ਛੋਹਿਆ ਗਿਆ ਹੈ ।

ਇਸ ਕਿਤਾਬਚੇ ਨੂੰ ਭਗਤ ਜੀ ਵੱਲੋਂ ਸੰਨ ੧੯੮੨ ਤੋਂ ੧੯੯੨ ਤਕ ਹੋਰਨਾਂ ਕਿਤਾਬਾਂ ਦੇ ਨਾਲ-ਨਾਲ ਲਿਖਿਆ ਜਾ ਰਿਹਾ ਸੀ । ਇਸ ਕਰਕੇ ਇਸ ਵਿਚ ਰੋਜ਼ਾਨਾ ਖ਼ਰਚਿਆਂ ਤੇ ਮਰੀਜ਼ਾਂ ਦੀ ਗਿਣਤੀ ਦਾ ਹੁਣ ਬਹੁਤ ਫ਼ਰਕ ਹੈ । ਭਗਤ ਜੀ ਸਾਡੇ ਦਰਮਿਆਨ ਹੁਣ ਨਹੀਂ ਹਨ ਪਰ ਉਨ੍ਹਾਂ ਦਾ ਆਦਰਸ਼ਕ ਉਸਾਰੂ ਜੀਵਨ ਸਾਨੂੰ ਕੁਝ ਕਹਿੰਦਾ, ਕੁਝ ਕਰਨ ਲਈ ਪ੍ਰੇਰਦਾ ਤੇ ਸੇਵਾ ਦੇ ਕਾਰਜ ਲਈ ਆਪਣਾ ਆਪ ਵਾਰਨ ਲਈ ਦਰਸਾਉਂਦਾ ਹੈ ।

ਭਗਤ ਜੀ ਦੀ ਰਚਨਾਤਮਕ ਪ੍ਰੇਰਣਾ, ਮਾਰਗ ਦਰਸ਼ਨ, ਮਨੁੱਖੀ ਭਲਾਈ ਕਾਰਜਾਂ ਨੂੰ ਹੋਰ ਵੀ ਅਗੇਰੇ ਲਿਜਾਣ ਵਿਚ ਉਤਰਧਿਕਾਰੀ ਡਾ. ਇੰਦਰਜੀਤ ਕੌਰ ਨੇ ਸੰਗਤਾਂ ਦੇ ਸਹਿਯੋਗ ਨਾਲ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਜਿਸ ਤਰ੍ਹਾਂ ਇਸ ਸੇਵਾ ਦੇ ਕਾਰਜ ਨੂੰ ਦਰਸਾਇਆ ਹੈ ਨਿਰਸੰਦੇਹ ਇਸ ਨਾਲ ਸਿੱਖ ਇਤਿਹਾਸ ਵਿਚ ਇਕ ਹੋਰ ਮੀਲ-ਪੱਥਰ ਉਜਾਗਰ ਹੋਇਆ ਹੈ । ਅੱਜ ਸੰਸਥਾ ਦਾ ਲੋਕ ਭਲਾਈ ਕਾਰਜ ਬਹੁ-ਮੰਤਵੀ ਬਣ ਚੁੱਕਾ ਹੈ । ਵਾਹਿਗੁਰੂ ਕਰੇ ਆਪਾਂ ਸਾਰੇ ਸੇਵਾ ਦੇ ਇਸ ਮਹਾਨ ਕਾਰਜ ਨੂੰ ਹੋਰ ਵੀ ਸਿੱਖਰਾਂ 'ਤੇ ਪਹੁੰਚਾਉਣ ਹਿੱਤ ਮਦਦਗਾਰ ਸਾਬਤ ਹੋਈਏ ।

ਸੁਰਜੀਤ ਸਿੰਘ 'ਰਾਹੀ'



**ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿਚ ਕੇਵਲ ਦੋ ਥਾਵਾਂ 'ਤੇ ਬੇਆਸਰੇ, ਅਪਾਹਿਜਾਂ ਲਈ ਸੰਸਥਾਵਾਂ ਖੁਲ੍ਹੀਆਂ ਹੋਈਆਂ ਸਨ—ਇਕ ਲਾਹੌਰ ਸ਼ਹਿਰ ਵਿਚ ਤੇ ਇਕ ਕਪੂਰਥਲਾ ਸ਼ਹਿਰ ਵਿਚ । ਇਨ੍ਹਾਂ ਦੋਹਾਂ ਸੰਸਥਾਵਾਂ ਦਾ ਖ਼ਰਚ ਜਨਤਾ ਤੋਂ ਮਿਲਣ ਵਾਲੇ ਦਾਨ ਦੇ ਸਿਰ 'ਤੇ ਨਹੀਂ ਚਲ ਰਿਹਾ ਸੀ । ਇਹ ਦੋਵੇਂ ਸੰਸਥਾਵਾਂ ਖ਼ਰਚ ਵੱਲੋਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋਈਆਂ ਸਨ । ਲਾਹੌਰ ਸ਼ਹਿਰ ਵਾਲੀ ਸੰਸਥਾ ਨੂੰ ਪੰਜਾਬ ਦੇ ਮਹਾਦਾਨੀ ਸਰ ਗੰਗਾ ਰਾਮ ਨੇ ਸਥਾਪਿਤ ਕੀਤਾ ਸੀ । ਉਸ ਨੇ ਪੰਜਾਹ ਲੱਖ ਰੁਪਏ ਦਾ ਧਰਮ ਅਰਥ ਟਰੱਸਟ ਬਣਾਇਆ ਸੀ ਜਿਸ ਦੀਆਂ ਵੱਖੋ-ਵੱਖ ਮੱਦਾਂ ਸਨ—ਇਕ ਵਿਧਵਾ ਵਿਆਹ ਦੀ ਸੀ ਤੇ ਇਕ ਅਪਾਹਿਜ ਆਸ਼ਰਮ ਦੀ ਸੀ, ਇਕ ਮੱਦ ਹਸਪਤਾਲ ਦੀ ਸੀ ਤੇ ਇਕ ਗ਼ਰੀਬ ਵਿਦਿਆਰਥੀਆਂ ਦੀ ਸਹਾਇਤਾ ਦੀ ਸੀ । ਕਪੂਰਥਲਾ ਵਾਲੀ ਸੰਸਥਾ ਨੂੰ ਮਹਾਰਾਜਾ ਕਪੂਰਥਲਾ ਨੇ ਸਥਾਪਿਤ ਕੀਤਾ ਸੀ ਤੇ ਉਸ ਦਾ ਖ਼ਰਚ ਰਿਆਸਤ ਦੇ ਸਿਰ 'ਤੇ ਚਲਦਾ ਸੀ । ਉਸ ਸੰਸਥਾ ਦਾ ਨਾਮ 'ਸੁਖਜੀਤ ਆਸ਼ਰਮ' ਸੀ । ਬੁੱਢਿਆਂ ਅਤੇ ਕਮਜ਼ੋਰ ਬੰਦਿਆਂ ਦੀ ਸੇਵਾ-ਸੰਭਾਲ ਕਰਨ ਵਾਲੀ ਸੰਸਥਾ ਲਈ ਅਪਾਹਿਜ ਆਸ਼ਰਮ ਨਾਮ ਤੋਂ ਬਿਨਾਂ ਜੇਕਰ ਹੋਰ ਕੋਈ ਨਾਮ ਮੈਂ ਸੁਣਿਆ ਹੈ ਤਾਂ ਉਹ ਬਿਰਧ ਆਸ਼ਰਮ ਹੈ । ਇਹ ਸੰਸਥਾ ਤਰਨ ਤਾਰਨ ਵਿਚ ਹੈ, ਜਿਹੜੀ ਖ਼ਰਚ ਲੈ ਕੇ ਅਪਾਹਿਜਾਂ ਨੂੰ ਦਾਖ਼ਲ ਕਰਦੀ ਹੈ । ਸੁਖਜੀਤ ਸਿੰਘ ਮਹਾਰਾਜਾ ਕਪੂਰਥਲਾ ਦਾ ਪੋਤਰਾ ਹੈ ਤੇ ਉਸ ਨੂੰ ਮਹਾਰਾਜਾ ਸਾਹਿਬ ਨੇ ਕੇਸਾਂ ਵਾਲਾ ਸਿੱਖ ਬਣਾਇਆ ਸੀ ।**

## ਅਪਾਹਜ ਆਸ਼ਰਮ ਤੇ ਬਿਰਧ ਘਰ

ਮੈਂ ਬੇਆਸਰੇ, ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦਾ ਕਾਰਜ ਲਾਹੌਰ ਸ਼ਹਿਰ ਵਿਚ ਸੰਨ ੧੯੨੪ ਤੋਂ ਲੈ ਕੇ ੧੯੪੭ ਤਕ ਵਿਅਕਤੀਗਤ ਤੌਰ 'ਤੇ ਕਰਦਾ ਰਿਹਾ ਸਾਂ । ਦੇਸ਼ ਦੀ ਵੰਡ ਤੋਂ ਪਿੱਛੋਂ ਅੰਮ੍ਰਿਤਸਰ ਸ਼ਹਿਰ ਵਿਚ ਪੁੱਜ ਕੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦੇ ਕਾਰਜ ਨੂੰ ਇਕੱਠੇ ਤੌਰ 'ਤੇ ਬੜੇ ਲੰਮੇ ਚੌੜੇ ਪੈਮਾਨੇ 'ਤੇ ਕਰਨ ਦਾ ਅਵਸਰ ਮੈਨੂੰ ਮਿਲ ਗਿਆ । ਭਾਰਤ ਦਾ ਰਾਜਸੀ ਢਾਂਚਾ ਪਰਜਾ-ਤੰਤਰ ਦਾ ਹੈ । ਸਮਾਜ-ਕਲਿਆਣ ਦੇ ਕੰਮ ਪਰਜਾ-ਤੰਤਰ ਦੇ ਰਾਜਸੀ ਢਾਂਚੇ ਦਾ ਆਧਾਰ ਹੁੰਦੇ ਹਨ । ਕਮਿਊਨਿਸਟ ਸਰਕਾਰ ਸਮਾਜ ਕਲਿਆਣ ਦੇ ਨਾਉਂ 'ਤੇ ਹੀ ਲੋਕਾਂ ਪਾਸੋਂ ਜ਼ਮੀਨ ਤੇ ਕਾਰਖ਼ਾਨੇ ਵਰਗੇ ਪੈਦਾਵਾਰ ਦੇ ਸਾਧਨ ਖੋਹਿਆ ਕਰਦੀ ਹੈ ।

# ਸੰਸਥਾਵਾਂ ਦੀ ਦਾਨ ਦੀ ਆਮਦਨ

ਕੇਂਦਰੀ ਸਮਾਜ-ਕਲਿਆਣ ਬੋਰਡ ਨੇ ਜਿਹੜੀ ਯੋਜਨਾ ਸਮਾਜ-ਕਲਿਆਣ ਲਈ ਬਣਾਈ ਹੈ ਉਸ ਵਿਚ ਉਸ ਨੇ ਰੋਗ ਦੀ ਸਮੱਸਿਆ ਨੂੰ ਸਮਾਜ-ਕਲਿਆਣ ਵਿਚ ਸ਼ਾਮਲ ਨਹੀਂ ਕੀਤਾ, ਕਿਉਂਕਿ ਰੋਗ ਦੀ ਸਮੱਸਿਆ ’ਤੇ ਖ਼ਰਚ ਬਹੁਤ ਆਉਂਦਾ ਹੈ, ਕੇਵਲ ਬੁੱਢਿਆਂ ਤੇ ਕਮਜ਼ੋਰ ਸਰੀਰਾਂ ਵਾਲਿਆਂ ਦੀ ਸੇਵਾ-ਸੰਭਾਲ ਦੇ ਕਾਰਜ ਨੂੰ ਹੀ ਉਸ ਵਿਚ ਸ਼ਾਮਿਲ ਕੀਤਾ ਹੈ। ਬੁੱਢੇ ਤੇ ਕਮਜ਼ੋਰ ਬੰਦਿਆਂ ਦੀ ਸਮੱਸਿਆ ਬਹੁਤ ਚਿੰਤਾਜਨਕ ਸਮੱਸਿਆ ਨਹੀਂ ਹੈ। ਤੁਰਨ-ਫਿਰਨ ਵਾਲਾ ਬੁੱਢਾ ਮੰਗ ਕੇ ਰੋਟੀ ਖਾ ਸਕਦਾ ਹੈ। ਪ੍ਰਸ਼ਨ ਇਹ ਹੈ ਕਿ ਜੇਕਰ ਬੁੱਢਿਆਂ ਦੀ ਸੇਵਾ-ਸੰਭਾਲ ਦੇ ਮੁਕਾਬਲੇ ਵਿਚ ਰੋਗੀਆਂ ਜਾਂ ਅਪਾਹਿਜਾਂ ਦੀ ਕੋਈ ਸ਼੍ਰੇਣੀ ਆਪਣੀ ਸੰਭਾਲ ਦੀ ਵਧੇਰੇ ਅਧਿਕਾਰੀ ਹੋਵੇ ਤਾਂ ਉਸ ਦੀ ਸੇਵਾ-ਸੰਭਾਲ ਦੇ ਕੰਮ ਨੂੰ ਪਹਿਲ ਕਿਉਂ ਨਾ ਦਿੱਤੀ ਜਾਵੇ ; ਭਾਵੇਂ ਬੁੱਢਿਆਂ ਦੀ ਸੇਵਾ-ਸੰਭਾਲ ਨੂੰ ਉੱਕਾ ਹੀ ਪਿੱਛੇ ਪਾ ਦਿੱਤਾ ਜਾਵੇ। ਇੱਥੇ ਇਹ ਗੱਲ ਦੱਸੀ ਜਾਣ ਵਾਲੀ ਹੈ ਕਿ ਬੁੱਢੇ ਹਰ ਪਿੰਡ ਤੇ ਛੋਟੇ ਤੋਂ ਛੋਟੇ ਸ਼ਹਿਰ ਵਿਚ ਸੰਭਾਲੇ ਜਾ ਸਕਦੇ ਹਨ ਪਰ ਰੋਗੀਆਂ ਦੇ ਇਲਾਜ ਲਈ ਹਸਪਤਾਲਾਂ ਦੀ ਲੋੜ ਹੁੰਦੀ ਹੈ।



# ਪਾਗਲਪਨ ਦਾ ਰੋਗ

ਇਹ ਰੋਗ ਅਜਿਹਾ ਹੈ ਜਿਸ ਦਾ ਇਲਾਜ ਕਿਸੇ ਰਿਆਸਤ ਵਿਚ ਕੇਵਲ ਇਕੋ ਹਸਪਤਾਲ ਵਿਚ ਜਾਂ ਵੱਧ ਤੋਂ ਵੱਧ ਦੋ ਹਸਪਤਾਲਾਂ ਵਿਚ ਹੁੰਦਾ ਹੋਵੇ। ਜੇਕਰ ਕਿਸੇ ਰਿਆਸਤ ਵਿਚ ਕਿਸੇ ਰੋਗ ਦਾ ਇਲਾਜ ਇਕੋ ਹਸਪਤਾਲ ਵਿਚ ਹੁੰਦਾ ਤਾਂ ਜਿਹੜੀ ਸੰਸਥਾ ਉਸ ਰੋਗ ਦੇ ਰੋਗੀਆਂ ਦੀ ਸੇਵਾ-ਸੰਭਾਲ ਕਰੇਗੀ ਉਸ ਪਾਸ ਉਸ ਰੋਗ ਦੇ ਰੋਗੀਆਂ ਦੀ ਗਿਣਤੀ ਬਹੁਤ ਵਧ ਜਾਏਗੀ। ਦਾਨ ਦੇਣ ਵਾਲੀ ਜਨਤਾ ਨੂੰ ਇਹ ਗੱਲ ਦੱਸਣ ਦੀ ਲੋੜ ਹੈ ਕਿ ਜਿਸ ਰੋਗ ਦਾ ਇਲਾਜ ਕਿਸੇ ਰਿਆਸਤ ਦੇ ਇਕ ਹਸਪਤਾਲ ਵਿਚ ਹੁੰਦਾ ਹੋਵੇ ਜਾਂ ਦੋ ਹਸਪਤਾਲਾਂ ਵਿਚ, ਉਹ ਰੋਗ ਦਿਮਾਗੀ ਰੋਗ ਹੈ। ਇਸ ਰੋਗ ਦੇ ਰੋਗੀ ਹੇਠ ਲਿਖੇ ਕਾਰਨਾਂ ਕਰਕੇ ਸਭ ਤੋਂ ਵੱਧ ਸੰਭਾਲ ਦੇ ਅਧਿਕਾਰੀ ਹੁੰਦੇ ਹਨ—

‘ਪਾਗਲਪਨ ਰੋਗ ਦੀ ਸਭ ਤੋਂ ਵੱਡੀ ਚਿੰਤਾਜਨਕ ਗੱਲ ਇਹ ਹੁੰਦੀ ਹੈ ਕਿ ਇਸ ਰੋਗ ਦੇ ਇਲਾਜ ਦੀ ਮਿਆਦ ਕੇਵਲ ਤਿੰਨ ਸਾਲ ਹੁੰਦੀ ਹੈ। ਜੇਕਰ ਰੋਗ ਲੱਗਣ ਦੇ ਸਮੇਂ ਤੋਂ ਲੈ ਕੇ ਤਿੰਨ ਸਾਲ ਦੇ ਅੰਦਰ ਰੋਗੀ ਦਾ ਇਲਾਜ ਨਾ ਕਰਾਇਆ ਜਾਵੇ ਤਾਂ ਰੋਗ ਬੇਇਲਾਜਾ ਹੋ ਜਾਂਦਾ ਹੈ। ਇਸ ਰੋਗ ਦੇ ਲੱਗਣ ਦੇ ਪਹਿਲੇ ਸਾਲ ਵਿਚ ਇਸ ਰੋਗ ਦੇ ਇਲਾਜ ਦੀ ਸੰਭਾਵਨਾ ੭੦ ਤੋਂ ੮੦ ਪ੍ਰਤੀਸ਼ਤ ਤਕ ਹੁੰਦੀ ਹੈ। ਦੂਜੇ ਸਾਲ ਵਿਚ ਇਸ ਦੀ ਸੰਭਾਵਨਾ ੩੦ ਤੋਂ ੪੦ ਪ੍ਰਤੀਸ਼ਤ ਰਹਿ ਜਾਂਦੀ ਹੈ, ਤੀਜੇ ਸਾਲ ਵਿਚ ਇਹ ਸੰਭਾਵਨਾ ਘਟ ਕੇ ੧੦ ਤੋਂ ੨੦ ਪ੍ਰਤੀਸ਼ਤ ਰਹਿ ਜਾਂਦੀ ਹੈ। ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਰੋਗ ਦੇ ਲੱਗਣ ਦੇ ਸਮੇਂ ਦੇ ਤਿੰਨ ਸਾਲ ਦੇ ਅੰਦਰ-ਅੰਦਰ ਇਸ ਦਾ ਇਲਾਜ ਕਰਵਾ ਲਿਆ ਜਾਵੇ ਤਾਂ ਜੋ ਰੋਗੀ ਦਾ ਰੋਗ ਬੇਇਲਾਜਾ ਨਾ ਹੋ ਜਾਵੇ।’

ਪਾਗਲ ਨੌਜਵਾਨ ਇਸਤਰੀ ਘਰੋਂ ਨਿਕਲ ਜਾਂਦੀ ਹੈ ਤੇ ਬਾਹਰ ਆਵਾਰਾ ਫਿਰਦੀ ਹੋਈ ਨੂੰ ਉਸ ਨੂੰ ਹਮਲ ਹੋ ਸਕਦਾ ਹੈ। ਉਸ ਨੂੰ ਆਵਾਰਾ ਫਿਰਦੀ ਨੂੰ ਦੁਸ਼ਟਾਂ ਪਾਸੋਂ ਆਤਸ਼ਿਕ ਤੇ ਸੁਜ਼ਾਕ ਜੈਸੇ ਭਿਆਨਕ ਗੁਪਤ ਰੋਗ ਵੀ ਲੱਗ ਜਾਂਦੇ ਹਨ ਜਿਹੜੇ ਉਸ ਤੋਂ ਅਗਾਂਹ ਦੀ ਅਗਾਂਹ ਲੋਕਾਂ ਵਿਚ ਫੈਲਦੇ ਹਨ। ਇਕ ਵਕਤ ਉਸ ਨਾਲ ਕਈ ਬੰਦੇ ਆਪਣੀ ਜਿਨਸੀ ਭੁੱਖ ਮਿਟਾ ਕੇ ਉਸ ਨਾਲ ਕਹਿਰ ਕਮਾ ਸਕਦੇ ਹਨ। ਪਾਗਲ ਖੂਹਾਂ ਵਿਚ ਛਾਲਾਂ ਮਾਰਦੇ ਹਨ, ਰੇਲ ਗੱਡੀਆਂ ਹੇਠਾਂ ਆ ਕੇ ਮਰਦੇ ਹਨ। ਪਾਗਲ ਔਰਤਾਂ ਨੂੰ ਬੱਚੇ ਪੈਦਾ ਹੁੰਦੇ ਰਹਿੰਦੇ ਹਨ। ਗਰਭਵਤੀ ਇਸਤਰੀਆਂ ਤੇ ਦੁੱਧ ਚੁੰਘਦੇ ਬੱਚਿਆਂ ਵਾਲੀਆਂ ਇਸਤਰੀਆਂ ਘਰਾਂ ਵਿਚੋਂ ਨਿਕਲ ਜਾਂਦੀਆਂ ਹਨ। ਪਿੰਡਾਂ ’ਚ ਪਾਗਲ ਬੰਦੇ ਅਨਾਜਾਂ ਦੇ ਖਲਵਾੜਿਆਂ ਨੂੰ ਅੱਗਾਂ ਲਾ ਦਿੰਦੇ ਹਨ, ਘਰ ਵਾਲਿਆਂ ਨੂੰ ਮਾਰ ਕੁਟਾਈ ਕਰਦੇ ਹਨ। ਉਹ ਰੌਲਾ ਪਾਉਂਦੇ ਹਨ, ਨਾ ਘਰ

ਵਾਲਿਆਂ ਨੂੰ ਸੌਣ ਦਿੰਦੇ ਹਨ ਤੇ ਨਾ ਗੁਆਂਢੀਆਂ ਨੂੰ ਸੌਣ ਦਿੰਦੇ ਹਨ । ਉਹ ਘਰਾਂ ਦੇ ਭਾਂਡੇ ਭੰਨਦੇ ਹਨ, ਘਰਦਿਆਂ ਨੂੰ ਤੇ ਖਾਸ ਤੌਰ 'ਤੇ ਛੋਟੇ ਬੱਚਿਆਂ ਨੂੰ ਕੁੱਟਦੇ ਹਨ । ਘਰ ਵਾਲਿਆਂ ਦਾ ਤੇ ਗਵਾਂਢੀਆਂ ਦਾ ਜਿਊਣਾ ਦੁੱਭਰ ਕਰ ਦਿੰਦੇ ਹਨ ।

ਉੱਪਰ ਮੈਂ ਦੱਸਿਆ ਹੈ ਕਿ ਭਾਰਤ ਦੀਆਂ ੩੫ ਸਮਾਜ ਕਲਿਆਣ ਦੀਆਂ ਸੰਸਥਾਵਾਂ ਵਿਚੋਂ ੩੪ ਸੰਸਥਾਵਾਂ ਦੀ ਦਾਨ ਦੀ ਆਮਦਨ ਪੰਜਾਹ ਹਜ਼ਾਰ ਰੁਪਏ ਸਾਲ ਤੋਂ ਵੱਧ ਨਹੀਂ ਹੈ ਤੇ ਕੇਵਲ ਇਕ ਸੰਸਥਾ ਦੀ ਆਮਦਨ ਇਕ ਲੱਖ ਰੁਪਏ ਤੋਂ ਵੱਧ ਹੈ । (ਇਹ ਆਮਦਨ ਦੇ ਅੰਕੜੇ ਸੰਨ ੧੯੮੪ ਮੁਤਾਬਕ ਹੈ )

## ਪਿੰਗਲਵਾੜਾ ਦੇਸ਼ ਦੀ ਸਰਹੱਦ ਉੱਤੇ

ਪਿੰਗਲਵਾੜੇ ਬਾਰੇ ਸੋਚਣ ਲੱਗਿਆਂ ਸਾਨੂੰ ਇਹ ਗੱਲ ਆਪਣੇ ਧਿਆਨ ਵਿਚ ਰੱਖਣੀ ਪਵੇਗੀ ਕਿ ਪਿੰਗਲਵਾੜਾ ਦੇਸ਼ ਦੀ ਸਰਹੱਦ ਉੱਤੇ ਹੈ । ਇਕ ਪਾਸੇ ਤਾਂ ਪਾਕਿਸਤਾਨ ਹੈ ਜਿਸ ਪਾਸੇ ਰੁਪਏ ਵਿਚੋਂ ਪੰਜਾਹ ਪੈਸੇ ਤਾਂ ਸਾਡੇ ਲਈ ਖ਼ਾਲੀ ਇਲਾਕਾ ਹੈ । ਇਕ ਪਾਸੇ ਦਾ ਅੱਧਾ ਇਲਾਕਾ ਖ਼ਾਲੀ ਹੋ ਗਿਆ ਹੈ ਜਿਸ ਤੋਂ ਸਾਨੂੰ ਕੁਝ ਨਹੀਂ ਮਿਲਦਾ । ਸਾਡੇ ਲਾਗੇ ਕੇਵਲ ਇਕ ਸ਼ਹਿਰ ਜਲੰਧਰ ਹੈ ਜੋ ੪੫ ਮੀਲ 'ਤੇ ਹੈ, ਸੋ ਦੇਸ਼ ਦੀ ਸਰਹੱਦ 'ਤੇ ਪਿੰਗਲਵਾੜਾ ਚਲਦਾ ਹੋਣ ਦੇ ਕਾਰਨ ਪਿੰਗਲਵਾੜੇ ਦੀ ਉਗਰਾਹੀ ਦਾ ਖੇਤਰ ਉਨ੍ਹਾਂ ਸੰਸਥਾਵਾਂ ਦੇ ਮੁਕਾਬਲੇ ਵਿਚ ਬਹੁਤ ਛੋਟਾ ਹੈ ਜਿਹੜੀਆਂ ਕਾਨਪੁਰ, ਦਿੱਲੀ, ਪਟਿਆਲਾ, ਜਲੰਧਰ ਆਦਿ ਸ਼ਹਿਰਾਂ ਵਿਚ ਚਲਦੀਆਂ ਹਨ । ਜੇਕਰ ਦੇਸ਼ ਦੀਆਂ ੩੫ ਸੰਸਥਾਵਾਂ ਵਿਚੋਂ ਕਿਸੇ ਸੰਸਥਾ ਦੀ ਆਮਦਨ ਚਾਰ ਲੱਖ ਰੁਪਏ ਦੀ ਮੰਨ ਲਈ ਜਾਵੇ ਤਾਂ ਵੀ ਪਿੰਗਲਵਾੜੇ ਦਾ ਜੋ ਖ਼ਰਚ ਹੈ ਉਹ ਅੱਖਾਂ ਖੋਹਲਣ ਵਾਲਾ ਹੈ ਤੇ ਚਾਰ ਲੱਖ ਰੁਪਏ ਵਾਲੀ ਸੰਸਥਾ ਨੂੰ ਸਨਮੁੱਖ ਰੱਖਦਿਆਂ ਹੋਇਆਂ ਇਹ ਗੱਲ ਮੰਨਣ ਯੋਗ ਹੈ ਕਿ ਜੇਕਰ ਪਾਗਲ ਨੌਜਵਾਨ ਕੁੜੀਆਂ ਤੇ ਪਾਗਲ ਇਸਤਰੀਆਂ ਦੀ ਗਿਣਤੀ ਇੰਨੀ ਵਧ ਜਾਵੇ ਕਿ ਉਸ ਉੱਤੇ ਛੱਤੀ ਲੱਖ ਰੁਪਏ ਸਾਲ ਦਾ ਖ਼ਰਚ ਹੁੰਦਾ ਹੋਵੇ ਤਾਂ ਜੇਕਰ ਪਿੰਗਲਵਾੜਾ ਕੇਵਲ ਪਾਗਲ ਕੁੜੀਆਂ ਤੇ ਪਾਗਲ ਇਸਤਰੀਆਂ ਨੂੰ ਦਾਖ਼ਲ ਕਰਦਾ ਰਹੇ ਤੇ ਬੁੱਢਿਆਂ ਨੂੰ ਦਾਖ਼ਲ ਨਾ ਕਰੇ ਤਾਂ ਇਹ ਗੱਲ ਗ਼ਲਤ ਨਹੀਂ ਹੋਵੇਗੀ ।

## ਪਿੰਗਲਵਾੜੇ ਦਾ ਨਾਮ ਰਾਖਵਾਂ ਨਾਮ ਰੱਖਿਆ ਜਾਵੇ

ਭਾਰਤ ਦੀਆਂ ੩੫ ਸੰਸਥਾਵਾਂ ਵਿਚੋਂ ੩੪ ਸੰਸਥਾਵਾਂ ਦੀ ਆਮਦਨ ਸਾਢੇ ਚਾਰ ਹਜ਼ਾਰ ਰੁਪਏ ਮਹੀਨਾ ਤੋਂ ਘੱਟ ਹੈ। ਜਿਹੜੀ ਪਿੰਗਲਵਾੜਾ ਸੰਸਥਾ ਪਾਗਲ ਕੁੜੀਆਂ, ਪਾਗਲ ਨੌਜਵਾਨ ਇਸਤਰੀਆਂ, ਛੋਟੀ ਉਮਰ ਦੇ ਪਾਗਲ



ਮੁੰਡਿਆਂ ਤੇ ਲੂਲ੍ਹੇ ਬੱਚਿਆਂ ਦੀ ਸੇਵਾ-ਸੰਭਾਲ ਕਰਦੀ ਹੈ ਜਿਨ੍ਹਾਂ ਦੇ ਰੋਗ ਦਾ ਇਲਾਜ ਉਸ ਦੇ ਆਪਣੇ ਇਕੋ ਇਕ ਸ਼ਹਿਰ ਅੰਮ੍ਰਿਤਸਰ ਵਿਚ ਹੁੰਦਾ ਹੈ ਜਿੱਥੇ ਇਹ ਸੰਸਥਾ ਚਲਦੀ ਹੈ । ਇਸ ਸੰਸਥਾ ਦੀ ਰੱਖਿਆ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਕੋਈ ਬੰਦਾ ਪੰਜਾਬ ਵਿਚ ਦੋ ਚਾਰ ਬੁੱਢਿਆਂ ਦੇ ਮੰਜੇ ਸੜਕ 'ਤੇ ਰੱਖ ਕੇ ਉਸ ਦੇ ਨਾਮ ਦਾ ਭੁਲੇਖਾ ਦੇ ਕੇ ਲੋਕਾਂ ਤੋਂ ਉਸ ਦੇ ਮੁਕਾਬਲੇ 'ਤੇ ਆ ਕੇ ਦਾਨ ਇਕੱਠਾ ਨਾ ਕਰਨ ਲੱਗ ਪਵੇ । ਇਸ ਸੰਸਥਾ ਦੀ ਰੱਖਿਆ ਲਈ ਸਭ ਤੋਂ ਪਹਿਲੀ ਲੋੜ ਇਹ ਹੈ ਕਿ ਕੋਈ ਹੋਰ ਸੰਸਥਾ ਇਸ ਸੰਸਥਾ ਦੇ ਨਾਮ ਨੂੰ ਨਾ ਵਰਤ ਸਕੇ । ਸੇਵਾ ਦੇ ਕਾਰਜਾਂ ਨੂੰ ਉਹ ਬੰਦੇ ਵੀ ਕਰਦੇ ਆਏ ਹਨ ਜਿਹੜੇ ਇਨ੍ਹਾਂ ਕਾਰਜਾਂ ਲਈ ਜੀਵਨ ਅਰਪਣ ਕਰਿਆ ਕਰਦੇ ਹਨ ਤੇ ਅਨੇਕਾਂ ਬੰਦੇ ਇਨ੍ਹਾਂ ਨੂੰ ਪੈਸੇ ਦੇ ਲਾਲਚ ਜਾਂ ਆਪਣੀ ਵਡਿਆਈ ਲਈ ਵੀ ਕਰਿਆ ਕਰਦੇ ਹਨ । ਲੋਕੀਂ ਵਿਧਾਨ ਸਭਾ ਦੇ ਮੈਂਬਰ ਬਣਦੇ ਹਨ, ਲੋਕ ਸਭਾ ਦੇ ਮੈਂਬਰ ਬਣਦੇ ਹਨ, ਮਿਊਨਿਸਿਪਲ ਕਮੇਟੀਆਂ ਦੇ ਮੈਂਬਰ ਬਣਦੇ ਹਨ, ਉਨ੍ਹਾਂ ਨੂੰ ਲੋੜ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਸਮਾਜ ਸੇਵਕ ਸੰਸਥਾ ਦੇ ਮੈਂਬਰ ਪ੍ਰਗਟ ਕਰ ਸਕਣ । ਵਿਧਾਨ ਪ੍ਰੀਸ਼ਦ ਵਿਚ ਸੇਵਾ ਦੇ ਨਾਮ 'ਤੇ ਮੈਂਬਰਾਂ ਦੀ ਨਾਮਜ਼ਦਗੀ ਹੋ ਜਾਂਦੀ ਹੈ । ਇਸ ਕੰਮ ਦੀ ਠੱਗੀ-ਠੋਰੀ ਲੋਕ ਵਰਤਦੇ ਹਨ ।

## ਪਿੰਗਲਵਾੜਾ ਨਾਮ ਕਿਸ ਤਰ੍ਹਾਂ ਘੜਿਆ ਗਿਆ

ਹੁਣ ਮੈਂ ਪਹਿਲਾਂ ਸੰਸਥਾ ਦੇ ਨਾਮ ਦੀ ਗੱਲ ਲਿਖਦਾ ਹਾਂ । ਦੇਸ਼ ਦੀਆਂ ਸਮਾਜ ਸੇਵਾ ਦੀਆਂ ੩੫ ਸੰਸਥਾਵਾਂ ਵਿਚੋਂ ੩੪ ਸੰਸਥਾਵਾਂ ਦੀ ਸਾਲਾਨਾ ਆਮਦਨ ਸਾਢੇ ਚਾਰ ਹਜ਼ਾਰ ਰੁਪਏ ਮਹੀਨਾ ਤੋਂ ਘੱਟ ਹੈ । ਪਿੰਗਲਵਾੜੇ ਦਾ ਇਕ ਦਿਨ ਦਾ ਖ਼ਰਚ ੧੨੦੦੦/- ਰੁਪਏ ਦੇ ਕਰੀਬ ਹੈ । ਫਿਰ ਜੇਕਰ ਪਿੰਗਲਵਾੜਾ ਜਨਤਾ ਤੋਂ ਇਹ ਮੰਗ ਕਰੇ ਕਿ ਪਿੰਗਲਵਾੜਾ ਸੰਸਥਾ ਆਪਣਾ ਨਾਮ ਪਿੰਗਲਵਾੜਾ ਰਾਖਵਾਂ ਰੱਖਣ ਦੀ ਅਧਿਕਾਰੀ ਹੈ ਤਾਂ ਇਹ ਮੰਗ ਅਯੋਗ ਮੰਗ ਨਹੀਂ ਹੋਵੇਗੀ । ਮੈਂ ਦੱਸਿਆ ਹੈ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿਚ ਦੋ ਆਸ਼ਰਮ ਬੁੱਢਿਆਂ ਦੇ ਬਣੇ ਸਨ । ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਦਾਨ ਦੇ ਸਿਰ 'ਤੇ ਨਹੀਂ ਚਲਦਾ ਸੀ । ਇਕ ਦਾ ਖ਼ਰਚ ਜਮ੍ਹਾਂ ਰਕਮ ਦੇ ਵਿਆਜ ਦੇ ਸਿਰ ਤੋਂ ਚਲਦਾ ਸੀ ਤੇ ਦੂਜੇ ਦਾ ਸਰਕਾਰੀ ਖ਼ਜ਼ਾਨੇ ਦੇ ਸਿਰ 'ਤੇ ਚਲਦਾ ਸੀ । ਸਰਕਾਰ ਜਿਹੜੀ ਆਪਣੀ ਰਾਜਸੀ ਸੱਤਾ ਨਾਲ ਜਨਤਾ ਤੋਂ ਟੈਕਸ ਲੈਂਦੀ ਹੈ ਉਹ ਨੌਜਵਾਨ ਪਾਗਲ ਕੁੜੀਆਂ, ਨੌਜਵਾਨ ਪਾਗਲ ਇਸਤਰੀਆਂ ਦੀ ਸੇਵਾ-ਸੰਭਾਲ ਤੋਂ ਅਸਮਰਥ ਹੈ । ਫਿਰ ਸੋਚਣਾ ਪਵੇਗਾ ਕਿ ਜਿਸ ਸੰਸਥਾ ਨੇ ੧੨੦੦੦/- ਰੁਪਏ ਰੋਜ਼ ਦਾ ਦਾਨ ਮੰਗ ਕੇ ਖ਼ਰਚ ਪੂਰਾ

ਕਰਨਾ ਹੈ, ਕੀ ਉਸਦਾ ਨਾਮ ਰਾਖਵਾਂ ਨਹੀਂ ਹੋਣਾ ਚਾਹੀਦਾ ? ਮੈਂ ਪਿੰਡ ਵਿਚ ਜੰਮਿਆ-ਪਲਿਆ ਹਾਂ । ਪਿੰਡਾਂ ਵਿਚ ਬੱਕਰੀਆਂ-ਭੇਡਾਂ ਦੇ ਵਾੜੇ ਹੁੰਦੇ ਹਨ । ਇਸ ਲਈ, ਮੈਨੂੰ ਵਾੜਾ ਸ਼ਬਦ ਸੁਝ ਗਿਆ । ਲੂਲ੍ਹੇ ਦਾ ਖ਼ਿਆਲ ਵੀ ਮੇਰੇ ਮਨ ਵਿਚ ਸੰਸਥਾ ਦਾ ਨਾਮ ਰੱਖਣ ਵੇਲੇ ਆ ਗਿਆ । ਲੂਲ੍ਹੇ ਸ਼ਬਦ ਦੀ ਥਾਂ ਮੈਂ ਪਿੰਗਲ ਸ਼ਬਦ ਵਰਤਿਆ, ਇਸ ਤਰ੍ਹਾਂ ਪਿੰਗਲਵਾੜਾ ਸ਼ਬਦ ਬਣਿਆ ।

ਮੈਨੂੰ ਪਤਾ ਸੀ ਕਿ ਲਾਹੌਰ ਸ਼ਹਿਰ ਵਿਚ ਅਪਾਹਜ ਆਸ਼ਰਮ ਚਲਦਾ ਪਿਆ ਸੀ ਤੇ ਨਵੀਂ ਸੰਸਥਾ ਖੋਲ੍ਹਣ ਵਾਲਿਆਂ ਲਈ ਉਸ ਦਾ ਘੜਿਆ ਘੜਾਇਆ ਨਾਮ ਮੌਜੂਦ ਸੀ । ਅੰਮ੍ਰਿਤਸਰ ਸ਼ਹਿਰ ਵਿਚ ਮੈਂ ਦੇਸ਼ ਦੀ ਵੰਡ ਤੋਂ ਪਿੱਛੋਂ ਆਪਣਾ ਪਿੰਗਲਵਾੜੇ ਦਾ ਡੇਢ ਸਾਲ ਦਾ ਸਮਾਂ ਸੜਕਾਂ ਦੇ ਕੰਢਿਆਂ ’ਤੇ ਬਤੀਤ ਕੀਤਾ । ਜਿੰਨਾ ਪਿੰਗਲਵਾੜੇ ਦਾ ਕੰਮ ਵਧਿਆ ਹੈ ਮੈਨੂੰ ਇਸ ਦੀ ਆਸ ਨਹੀਂ ਸੀ । ਫਿਰ ਮੈਂ ਆਪਣੇ ਆਸ਼ਰਮ ਲਈ ਅਪਾਹਿਜ ਆਸ਼ਰਮ ਨਾਮ ਕਿਉਂ ਨਾ ਵਰਤਿਆ ਤੇ ਵੱਖਰਾ ਨਾਮ ਪਿੰਗਲਵਾੜਾ ਕਿਉਂ ਘੜਿਆ ? ਇਸ ਦਾ ਕਾਰਨ ਇਹ ਸੀ ਕਿ ਮੈਂ ਆਪਣੇ ਆਸ਼ਰਮ ਵਿਚ ਕੇਵਲ ਬੁੱਢੇ ਤੇ ਕਮਜ਼ੋਰ ਬੰਦੇ ਹੀ ਨਹੀਂ ਰੱਖਦਾ ਸਾਂ ਬਲਕਿ ਕੋਹੜ ਤੋਂ ਬਿਨਾਂ ਹਰ ਰੋਗ ਦੇ ਰੋਗੀ ਰੱਖਦਾ ਸਾਂ । ਇਸ ਲਈ ਮੈਨੂੰ ਆਪਣੀ ਸੰਸਥਾ ਦਾ ਨਵਾਂ ਨਾਮ ਰੱਖਣ ਦੀ ਲੋੜ ਪਈ । ਮੈਂ ਸੋਚਿਆ ਕਿ ਕਿਹੜਾ ਨਾਮ ਰੱਖਿਆ ਜਾਵੇ ? ਮੇਰੀ ਸੰਸਥਾ ਵਿਚ ਅਪਾਹਿਜ ਵੀ ਰੱਖੇ ਜਾਂਦੇ ਹਨ ਤੇ ਰੋਗੀ ਵੀ ਰੱਖੇ ਜਾਂਦੇ ਹਨ । ਜੇ ਮੈਂ ਕੇਵਲ ਅਪਾਹਿਜਾਂ ਨੂੰ ਸੰਭਾਲਦਾ ਹੁੰਦਾ ਤਾਂ ਮੈਂ ਘੜਿਆ ਘੜਾਇਆ ਨਾਮ ਅਪਾਹਿਜ ਆਸ਼ਰਮ ਵਰਤ ਲੈਂਦਾ; ਪਰ ਮੇਰੇ ਆਸ਼ਰਮ ਵਿਚ ਰੋਗੀਆਂ ਤੇ ਅਪਾਹਿਜਾਂ ਦੀ ਗਿਣਤੀ ਵਧ ਰਹੀ ਸੀ । ਇਸ ਲਈ ਮੈਂ ਸੋਚਿਆ ਕਿ ਅਪਾਹਿਜਾਂ ਤੇ ਰੋਗੀਆਂ ਦੋਹਾਂ ਸ਼੍ਰੇਣੀਆਂ ਦੀ ਸੇਵਾ-ਸੰਭਾਲ ਨੂੰ ਪ੍ਰਗਟ ਕਰਨ ਲਈ ਮੈਂ ਕੋਈ ਨਵਾਂ ਨਾਂ ਰੱਖਾਂ । ਮੈਂ ਸੋਚਿਆ ਕਿ ਨਾਮ ਛੋਟਾ ਹੋਣਾ ਚਾਹੀਦਾ ਹੈ ਜਿਵੇਂ ਡਾਕਖ਼ਾਨਾ, ਗੁਰਦੁਆਰਾ, ਮਸਜਿਦ, ਆਦਿ । ਨਵਾਂ ਨਾਮ ਰੱਖਣ ਲਈ ਮੈਨੂੰ ਤੇ ਮੈਨੇਜਰ ਦੇਸ਼ ਰਾਜ ਨੂੰ ਤਿੰਨ-ਚਾਰ ਦਿਨ ਸੋਚਣ ਵਿਚ ਲੱਗ ਗਏ । ਪਹਿਲਾਂ ਮੈਂ ਸੋਚਿਆ ਕਿ ਇਸ ਦਾ ਅਪਾਹਿਜ ਰੋਗੀ ਆਸ਼ਰਮ ਨਾਮ ਰੱਖਾਂ, ਕਿਉਂਕਿ ਮੈਂ ਅਪਾਹਿਜ ਨਾਮ ਦੇ ਰੋਗੀ ਜ਼ਰੂਰ ਲਿਖਣਾ ਚਾਹੁੰਦਾ ਸਾਂ ਪਰ ਇਹ ਨਾਮ ਲੰਮਾ ਸੀ । ਇਸ ਲਈ ਮੈਂ ਇਸ ਦਾ ਨਵਾਂ ਨਾਮ ‘ਪਿੰਗਲਵਾੜਾ’ ਘੜ ਲਿਆ ।

ਮੈਂ ਇਸ ਸੰਸਥਾ ਦਾ ਨਾਮ ਆਪਣੇ ਨਾਮ ’ਤੇ ਵੀ ਰੱਖ ਸਕਦਾ ਸਾਂ । ਇੰਗਲੈਂਡ ਦੇਸ਼ ਵਿਚ ਡਾਕਟਰ ਬਰਨਾਰਡੋ ਨੇ ਮੇਰੇ ਵਾਂਗ ਆਪਣੀ ਚੜ੍ਹਦੀ ਜਵਾਨੀ ਦੀ ਆਰੰਭ ਦੀ ਉਮਰ ਤੋਂ ਸੜਕਾਂ ’ਤੇ ਰੁਲ ਰਹੇ ਲਾਵਾਰਸ ਮੁੰਡਿਆਂ ਲਈ ਘਰ ਸਥਾਪਤ ਕੀਤੇ ਸਨ ਜਿਨ੍ਹਾਂ ਵਿਚ ਲਾਵਾਰਸ ਬੱਚਿਆਂ ਨੂੰ



ਵਿਦਿਆ ਵੀ ਦਿੱਤੀ ਜਾਂਦੀ ਸੀ ਤੇ ਦਸਤਕਾਰੀ ਵੀ ਸਿਖਾਈ ਜਾਂਦੀ ਸੀ । ਉਸ ਦੇ ਆਸ਼ਰਮ ਇੰਗਲੈਂਡ ਵਿਚ ਅਨੇਕਾਂ ਸ਼ਹਿਰਾਂ ਵਿਚ ਫੈਲੇ ਹੋਏ ਸਨ ਤੇ ਲਗਭਗ ੧੨,੦੦੦ ਮੁੰਡੇ ਹਰ ਵੇਲੇ ਉਨ੍ਹਾਂ ਆਸ਼ਰਮਾਂ ਵਿਚ ਰਹਿੰਦੇ ਸਨ । ਉਸ ਨੇ ਆਪਣੇ ਆਸ਼ਰਮਾਂ ਦਾ ਨਾਮ ‘ਡਾਕਟਰ ਬਰਨਾਰਡੋਜ਼ ਹੋਮਜ਼’ ਅਰਥਾਤ ਡਾਕਟਰ ਬਰਨਾਰਡੋ ਦੇ ਘਰ ਰੱਖਿਆ ਸੀ । ਉਸ ਦਾ ਆਪਣਾ ਨਾਮ ਹੇਠ ਲਿਖੇ ਸ਼ਬਦਾਂ ਨਾਲ ਪ੍ਰਸਿੱਧ ਹੋਇਆ ਸੀ:

“Dr. Barnardo the foster father of nobody’s children”

## ਸੰਸਥਾਪਕਾਂ ਦੇ ਨਾਮਾਂ ਨਾਲ ਚਲਣ ਵਾਲੀਆਂ
### ਸੰਸਥਾਵਾਂ ਤੇ ਜਥੇਬੰਦੀਆਂ

ਅਰਥਾਤ ਉਨ੍ਹਾਂ ਬੱਚਿਆਂ ਦਾ ਪਾਲਕ ਪਿਤਾ ਡਾ. ਬਰਨਾਰਡੋ ਜਿਨ੍ਹਾਂ ਦਾ ਕੋਈ ਵਾਰਸ ਨਹੀਂ ਹੁੰਦਾ । ਬੰਗਾਲ ਵਿਚ ਰਾਮ ਕ੍ਰਿਸ਼ਨ ਪਰਮ ਹੰਸ ਹੋਏ ਹਨ । ਉਨ੍ਹਾਂ ਦੇ ਨਾਮ ਉੱਤੇ ‘ਰਾਮਾ ਕ੍ਰਿਸ਼ਨਾ ਪਰਮ ਹੰਸ ਮਿਸ਼ਨ’ ਸੰਸਾਰ ਭਰ ਵਿਚ ਚਲ ਰਹੇ ਹਨ । ਹਵਾਈ ਟਾਪੂ ਵਿਚ ਡੇਮੀਅਨ ਨਾਮ ਦੇ ਪਾਦਰੀ ਨੇ ਚੜ੍ਹਦੀ ਜਵਾਨੀ ਵਿਚ ਆਪਣਾ ਜੀਵਨ ਕੋਹੜਿਆਂ ਦੀ ਸੇਵਾ ਲਈ ਅਰਪਣ ਕੀਤਾ । ਕੋਹੜਿਆਂ ਦੇ ਉਸ ਟਾਪੂ ਦਾ ਨਾਮ ਡੇਮੀਅਨ ਦਾ ਟਾਪੂ ਰੱਖਿਆ ਗਿਆ । ਲਾਹੌਰ ਸ਼ਹਿਰ ਵਿਚ ਗੁਰੂ ਘਰ ਦੇ ਇਤਿਹਾਸ ਦੇ ਭਗਤ ਬਾਬਾ ਖੁਦਾ ਸਿੰਘ ਦਾ ਡੇਰਾ ਸੀ । ਅੰਮ੍ਰਿਤਸਰ ਸ਼ਹਿਰ ਵਿਚ ਬਾਬਾ ਸ਼ਾਮ ਸਿੰਘ ਦਾ ਡੇਰਾ ਹੈ । ਮੈਂ ਆਪਣੇ ਆਸ਼ਰਮ ਦਾ ਨਾਮ ਭਗਤ ਪੂਰਨ ਸਿੰਘ ਆਸ਼ਰਮ ਰੱਖ ਸਕਦਾ ਸੀ । ਦੁਨੀਆਂ ਵਿਚ ਅਨੇਕਾਂ ਸੰਸਥਾਵਾਂ ਦੇ ਨਾਵਾਂ ਨਾਲ ਉਨ੍ਹਾਂ ਦੇ ਬਾਨੀਆਂ ਦੇ ਨਾਮ ਜੁੜੇ ਹੋਏ ਹਨ । ਜੇਕਰ ਮੈਂ ਆਪਣਾ ਨਾਮ ਆਪਣੇ ਆਸ਼ਰਮ ਨਾਲ ਨਹੀਂ ਲਾਇਆ ਤਾਂ ਕੀ ਦੇਸ਼ ਦੀ ਜਨਤਾ ਹਰ ਐਰੇ-ਗੈਰੇ ਨੂੰ ਇਸ ਨਾਂ ਦੀ ਲੁਕਵੀਂ ਤੇ ਭੁਲੇਖੇ ਭਰੀ ਵਰਤੋਂ ਦੁਆਰਾ ਜਨਤਾ ਨੂੰ ਲੁੱਟਣ ਤੇ ਮੇਰੇ ਕਾਰਜ ਨੂੰ ਤਬਾਹ ਕਰਨ ਦੀ ਆਗਿਆ ਦੇਵੇਗੀ ?

# ਰੈੱਡ-ਕਰਾਸ ਸੋਸਾਇਟੀ ਦੀ ਕਹਾਣੀ

ਸਵਿੱਟਜ਼ਰਲੈਂਡ ਦੇਸ਼ ਦੀ ਰਾਜਧਾਨੀ ਦੇ ਸ਼ਹਿਰ ਜਨੇਵਾ ਵਿਚ ਰੈੱਡ-ਕਰਾਸ ਦੇ ਬਾਨੀ ਹੈਨਰੀ ਡਿਯੂਨੈਂਟ ਨੇ ਜਨਮ ਲਿਆ । ਉਸ ਨੇ ਉਸ ਸ਼ਹਿਰ ਤੋਂ ਜਿੰਨੀ ਉੱਚੀ ਵਿਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ । ਇਕੱਤੀ ਸਾਲਾਂ ਦੀ ਉਮਰ ਵਿਚ ਉਸ ਨੇ ਆਟਾ ਪੀਸਣ ਦੇ ਕਾਰਖ਼ਾਨੇ ਲਾਉਣ ਲਈ ਆਪਣੇ ਮਿੱਤਰਾਂ ਪਾਸੋਂ ਭਾਰੀਆਂ ਰਕਮਾਂ ਲੈ ਕੇ ਇਕ ਸੋਸਾਇਟੀ ਬਣਾਈ । ਆਟਾ ਪੀਸਣ ਦੇ ਕਾਰਖ਼ਾਨੇ ਉਸ ਨੇ ਫ਼ਰਾਂਸ ਦੇਸ਼ ਦੇ ਅਧੀਨ ਦੇ ਇਲਾਕੇ ਅਲਜੇਰੀਆ ਵਿਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿਚ ਪਾਣੀ ਦੀਆਂ ਆਬਸ਼ਾਰਾਂ ਡਿਗਦੀਆਂ ਹਨ । ਉਨ੍ਹਾਂ ਆਬਸ਼ਾਰਾਂ ਦੇ ਗਿਰਨ ਵਾਲੇ ਪਾਣੀ ਦੀ ਸ਼ਕਤੀ ਨਾਲ ਉਹ ਕਾਰਖ਼ਾਨੇ ਚਲਣੇ ਸਨ । ਇਸ ਕਾਰਜ ਲਈ ਉਸ ਨੂੰ ਫ਼ਰਾਂਸ ਦੇ ਬਾਦਸ਼ਾਹ ਪਾਸੋਂ ਆਗਿਆ ਲੈਣ ਦੀ ਲੋੜ ਸੀ । ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿਚ ਸਲਫਰੀਨੋ ਨਾਮ ਵਾਲੇ ਥਾਂ 'ਤੇ ਜੰਗ ਹੋ ਰਿਹਾ ਸੀ ਤੇ ਫ਼ਰਾਂਸ ਦਾ ਬਾਦਸ਼ਾਹ ਉਸ ਜੰਗ ਵਿਚ ਇਕ ਧੜੇ ਵੱਲੋਂ ਜੰਗ ਲੜ ਰਿਹਾ ਸੀ । ਡਿਯੂਨੈਂਟ ਜੰਗ ਦੇ ਮੈਦਾਨ ਨੂੰ ਗਿਆ ਤਾਂ ਜੋ ਉਹ ਫ਼ਰਾਂਸ ਦੇ ਬਾਦਸ਼ਾਹ ਨਾਲ ਮੁਲਾਕਾਤ ਕਰ ਸਕੇ; ਪਰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ ਉਸ ਨੂੰ ਪੰਦਰਾਂ ਘੰਟੇ ਦੀ ਉਡੀਕ ਕਰਨੀ ਪਈ । ਇਤਨੇ ਸਮੇਂ ਵਿਚ ਜੰਗ ਦੇ ਮੈਦਾਨ ਵਿਚ ਦੋਹਾਂ ਪਾਸਿਆਂ ਦੇ ੪੫੦੦੦ ਸਿਪਾਹੀ ਜ਼ਖ਼ਮੀ ਹੋ ਕੇ ਭੁੰਜੇ ਡਿੱਗ ਪਏ । ਇਤਨੀ ਗਿਣਤੀ ਦੇ ਜ਼ਖ਼ਮੀਆਂ ਦੇ ਇਲਾਜ ਤੇ ਸੰਭਾਲ ਲਈ ਲੜਨ ਵਾਲੇ ਕਿਸੇ ਧੜੇ ਪਾਸ ਵੀ ਲੋੜ ਅਨੁਸਾਰ ਨਾ ਡਾਕਟਰਾਂ ਤੇ ਨਾ ਹੋਰ ਸੇਵਾ ਕਰਨ ਵਾਲੇ ਹਸਪਤਾਲ ਦੇ ਕਰਮਚਾਰੀਆਂ ਦਾ ਪ੍ਰਬੰਧ ਸੀ । ਨਤੀਜਾ ਇਹ ਨਿਕਲਿਆ ਕਿ ਟੈਟਨਸ ਤੇ ਗੈਂਗਰੀਨ ਰੋਗ ਜ਼ਖ਼ਮੀਆਂ ਵਿਚ ਫੈਲਣ ਲੱਗੇ ਤੇ ਉਨ੍ਹਾਂ ਵਿਚੋਂ ਬਹੁਤੇ ਜ਼ਖ਼ਮੀ ਉੱਥੇ ਹੀ ਪਏ ਰਹੇ ਜਿੱਥੇ ਜ਼ਖ਼ਮੀ ਹੋ ਕੇ ਡਿੱਗੇ ਸਨ ।

ਉਸ ਨੇ ਇਹ ਵੀ ਦੇਖਿਆ ਕਿ ਜ਼ਖ਼ਮੀ ਸਿਪਾਹੀਆਂ ਨੂੰ ਲੱਕੜ ਦੇ ਗੱਡੇ ਪੱਥਰਾਂ ਨਾਲ ਭਰੇ ਹੋਏ ਰਾਹਾਂ ਤੋਂ ਲੰਘਦੇ ਹੋਏ ਲੈ ਜਾ ਰਹੇ ਸਨ ਜਿਸ ਕਾਰਨ ਟੁੱਟੀਆਂ ਹੱਡੀਆਂ ਵਾਲੇ ਸਿਪਾਹੀਆਂ ਨੂੰ ਹਿਚਕੋਲੇ ਲੱਗ ਰਹੇ ਸਨ । ਉਨ੍ਹਾਂ ਹਿਚਕੋਲਿਆਂ ਦੇ ਕਾਰਨ ਜ਼ਖ਼ਮੀਆਂ ਨੂੰ ਹੋਰ ਵਧੇਰੇ ਦਰਦ ਹੋ ਰਿਹਾ ਸੀ । ਡਿਯੂਨੈਂਟ ਨੇ ਜਦੋਂ ਜ਼ਖ਼ਮੀ ਸਿਪਾਹੀਆਂ ਦੀ ਇਹ ਅਧੋਗਤੀ ਦੇਖੀ ਤਾਂ ਉਸ ਨੂੰ ਆਪਣੇ ਕੰਮ ਦਾ ਖ਼ਿਆਲ ਭੁੱਲ ਗਿਆ । ਉਸ ਦੇ ਹਿਰਦੇ ਦੇ ਦਇਆ ਦੇ ਭਾਵਾਂ ਨੇ ਉਬਾਲਾ ਖਾਧਾ ਤੇ ਉਹ ਲਾਗੇ ਦੇ ਇਕ ਪਿੰਡ ਵਿਚ ਗਿਆ ਤੇ ਉੱਥੇ ਜਾ ਕੇ ਉਸ ਨੇ ਜ਼ਖ਼ਮੀ ਸਿਪਾਹੀਆਂ ਦੀ ਸੇਵਾ-ਸੰਭਾਲ ਲਈ ਬੰਦੇ ਇਕੱਠੇ ਕਰਕੇ



ਲਿਆਂਦੇ । ਜੰਗ ਦੇ ਮੈਦਾਨ ਦੇ ਲਾਗੇ ਇਕ ਛੋਟਾ ਜਿਹਾ ਗਿਰਜਾ ਸੀ ਜਿਸ ਵਿਚ ਉਹ ਜ਼ਖ਼ਮੀਆਂ ਨੂੰ ਲਿਜਾਣ ਲੱਗ ਪਿਆ । ਦੋ ਸੌ ਦੇ ਕਰੀਬ ਜ਼ਖ਼ਮੀ ਸਿਪਾਹੀਆਂ ਨੂੰ ਉਹ ਗਿਰਜੇ ਵਿਚ ਲੈ ਗਿਆ । ਜ਼ਖ਼ਮੀ ਸਿਪਾਹੀ ੪੫੦੦੦ ਸਨ । ਛੋਟੇ ਜਿਹੇ ਗਿਰਜੇ ਵਿਚ ਕਿੰਨੇ ਕੁ ਜ਼ਖ਼ਮੀ ਸਿਪਾਹੀ ਸਮਾਅ ਸਕਦੇ ਸਨ । ਜਿਸ ਤਰ੍ਹਾਂ ਇੱਟਾਂ ਇਕ ਦੂਜੇ ਦੇ ਨਾਲ ਲਾ ਕੇ ਚਿਣੀਆਂ ਜਾਂਦੀਆਂ ਹਨ; ਇਸ ਤਰ੍ਹਾਂ ਗਿਰਜੇ ਵਿਚ ਜ਼ਖ਼ਮੀ ਸਿਪਾਹੀ ਬੜੇ ਭੀੜ ਭੜੱਕੇ ਵਿਚ ਰੱਖੇ ਗਏ । ਉਨ੍ਹਾਂ ਜ਼ਖ਼ਮੀਆਂ ਵਿਚ ਦੋ ਸਿਪਾਹੀ ਦੁਸ਼ਮਣ ਧੜੇ ਦੇ ਵੀ ਪੁੱਜ ਗਏ । ਡਿਯੂਨੈਂਟ ਦੇ ਇਕੱਠੇ ਕੀਤੇ ਹੋਏ ਬੰਦੇ ਉਨ੍ਹਾਂ ਦੋ ਜ਼ਖ਼ਮੀ ਸਿਪਾਹੀਆਂ ਨੂੰ ਇਸ ਖ਼ਿਆਲ ਨਾਲ ਬਾਹਰ ਸੁੱਟਣ ਲੱਗੇ ਕਿ ਉਹ ਵੈਰੀ ਧੜੇ ਦੇ ਸਨ । ਉਨ੍ਹਾਂ ਨੂੰ ਅਜਿਹਾ ਕਰਦਿਆਂ ਨੂੰ ਦੇਖ ਕੇ ਡਿਯੂਨੈਂਟ ਨੇ ਉਨ੍ਹਾਂ ਨੂੰ ਕਿਹਾ, **"ਠਹਿਰੋ, ਐਸਾ ਨਾ ਕਰੋ ਇਹ ਸਾਡੇ ਭਰਾ ਹਨ ।"** ਉਸ ਨੇ ਕਿਹਾ ਕਿ ਜਦੋਂ ਸਿਪਾਹੀ ਇਕ ਵਾਰ ਜ਼ਖ਼ਮੀ ਹੋ ਜਾਏ ਤੇ ਉਹ ਵਾਰ ਕਰਨ ਜੋਗਾ ਨਾ ਰਹੇ, ਉਸ ਸਮੇਂ ਉਸ ਨਾਲ ਵੈਰ ਭਾਵਨਾ ਵਾਲਾ ਸਲੂਕ ਨਹੀਂ ਹੋਣਾ ਚਾਹੀਦਾ ਤੇ ਉਸ ਨੂੰ ਆਪਣਾ ਭਰਾ ਹੀ ਸਮਝਣਾ ਚਾਹੀਦਾ ਹੈ । ਡਿਯੂਨੈਂਟ ਦੇ ਇਹ ਸ਼ਬਦ ਸੁਣ ਕੇ ਲੋਕੀਂ ਹੈਰਾਨ ਹੋ ਗਏ ਤੇ ਉਸ ਨੂੰ ਮੂਰਖ ਸਮਝਣ ਲੱਗੇ, ਡਿਯੂਨੈਂਟ ਦੇ ਇਹ ਸ਼ਬਦ ਸਲਫਰੀਨੋ ਕਸਬੇ ਵਿਚ ਪੁੱਜ ਗਏ ਤੇ ਇਨ੍ਹਾਂ ਸ਼ਬਦਾਂ ਦੀ ਤਕਰੀਰ ਵਿਚ ਇਹ ਲਿਖਿਆ ਹੋਇਆ ਸੀ ਕਿ ਇਹ ਸਾਰੀ ਦੁਨੀਆਂ ਵਿਚ ਫੈਲ ਜਾਣ । ਮਹੀਨੇ ਕੁ ਦਾ ਸਮਾਂ ਡਿਯੂਨੈਂਟ ਨੂੰ ਰੋਗੀਆਂ ਦੀ ਸੇਵਾ ਹੱਥੀਂ ਕਰਨੀ ਪਈ । ਉਸ ਤੋਂ ਪਿੱਛੋਂ ਜ਼ਖ਼ਮੀਆਂ ਦੇ ਇਲਾਜ ਲਈ ਦਵਾਈਆਂ ਤੇ ਸੇਵਾ ਕਰਨ ਵਾਲੇ ਕਰਮਚਾਰੀ ਫ਼ਰਾਂਸ ਦੇਸ਼ ਤੋਂ ਆਉਣ ਲੱਗ ਪਏ ।

ਜੰਗ ਦੇ ਮੈਦਾਨ ਦੇ ਜ਼ਖ਼ਮੀ ਸਿਪਾਹੀਆਂ ਦੀ ਦੁਰਦਸ਼ਾ ਨੂੰ ਦੇਖ ਕੇ ਡਿਯੂਨੈਂਟ ਦਾ ਦਇਆਵਾਨ ਹਿਰਦਾ ਕੰਬ ਉੱਠਿਆ । ਉਸ ਵੇਲੇ ਉਸ ਦੇ ਮਨ ਵਿਚ ਇਹ ਖ਼ਿਆਲ ਪੈਦਾ ਹੋ ਗਿਆ ਕਿ ਹੁਣ ਮੈਨੂੰ ਹੋਰ ਕੋਈ ਕੰਮ ਨਹੀਂ ਕਰਨਾ ਚਾਹੀਦਾ । ਹੁਣ ਤਾਂ ਸੰਸਾਰ ਵਿਚੋਂ ਇਸ ਕਲੰਕ ਨੂੰ ਦੂਰ ਕਰਨ ਲਈ ਹੀ ਮੈਨੂੰ ਆਪਣਾ ਜੀਵਨ ਅਰਪਣ ਕਰਨਾ ਚਾਹੀਦਾ ਹੈ । ਉਸ ਨੇ ਇਹ ਸੋਚਿਆ ਕਿ ਸਾਰੀ ਦੁਨੀਆਂ ਵਿਚ ਇਕ ਅਜਿਹੀ ਸਮਾਜਕ ਜਥੇਬੰਦੀ ਬਣੇ ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿਚ ਜਗ੍ਹਾ-ਜਗ੍ਹਾ ਸ਼ਾਖਾਵਾਂ ਹੋਣ । ਉਸ ਜਥੇਬੰਦੀ ਦਾ ਕੰਮ ਇਹ ਹੋਵੇ ਕਿ ਉਸ ਦੇ ਮੈਂਬਰ ਜ਼ਖ਼ਮੀਆਂ ਦੀ ਮਰਹਮ-ਪੱਟੀ ਦਾ ਮੋਟਾ-ਮੋਟਾ ਕੰਮ ਸਿੱਖ ਲੈਣ ਜਿਸ ਨੂੰ ਹਰ ਸਾਧਾਰਣ ਆਦਮੀ ਸਿੱਖ ਸਕਦਾ ਹੈ ਤੇ ਉਸ ਜਥੇਬੰਦੀ ਦੇ ਬੰਦੇ ਇਸ ਕਾਰਜ ਨੂੰ ਮਨੁੱਖਾ ਹਮਦਰਦੀ ਦੇ ਨਾਮ 'ਤੇ ਕਰਨ, ਉਹ ਕਿਸੇ ਰਾਜਸੀ ਧੜੇ ਦੇ ਨਾਲ ਨਾ ਜੁੜਨ । ਜੇਕਰ ਕਿਸੇ ਦੇਸ਼ ਦਾ ਜੰਗ ਕਿਸੇ ਹੋਰ ਦੇਸ਼ ਨਾਲ ਹੋ ਰਿਹਾ ਹੋਵੇ ਤਾਂ ਉਸ

ਦੇਸ਼ ਦੇ ਬੰਦੇ ਦੁਸ਼ਮਣ ਦੇਸ਼ ਦੇ ਜ਼ਖ਼ਮੀ ਸਿਪਾਹੀਆਂ ਦੀ ਸੇਵਾ-ਸੰਭਾਲ ਵੀ ਉਸੇ ਭਾਵਨਾ ਨਾਲ ਕਰਨ ਜਿਸ ਭਾਵਨਾ ਨਾਲ ਉਹ ਆਪਣੇ ਦੇਸ਼ ਦੇ ਜ਼ਖ਼ਮੀ ਸਿਪਾਹੀਆਂ ਦੀ ਸੇਵਾ ਕਰਨ । ਇਸ ਖ਼ਿਆਲ ਨੂੰ ਲੈ ਕੇ ਉਹ ਦੁਨੀਆਂ ਦੇ ਹਰ ਦੇਸ਼ ਦੇ ਬਾਦਸ਼ਾਹ ਨੂੰ ਮਿਲਣ ਲਈ ਤੁਰ ਪਿਆ ਤੇ ਉਨ੍ਹਾਂ ਤੋਂ ਆਪਣਾ ਉੱਪਰ ਲਿਖਿਆ ਖ਼ਿਆਲ ਮਨਾਉਂਦਾ ਗਿਆ । ਇਕੱਤੀ ਸਾਲਾਂ ਦੀ ਉਮਰ ਵਿਚ ਹੈਨਰੀ ਡਿਯੂਨੈਂਟ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕੀਤਾ । ਉਸ ਦੇ ਪਿੱਛੋਂ ਉਸ ਨੇ ਆਪਣੇ ਘਰ ਵੱਲ ਨਹੀਂ ਤੱਕਿਆ । ਜਿਸ ਕੰਮ ਲਈ ਉਹ ਬਾਦਸ਼ਾਹ ਨੂੰ ਮਿਲਣ ਗਿਆ ਸੀ ਉਸ ਕੰਮ ਵੱਲ ਵੀ ਉਸ ਨੇ ਕੋਈ ਧਿਆਨ ਨਾ ਦਿੱਤਾ ਤੇ ਆਪਣੇ ਮਨ ਦੇ ਵੈਰਾਗ ਦੀ ਹਾਲਤ ਵਿਚ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰਦਾ ਹੋਇਆ, ਉਹ ਸੰਸਾਰ ਦੇ ਲੋਕਾਂ ਦਾ ਧਿਆਨ ਜ਼ਖ਼ਮੀ ਸਿਪਾਹੀਆਂ ਦੀ ਸੇਵਾ ਵੱਲ ਦੁਆਉਂਦਾ ਗਿਆ । ਆਪਣੀ ਅੱਸੀ ਸਾਲ ਦੀ ਉਮਰ ਵਿਚ ਡਿਯੂਨੈਂਟ ਆਪਣੇ ਜਨਮ ਦੇ ਸ਼ਹਿਰ ਵਿਚ ਵਾਪਸ ਆਇਆ । ਉਨੰਜਾ ਸਾਲਾਂ ਦਾ ਸਮਾਂ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ । ਜਦ ਡਿਯੂਨੈਂਟ ਨੇ ਆਪਣਾ ਕਾਰੋਬਾਰ ਦਾ ਕੰਮ ਛੱਡਿਆ ਤਾਂ ਉਸ ਦਾ ਅਮੀਰ ਬਾਪ ਕੁਝ ਸਾਲ ਉਸ ਦੇ ਖ਼ਰਚ ਲਈ ਉਸ ਨੂੰ ਪੈਸੇ ਭੇਜਦਾ ਰਿਹਾ ਪਰ ਜਦ ਉਸ ਦੇ ਪਿਤਾ ਨੇ ਦੇਖਿਆ ਕਿ ਡਿਯੂਨੈਂਟ ਸਾਰੀ ਉਮਰ ਲਈ ਆਪਣੇ ਜੀਵਨ ਨੂੰ ਇਕ ਪ੍ਰਚਾਰਕ ਸਾਧੂ ਦੇ ਤੌਰ 'ਤੇ ਅਰਪਣ ਕਰ ਚੁੱਕਿਆ ਹੈ ਤਾਂ ਉਸ ਨੇ ਉਸ ਨੂੰ ਖ਼ਰਚ ਭੇਜਣਾ ਬੰਦ ਕਰ ਦਿੱਤਾ । ੮੦ ਸਾਲ ਦੀ ਉਮਰ ਵਿਚ ਜਦ ਡਿਯੂਨੈਂਟ ਆਪਣੇ ਜਨਮ ਦੇ ਸ਼ਹਿਰ ਜਨੇਵਾ ਵਿਚ ਵਾਪਸ ਪੁੱਜਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ ਤੇ ਉਸ ਦੇ ਚਿਹਰੇ ਤੇ ਭਰਵੀਂ ਲੰਬੀ ਦਾਹੜੀ ਆਈ ਹੋਈ ਸੀ ।

## ਹੜ੍ਹਾਂ ਤੇ ਭੁਚਾਲਾਂ ਦੇ ਕਹਿਰਾਂ ਨੂੰ ਵੀ ਰੈੱਡ-ਕਰਾਸ ਵਿਚ ਸ਼ਾਮਲ ਕੀਤਾ ਗਿਆ

ਜੰਗ ਦੇ ਮੈਦਾਨ ਵਿਚ ਜੋ ਖ਼ਿਆਲ ਡਿਯੂਨੈਂਟ ਦੇ ਹਿਰਦੇ ਵਿਚ ਉਪਜਿਆ ਸੀ ਉਹ ਤਾਂ ਕੇਵਲ ਇਤਨਾ ਸੀ ਕਿ ਉਸ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕੇਵਲ ਇੰਨੀ ਗੱਲ ਲਈ ਪ੍ਰੇਰਿਆ ਸੀ ਕਿ ਅਮਨ ਸ਼ਾਂਤੀ ਦੇ ਦਿਨਾਂ ਵਿਚ ਇਕ ਅਜਿਹੀ ਜਥੇਬੰਦੀ ਹਰ ਦੇਸ਼ ਦੇ ਹਰ ਕਸਬੇ ਵਿਚ ਬਣ ਜਾਵੇ ਜਿਸ ਦੇ ਮੈਂਬਰ ਜ਼ਖ਼ਮੀਆਂ ਦੀ ਮਰਹਮ ਪੱਟੀ ਦਾ ਮੁੱਢਲਾ ਸਾਧਾਰਨ ਕੰਮ ਸਿੱਖਣ—ਤੇ ਜਦੋਂ ਕੋਈ ਜੰਗ ਲੱਗੇ ਤਾਂ ਉਸ ਜਥੇਬੰਦੀ ਦੇ ਬੰਦੇ ਹਰ ਦੇਸ਼ ਦੇ ਜ਼ਖ਼ਮੀ ਸਿਪਾਹੀਆਂ ਦੀ ਸੇਵਾ ਲਈ ਤਿਆਰ ਹੋ ਜਾਣ; ਭਾਵੇਂ



ਉਹ ਦੇਸ਼ ਉਨ੍ਹਾਂ ਦੇ ਦੇਸ਼ ਦਾ ਦੁਸ਼ਮਣ ਹੀ ਕਿਉਂ ਨਾ ਹੋਵੇ । ਜਿਉਂ ਜਿਉਂ ਸਮਾਂ ਲੰਘਦਾ ਗਿਆ, ਰੈੱਡ-ਕਰਾਸ ਦਾ ਕਾਰਜ ਖੇਤਰ ਵਧਦਾ ਗਿਆ । ਦਰਿਆਵਾਂ ਦੇ ਹੜ੍ਹਾਂ ਤੇ ਭੁਚਾਲਾਂ ਦੀ ਮਾਰ ਹੇਠ ਆਏ ਹੋਏ ਬੰਦਿਆਂ ਦੀ ਸਹਾਇਤਾ ਦੇ ਕਾਰਜ ਨੂੰ ਵੀ ਰੈੱਡ-ਕਰਾਸ ਸਭਾ ਨੇ ਅਪਾਣੇ ਕਾਰਜ ਖੇਤਰ ਵਿਚ ਸ਼ਾਮਲ ਕਰ ਲਿਆ ਸੀ ।

ਮੈਂ ਇਸ ਕਹਾਣੀ ਨੂੰ ਅਮਰੀਕਾ ਦੇ ਪ੍ਰਸਿੱਧ ਮਾਸਿਕ ਪੱਤਰ ਰੀਡਰਜ਼ ਡਾਇਜੈਸਟ ਵਿਚ ਪੜ੍ਹਿਆ ਸੀ ਤੇ ਇਕ ਹੋਰ ਅੰਗਰੇਜ਼ੀ ਰਸਾਲੇ ਵਿਚ ਵੀ ਪੜ੍ਹਿਆ ਸੀ । ਸ਼ਾਇਦ ਉਹ ਰਸਾਲਾ ਇੰਗਲੈਂਡ ਦੇਸ਼ ਦਾ ਹੋਵੇ । ਸ਼ਾਇਦ ਮੈਂ ਇਹ ਗੱਲ ਵੀ ਪੜ੍ਹੀ ਸੀ ਕਿ ਅਮਰੀਕਾ ਨੇ ਡਿਯੂਨੈਂਟ ਦੀ ਪਹਿਲੀ ਗੱਲ ਮੰਨਣ ਲਈ ੬ ਸਾਲ ਲਗਾ ਦਿੱਤੇ ਸਨ ਪਰ ਇਹ ਗੱਲ ਅਮਰੀਕਾ ਦੇ ਰਸਾਲੇ ਰੀਡਰਜ਼ ਡਾਇਜੈਸਟ ਵਿਚ ਨਹੀਂ ਛਪੀ ਸੀ । ਜਦੋਂ ਬਹੁਤ ਸਾਰੇ ਦੇਸ਼ਾਂ ਨੇ ਡਿਯੂਨੈਂਟ ਦੀ ਗੱਲ ਮੰਨ ਲਈ ਤੇ ਉਹ ਸਭਾ ਬਣਾਉਣ ਲਈ ਤਿਆਰ ਹੋ ਗਏ ਤਾਂ ਉਸ ਸਮੇਂ ਇਹ ਪ੍ਰਸ਼ਨ ਪੈਦਾ ਹੋਇਆ ਕਿ ਡਿਯੂਨੈਂਟ ਦੀ ਬਣਾਈ ਹੋਈ ਸਭਾ ਦਾ ਨਾਮ ਕੀ ਰੱਖਿਆ ਜਾਵੇ ? ਸੋਚ ਸੋਚ ਕੇ ਸਿਆਣਿਆਂ ਨੇ ਇਹ ਗੱਲ ਕਹੀ ਕਿ ਜਿਸ ਦੇਸ਼ ਦੇ ਨੌਜਵਾਨ ਨੇ ਆਪਣਾ ਕਾਰੋਬਾਰ ਤਬਾਹ ਕਰਕੇ ਇਕ ਅਮੀਰ ਘਰ ਦਾ ਬੰਦਾ ਹੁੰਦਿਆਂ ਹੋਇਆਂ ਰੈੱਡ-ਕਰਾਸ ਦੇ ਪ੍ਰਚਾਰ ਲਈ ਫ਼ਕੀਰੀ ਜੀਵਨ ਬਿਤਾਉਣਾ ਪ੍ਰਵਾਨ ਕੀਤਾ, ਉਸ ਦੇਸ਼ ਨੂੰ ਮਾਣ ਦਿਵਾਉਣ ਵਾਲਾ ਤੇ ਉਸ ਦੇਸ਼ ਨੂੰ ਯਾਦ ਕਰਾਉਣ ਵਾਲਾ ਕੋਈ ਨਾਮ ਰੱਖਿਆ ਜਾਵੇ । ਸੋਚਦਿਆਂ ਸੋਚਦਿਆਂ ਉਨ੍ਹਾਂ ਨੂੰ ਇਹ ਗੱਲ ਸੁਝੀ ਸੀ ਕਿ ਕਿਸੇ ਦੇਸ਼ ਲਈ ਸਭ ਤੋਂ ਵੱਧ ਸਤਿਕਾਰ ਵਾਲੀ ਚੀਜ਼ ਉਸ ਦੇਸ਼ ਦਾ ਰਾਜਸੀ ਝੰਡਾ ਹੁੰਦਾ ਹੈ, ਜਿਸ ਦੀ ਰੱਖਿਆ ਲਈ ਬੰਦੇ ਸ਼ਹੀਦੀ ਪਾਇਆ ਕਰਦੇ ਹਨ । ਸਵਿਟਜ਼ਰਲੈਂਡ ਦੇਸ਼ ਦੇ ਰਾਜਸੀ ਝੰਡੇ ਦੇ ਰੰਗ ਦੋ ਹਨ । ਉਹ ਝੰਡਾ ਲਾਲ ਜ਼ਮੀਨ ਉੱਤੇ ਚਿੱਟੀ ਚਰਖੜੀ ਹੈ । ਉਨ੍ਹਾਂ ਲੋਕਾਂ ਨੇ ਕਿਹਾ ਕਿ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਰੰਗਾਂ ਨੂੰ ਹੇਠਾਂ ਉੱਤੇ ਕਰ ਦਿਉ । ਲਾਲ ਜ਼ਮੀਨ ਦੇ ਥਾਂ ਚਿੱਟੀ ਜ਼ਮੀਨ ਕਰ ਦਿਉ ਤੇ ਚਿੱਟੀ ਚਰਖੜੀ ਦੇ ਥਾਂ ਲਾਲ ਚਰਖੜੀ ਕਰ ਦਿਉ । ਇਸ ਤਰ੍ਹਾਂ ਰੈੱਡ-ਕਰਾਸ ਦੇ ਝੰਡੇ ਦਾ ਜਨਮ ਹੋਇਆ । ਹੈਨਰੀ ਡਿਯੂਨੈਂਟ ਨੇ ਇਕੱਤੀ ਸਾਲਾਂ ਦੀ ਉਮਰ ਵਿਚ ਆਪਣਾ ਜੀਵਨ ਜੰਗ ਦੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਅਰਪਣ ਕੀਤਾ ।

ਮੈਂ ਆਪਣਾ ਜੀਵਨ ਸੰਨ ੧੯੨੪ ਵਿਚ ਦੇਸ਼ ਤੇ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕੀਤਾ ਜਦ ਮੈਂ ਤੀਹ ਸਾਲਾਂ ਦਾ ਸਾਂ । ਸੰਨ ੧੯੩੪ ਵਿਚ

ਇਕ ਚਾਰ ਸਾਲ ਦੇ ਲੂਲ੍ਹੇ ਬੱਚੇ ਨੂੰ ਮੈਂ ਆਪਣੀ ਸੰਭਾਲ ਵਿਚ ਲਿਆ ਜਿਹੜਾ ਬੱਚਾ ਲਾਵਾਰਸ ਸੀ । ਉਸ ਬੱਚੇ ਨੂੰ ਮੈਂ ੧੪ ਸਾਲ ਆਪਣੀ ਪਿੱਠ 'ਤੇ ਚੁੱਕੀ ਫਿਰਿਆ ਸਾਂ ਜਿਸਦੀ ਕਹਾਣੀ ਹੇਠ ਲਿਖੀ ਹੈ :-

## ਪਿੰਗਲਵਾੜੇ ਦੇ ਬੀਜ ਰੂਪ ਲੂਲ੍ਹੇ ਬੱਚੇ ਦੀ ਕਹਾਣੀ

ਸੰਨ ੧੯੩੪ ਵਿਚ ਆਉਣ ਵਾਲੇ ਕੱਤਕ ਮਹੀਨੇ ਵਿਚ ਜਿਹੜੀ ਪੂਰਨਮਾਸ਼ੀ ਆਈ, ਉਸ ਤੋਂ ਇਕ ਦਿਨ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਕਿਸੇ ਪਿੰਡ ਦੇ ਦੋ ਬੰਦੇ ਇਕ ਲੂਲ੍ਹੇ ਬੱਚੇ ਨੂੰ ਲੈ ਕੇ ਗੁਰਦੁਆਰਾ ਡੇਹਰਾ ਸਾਹਿਬ ਪੁੱਜੇ ਤੇ ਗੁਰਦੁਆਰੇ ਦੇ ਉਸ ਵੇਲੇ ਦੇ ਹੈੱਡ-ਗ੍ਰੰਥੀ ਜਥੇਦਾਰ ਅੱਛਰ ਸਿੰਘ ਜੀ ਨੂੰ ਮਿਲੇ । ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਦੱਸਿਆ ਕਿ ਅਸੀਂ ਇਸ ਬੱਚੇ ਨੂੰ ਆਪ ਦੇ ਗੁਰਦੁਆਰੇ ਨੂੰ ਲੈ ਕੇ ਆਏ ਹਾਂ । ਇਹ ਦੋਹਾਂ ਲੱਤਾਂ ਤੋਂ ਨਾਕਾਰਾ ਹੈ, ਲੂਲ੍ਹਾ ਹੈ ਤੇ ਇਸ ਦੇ ਸੱਜੇ ਹੱਥ ਦਾ ਗੁੱਟ ਵੀ ਨਾਕਾਰਾ ਹੈ ਅਤੇ ਇਹ ਗੁੰਗਾ ਵੀ ਹੈ । ਅਸੀਂ ਜ਼ਿੰਮੀਦਾਰ ਹਾਂ ਤੇ ਇਸ ਬੱਚੇ ਦਾ ਪਿਤਾ ਸਾਡੇ ਪਰਿਵਾਰ ਦਾ ਖੇਤੀ ਦਾ ਸੀਰੀ ਸੀ । ਇਸ ਬੱਚੇ ਦੀ ਉਮਰ ਚਾਰ ਸਾਲ ਪੰਜ ਮਹੀਨਿਆਂ ਦੀ ਹੈ । ਇਸ ਦੀ ਮਾਂ ਜਿੰਨਾ ਚਿਰ ਜਿਉਂਦੀ ਰਹੀ ਉਹ ਇਸ ਨੂੰ ਸੰਭਾਲਦੀ ਰਹੀ । ਉਸ ਨੂੰ ਮਰੀ ਨੂੰ ਪੰਜ ਮਹੀਨਿਆਂ ਦਾ ਸਮਾਂ ਹੋ ਚੁੱਕਿਆ ਹੈ । ਇਸ ਦੇ ਪਿਤਾ ਨੇ ਇਸ ਨੂੰ ਚਾਰ ਮਹੀਨਿਆਂ ਤਕ ਸੰਭਾਲਿਆ ਹੈ ਪਰ ਉਹ ਇਸ ਨੂੰ ਚਾਰ ਮਹੀਨੇ ਤੋਂ ਵੱਧ ਨਹੀਂ ਸੰਭਾਲ ਸਕਿਆ, ਕਿਉਂਕਿ ਉਸ ਨੇ ਸਾਡਾ ਖੇਤੀ ਦਾ ਕੰਮ ਵੀ ਇਸ ਦੀ ਸੰਭਾਲ ਦੇ ਨਾਲ ਹੀ ਕਰਨਾ ਸੀ । ਬੱਚੇ ਦੀ ਸੰਭਾਲ ਤੇ ਖੇਤੀ ਦਾ ਕੰਮ ਇਕੱਠੇ ਕਰਨੇ ਉਸ ਲਈ ਮੁਸ਼ਕਿਲ ਸਨ । ਇਸ ਲਈ ਉਹ ਇਸ ਬੱਚੇ ਨੂੰ ਸਾਡੇ ਘਰ ਛੱਡ ਕੇ ਆਪ ਕਿਧਰੇ ਚਲਿਆ ਗਿਆ ਹੈ । ਅਸੀਂ ਉਸ ਨੂੰ ਇਕ ਮਹੀਨੇ ਤਕ ਉਡੀਕਿਆ ਹੈ ਪਰ ਉਹ ਇਸ ਸਮੇਂ ਵਿਚ ਵਾਪਸ ਨਹੀਂ ਮੁੜਿਆ । ਹੁਣ ਉਸ ਵੱਲੋਂ ਬੇਆਸ ਹੋ ਕੇ ਅਸੀਂ ਇਸ ਬੱਚੇ ਨੂੰ ਕਿਸੇ ਯਤੀਮਖ਼ਾਨੇ ਵਿਚ ਦਾਖ਼ਲ ਕਰਾਉਣ ਲਈ ਆਪਣੇ ਘਰ ਤੋਂ ਤੁਰੇ ਸਾਂ । ਅਸੀਂ ਅੰਮ੍ਰਿਤਸਰ ਤੇ ਲਾਹੌਰ ਸ਼ਹਿਰ ਦੇ ਬੱਚਿਆਂ ਦੇ ਯਤੀਮਖ਼ਾਨਿਆਂ ਵਿਚ ਹੋ ਆਏ ਹਾਂ ਪਰ ਕਿਸੇ ਯਤੀਮਖ਼ਾਨੇ ਨੇ ਵੀ ਇਸ ਨੂੰ ਦਾਖ਼ਲ ਨਹੀਂ ਕੀਤਾ, ਕਿਉਂਕਿ ਇਹ ਲੂਲ੍ਹਾ ਹੈ ਤੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦਾ । ਸੋ ਅਸੀਂ ਇਸ ਬੱਚੇ ਦੀ ਸੰਭਾਲ ਤੋਂ ਖਲਾਸੀ ਪਾਉਣ ਲਈ ਓੜਕ ਦੇ ਉਪਾਓ ਦੇ ਤੌਰ 'ਤੇ ਆਪ ਦੇ ਗੁਰਦੁਆਰੇ ਨੂੰ ਆਏ ਹਾਂ । ਗੁਰੂ ਘਰ ਤੋਂ



ਬਿਨਾਂ ਹੋਰ ਕੋਈ ਥਾਂ ਇਸ ਨੂੰ ਸੰਭਾਲਣ ਵਾਲਾ ਸਾਨੂੰ ਨਹੀਂ ਦਿਸ ਰਿਹਾ; ਕਿਉਂਕਿ ਇਹ ਰੱਬ ਦਾ ਘਰ ਹੈ ਤੇ ਜੇ ਤੁਸੀਂ ਵੀ ਇਸ ਨੂੰ ਦਾਖ਼ਲ ਕਰਨ ਤੋਂ ਨਾਂਹ ਕਰ ਦਿਉ ਤਾਂ ਫੇਰ ਇਸ ਨੂੰ ਛੱਡਣ ਲਈ ਸਾਡੇ ਕੋਲ ਹੋਰ ਕੋਈ ਥਾਂ ਨਹੀਂ ਰਹਿ ਜਾਂਦਾ, ਇਹ ਅਖੀਰਲਾ ਥਾਂ ਹੈ । ਜਥੇਦਾਰ ਸਾਹਿਬ ਨੇ ਉਨ੍ਹਾਂ ਬੰਦਿਆਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਸਾਡੀ ਸੰਸਥਾ ਇਕ ਗੁਰਦਵਾਰਾ ਹੈ ਜਿਸ ਵਿਚ ਬੱਚਿਆਂ ਦੀ ਸੰਭਾਲ ਦਾ ਕੋਈ ਪ੍ਰਬੰਧ ਨਹੀਂ ਹੈ । ਇਸ ਲਈ ਤੁਸੀਂ ਇਸ ਬੱਚੇ ਨੂੰ ਵਾਪਸ ਲੈ ਜਾਉ, ਅਸੀਂ ਇਸ ਦੀ ਸੰਭਾਲ ਨਹੀਂ ਕਰ ਸਕਦੇ । ਜਥੇਦਾਰ ਸਾਹਿਬ ਤੋਂ ਇਹ ਉੱਤਰ ਲੈ ਕੇ ਉਹ ਦੋਵੇਂ ਬੰਦੇ ਉਸ ਬੱਚੇ ਨੂੰ ਸੜਕ ਦੇ ਹਨੇਰੇ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਵਾਜ਼ੇ ਅੱਗੇ ਅਗਲੇ ਦਿਨ ਜਿਹੜਾ ਕੱਤਕ ਦੀ ਪੂਰਨਮਾਸ਼ੀ ਦਾ ਦਿਨ ਸੀ, ਉਸ ਦਿਨ ਸੜਕ ਦੇ ਕੰਢੇ ਉੱਤੇ ਛੱਡ ਕੇ ਆਪ ਆਪਣੇ ਪਿੰਡ ਨੂੰ ਚਲੇ ਗਏ । ਬੱਚਾ ਇਕੱਲਾ ਬੈਠਾ ਰੋਣ ਲੱਗ ਪਿਆ । ਉਸ ਦੀ ਇਤਲਾਹ ਗੁਰਦੁਆਰੇ ਦੇ ਅੰਦਰ ਜਥੇਦਾਰ ਸਾਹਿਬ ਪਾਸ ਪੁੱਜੀ । ਜਥੇਦਾਰ ਸਾਹਿਬ ਗੁਰਦੁਆਰੇ ਦੇ ਬਾਹਰ ਬੱਚੇ ਦੇ ਪਾਸ ਆਏ ਤੇ ਉਨ੍ਹਾਂ ਨੇ ਉਸ ਨੂੰ ਪਛਾਣ ਲਿਆ ਕਿ ਇਹ ਉਹੋ ਕੱਲ੍ਹ ਵਾਲਾ ਬੱਚਾ ਹੈ । ਉਨ੍ਹਾਂ ਨੇ ਸਮਝ ਲਿਆ ਕਿ ਬੱਚਾ ਹੁਣ ਡੇਹਰਾ ਸਾਹਿਬ ਦੇ ਪੇਟੇ ਪੈ ਗਿਆ ਹੇ । ਜਥੇਦਾਰ ਸਾਹਿਬ ਤਿਆਰ-ਬਰ-ਤਿਆਰ ਗੁਰਸਿੱਖ ਸਨ । ਉਹ ਗੁਰਸਿੱਖੀ ਦੇ ਨਿਤਨੇਮ ਦੀਆਂ ਪੰਜੇ ਬਾਣੀਆਂ ਦਾ ਪਾਠ ਕਰਨ ਵਾਲੇ ਤੇ ਦੋਨੋਂ ਵੇਲੇ ਅਰਦਾਸ ਕਰਨ ਵਾਲੇ ਗੁਰਸਿੱਖ ਸਨ । ਉਨ੍ਹਾਂ ਨੇ ਅਰਦਾਸ ਕੀਤੀ ਕਿ ਹੇ ਵਾਹਿਗੁਰੂ ! ਇਹ ਲਾਵਾਰਸ ਲੂਲ੍ਹਾ ਬੱਚਾ ਗੁਰਦੁਆਰੇ ਦੇ ਪੇਟੇ ਪੈ ਗਿਆ ਹੈ, ਹੁਣ ਤੂੰ ਸਾਨੂੰ ਗੁਰਦੁਆਰੇ ਦੇ ਕਰਮਚਾਰੀਆਂ ਨੂੰ ਬਲ ਬਖ਼ਸ਼ ਕਿ ਅਸੀਂ ਇਸ ਬੱਚੇ ਨੂੰ ਪਾਲ ਸਕੀਏ ਤੇ ਸੰਭਾਲ ਸਕੀਏ ।

# ਪਿੰਗਲਵਾੜੇ ਦਾ ਬੀਜ ਰੂਪ ਲੂਲ੍ਹਾ ਬੱਚਾ

ਮਨੁੱਖ ਜਾਤੀ ਵਿਚ ਬੱਚੇ ਨੂੰ ਬਹੁਤ ਹੀ ਮਹਾਨ ਅਸਥਾਨ ਪ੍ਰਾਪਤ ਹੈ ਤੇ ਉਸ ਦੀ ਉਚਿੱਤ ਰੱਖਿਆ ਤੇ ਪਾਲਣਾ ਬੜਾ ਉੱਤਮ ਕਾਰਜ ਮੰਨਿਆਂ ਗਿਆ ਹੈ । ਇਸੇ ਲਈ ਹੀ ਮਨੁੱਖੀ ਸੱਭਿਅਤਾ ਨੇ ਲਾਵਾਰਸ ਬੱਚਿਆਂ ਲਈ ਯਤੀਮਖ਼ਾਨਿਆਂ ਦੀ ਸੰਸਥਾ ਨੂੰ ਜਨਮ ਦਿੱਤਾ; ਪਰ ਭਾਰਤ ਵਾਸੀਆਂ ਨੂੰ ਇਹ ਪਤਾ ਨਹੀਂ ਕਿ ਭਾਰਤ ਦੇ ਯਤੀਮਖ਼ਾਨੇ ਵੀ ਉਨ੍ਹਾਂ ਬੱਚਿਆਂ ਨੂੰ ਸਾਂਭਣ ਲਈ ਤਿਆਰ ਨਹੀਂ ਹਨ ਜਿਹੜੇ ਲੂਲ੍ਹੇ ਹੋਣ ਤੇ ਆਪਣੀ ਸੰਭਾਲ ਦੇ ਸਭ ਤੋਂ ਵੱਧ ਅਧਿਕਾਰੀ ਹਨ । ਮੇਰੇ ਅੱਗੇ ਇਹ ਮਸਲਾ ਸੰਨ ੧੯੩੪ ਵਿਚ ਆਇਆ । ਉਸ ਸਾਲ ਵਿਚ ਆਈ ਕੱਤਕ ਦੀ ਪੂਰਨਮਾਸ਼ੀ ਦੇ ਦਿਨ, ਤੜਕੇ ਦੇ ਹਨੇਰੇ ਵਿਚ ਇਕ ਅਜਿਹਾ ਬੱਚਾ ਗੁਰਦੁਆਰਾ ਡੇਹਰਾ ਸਾਹਿਬ ਦੇ ਸਾਹਮਣੇ ਸੜਕ ਦੇ ਕੰਢੇ 'ਤੇ ਛੱਡ ਦਿੱਤਾ ਗਿਆ ਜਿਹੜਾ ਦੋਹਾਂ ਲੱਤਾਂ ਤੋਂ ਲੂਲ੍ਹਾ, ਜਿਸ ਦਾ ਸੱਜਾ ਹੱਥ ਗੁੱਟ ਤੋਂ ਨਾਕਾਰਾ ਤੇ ਮੂੰਹ ਤੋਂ ਗੁੰਗਾ ਵੀ ਸੀ । ਉਹ ਆਪਣੇ ਆਪ ਤੋਂ ਰੋਟੀ ਵੀ ਨਹੀਂ ਖਾ ਸਕਦਾ ਸੀ ਤੇ ਪਾਣੀ ਦਾ ਗਿਲਾਸ ਵੀ ਫੜ ਕੇ ਆਪਣੇ ਆਪ ਨਹੀਂ ਪੀ ਸਕਦਾ ਸੀ । ਨਾ ਉਹ ਆਪਣੇ ਤਨ 'ਤੇ ਕੋਈ ਕੱਪੜਾ ਆਪਣੇ ਆਪ ਤੋਂ ਪਾ ਸਕਦਾ ਸੀ ਤੇ ਨਾ ਹੀ ਉਤਾਰ ਸਕਦਾ ਸੀ । ਰਾਤ ਨੂੰ ਲੰਮਾ ਪਿਆ ਵੀ ਉਹ ਆਪਣੇ ਤਨ 'ਤੇ ਕੋਈ ਕੱਪੜਾ ਨਾ ਹੀ ਲੈ ਸਕਦਾ ਸੀ ਤੇ ਨਾ ਹੀ ਉਤਾਰ ਸਕਦਾ ਸੀ । ਉਹ ਪੁੱਠੇ ਗੋਡੇ ਮਾਰ ਕੇ ਬੈਠਦਾ ਸੀ । ਜਿਸ ਵਕਤ ਉਹ ਪੁੱਠੇ ਗੋਡੇ ਮਾਰ ਕੇ ਬੈਠਾ ਹੁੰਦਾ ਸੀ ਜੇਕਰ ਉਸ ਵੇਲੇ ਉਸ ਦੇ ਪਿੱਛੋਂ ਦੀ ਕੋਈ ਬੰਦਾ ਅਚਨਚੇਤ ਉੱਚੀ ਆਵਾਜ਼ ਦੇ ਦਿੰਦਾ ਤਾਂ ਉਹ ਇਕ ਲਖਤ ਅੱਗੇ ਨੂੰ ਉਲਰ ਕੇ ਡਿੱਗ ਪੈਂਦਾ ।

ਉਸ ਲੂਲ੍ਹੇ ਬੱਚੇ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਹੋਇਆ । ਜਦੋਂ ਉਹ ਚਾਰ ਕੁ ਸਾਲ ਦਾ ਹੋਇਆ ਤਾਂ ਉਸ ਦੀ ਮਾਂ ਮਰ ਗਈ । ਉਸ ਦਾ ਬਾਪ ਆਪਣੇ ਪਿੰਡ ਦੇ ਇਕ ਜ਼ਿੰਮੀਦਾਰ ਘਰਾਣੇ ਵਿਚ ਖੇਤੀ ਦਾ ਸੀਰੀ ਸੀ । ਬੱਚੇ ਦੀ ਮਾਂ ਦੀ ਮੌਤ ਤੋਂ ਪਿੱਛੋਂ ਉਸ ਦੇ ਬਾਪ ਨੇ ਉਸ ਨੂੰ ਚਾਰ ਮਹੀਨੇ ਤਕ ਸੰਭਾਲਿਆ, ਪਰ ਜਦੋਂ ਉਸ ਨੇ ਤੱਕਿਆ ਕਿ ਉਹ ਬੱਚੇ ਦੀ ਸੰਭਾਲ ਤੇ ਖੇਤੀ ਦਾ ਕੰਮ ਦੋਵੇਂ ਇਕੱਠੇ ਨਹੀਂ ਕਰ ਸਕਦਾ ਤਾਂ ਉਹ ਉਸ ਨੂੰ ਉਸ ਜ਼ਿੰਮੀਦਾਰ ਘਰਾਣੇ ਵਿਚ ਛੱਡ ਕੇ ਨੱਸ ਗਿਆ, ਜਿਸ ਘਰ ਵਿਚ ਉਹ ਸੀਰੀ ਸੀ । ਜ਼ਿੰਮੀਦਾਰ ਘਰਾਣੇ ਨੇ ਉਸ ਬੱਚੇ ਦੇ ਪਿਤਾ ਨੂੰ ਇਕ ਮਹੀਨੇ ਤਕ ਉਡੀਕਿਆ ਪਰ ਜਦੋਂ ਉਹ ਉਸ ਸਮੇਂ ਵਿਚ ਨਾ ਮੁੜਿਆ ਤਾਂ ਉਸ ਘਰ ਦੇ ਦੋ ਬੰਦੇ ਉਸ ਬਾਲਕ ਨੂੰ ਲੈ ਕੇ ਪਿੰਡ ਤੋਂ ਤੁਰ ਕੇ ਅੰਮ੍ਰਿਤਸਰ ਸ਼ਹਿਰ ਵੀ ਪੁੱਜੇ ਤੇ ਲਾਹੌਰ ਸ਼ਹਿਰ ਵੀ, ਤਾਂ ਜੋ ਉਹ ਦੇਖ ਸਕਣ ਕਿ ਭਾਰਤ ਦੀ ਸੱਭਿਅਤਾ



ਨੇ ਕੋਈ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਜਾਂ ਨਹੀਂ । ਜਿਸ ਦੁਆਰਾ ਉਹ ਬੱਚਾ ਰੁਲ ਕੇ ਮਰਨ ਤੋਂ ਬਚ ਸਕਦਾ; ਪਰ ਦੋਹਾਂ ਸ਼ਹਿਰਾਂ ਦੇ ਬੱਚਿਆਂ ਦੇ ਯਤੀਮਖ਼ਾਨਿਆਂ ਨੇ ਉਸ ਬੱਚੇ ਨੂੰ ਲੂਲ੍ਹਾ ਹੋਣ ਦੇ ਕਾਰਨ ਦਾਖ਼ਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ।

ਸੰਨ ੧੯੩੪ ਵਿਚ ਆਈ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅੱਗੇ ਲਾਵਾਰਸੀ

## ਦੀ ਹਾਲਤ ਵਿਚ ਛੱਡਿਆ ਗਿਆ ਲੂਲ੍ਹਾ ਬਾਲਕ

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ।
ਪਿੰਗਲੇ ਪਿਆਰੇ ਦਾ ਸੱਚਾ ਉਹ ਪੁਜਾਰੀ ਏ।
ਇਕ ਲੂਲ੍ਹਾ ਬੱਚਾ ਜਦੋਂ ਦੁਖੀ ਦੇਖਿਆ।
ਲਾਵਾਰਸ, ਗ਼ਰੀਬ, ਨੰਗਾ, ਭੁੱਖਾ ਦੇਖਿਆ।
ਮਾਸੂਮ ਦੀਆਂ ਅੱਖੀਆਂ 'ਚ ਨੀਰ ਦੇਖਿਆ।
ਪਾਲਣੇ ਯਤੀਮ ਕੀਤੀ ਤੁਰੰਤ ਤਿਆਰੀ ਏ।
ਬਾਨੀ ਪਿੰਗਲਵਾੜਾ......

ਗੋਦੀਆ ਖਿਡਾਇਆ ਮੰਗ ਕੇ ਖਿਲਾਇਆ ਤੂੰ।
ਪਿੰਗਲੇ ਦਾ ਘੋੜਾ ਬਣ ਕੇ ਵਿਖਾਇਆ ਤੂੰ।
ਗਲੇ ਵਾਲਾ ਹਾਰ ਪਿੰਗਲਾ ਬਣਾਇਆ ਤੂੰ।
ਸਾਲ ਚੌਦਾਂ ਕੀਤੀ ਤੁਸਾਂ ਬਾਰਬਰਦਾਰੀ ਏ।
(ਬਾਰਬਰਦਾਰੀ-ਭਾਰ ਚੁੱਕਣਾ)
ਬਾਨੀ ਪਿੰਗਲਵਾੜਾ......

ਕੱਪੜਾ ਪਹਿਨਾਇਆ ਟੁੱਕ ਮੂੰਹ ਪਾਇਆ ਤੂੰ।
ਚੁੱਕ ਕੇ ਮੁਤਾਇਆ ਟੱਟੀ ਵੀ ਫਿਰਾਇਆ ਤੂੰ।
ਸਾਲ ਚੌਦਾਂ ਲੂਲ੍ਹਾ ਪਿੱਠ 'ਤੇ ਉਠਾਇਆ ਤੂੰ।
ਪਿੱਠ ਉੱਤੇ ਕੀਤੀ ਪਿੰਗਲੇ ਸਵਾਰੀ ਏ।
ਬਾਨੀ ਪਿੰਗਲਵਾੜਾ......

ਭੋਂ 'ਤੇ ਖਿਡਾਇਆ ਭੋਂ 'ਤੇ ਬਿਠਾਇਆ ਤੂੰ।
ਭੋਂ 'ਤੇ ਲਿਟਾਇਆ ਭੋਂ 'ਤੇ ਸੁਆਇਆ ਤੂੰ।
ਸਾਲ ਚੌਦਾਂ ਚੌਂਕੜਾ ਭੋਂ 'ਤੇ ਜਮਾਇਆ ਤੂੰ।
ਕੁਰਸੀਆਂ ਦੀ ਥਾਂ ਕੀਤੀ ਧਰਤੀ ਪਿਆਰੀ ਏ।
ਬਾਨੀ ਪਿੰਗਲਵਾੜਾ......

ਹੁਣ ਤਕ ਸੇਵਾ ਲੂਲ੍ਹੇ ਵਾਲੀ ਜੋ ਨਿਭਾਈ ਏ।
ਸੇਵਾ ਲੂਲ੍ਹੇ ਵਾਲੀ ਰੱਬੀ ਸੇਵਾ ਨਜ਼ਰ ਆਈ ਏ।
ਇਹ ਸੱਚੀ ਸੇਵਾ ਡੇਹਰਾ ਸਾਹਿਬ ਦੀ ਕਮਾਈ ਏ।
ਅਮਾਨਤ ਗੁਰੂ ਦੀ ਇਹ ਦਾਤ ਵੱਡੀ ਪਿਆਰੀ ਏ।
ਬਾਨੀ ਪਿੰਗਲਵਾੜਾ......

ਪਿੰਗਲਵਾੜੇ ਵਾਲਾ ਬਣ ਗਿਆ ਜੋ ਅਦਾਰਾ ਏ।
ਰੋਗੀਆਂ ਅਨਾਥਾਂ ਵਾਲਾ ਬਣ ਗਿਆ ਸਹਾਰਾ ਏ।
ਰੱਬ ਦੀਆਂ ਦਾਤਾਂ ਵਾਲਾ ਚੱਲ ਪਿਆ ਭੰਡਾਰਾ ਏ।
ਉਹੀਓ ਲੂਲ੍ਹਾ ਬੱਚਾ ਪਿੰਗਲਵਾੜੇ ਦਾ ਦਰਬਾਰੀ ਏ।
ਬਾਨੀ ਪਿੰਗਲਵਾੜਾ......

ਦਾਨ ਮੰਗ-ਮੰਗ ਕੇ ਅਨਾਥਾਂ ਨੂੰ ਖਲਾਨਾ ਏ।
ਸਭ ਨਾਲ ਪਿਆਰ ਕਰ ਖੁਸ਼ੀ ਨੂੰ ਮਨਾਨਾ ਏ।
ਰੋਗੀਆਂ ਨੂੰ ਦੇਖ ਦੇਖ ਦਰਦ ਵੰਡਾਨਾ ਏ।
ਛੱਡ ਕੇ ਅਮੀਰੀ ਨੂੰ ਫ਼ਕੀਰੀ ਕੀਤੀ ਪਿਆਰੀ ਏ।
ਬਾਨੀ ਪਿੰਗਲਵਾੜਾ......

ਗ਼ਰੀਬੀ ਮਸਕੀਨੀ ਸਭ ਤੇਰੇ ਹਿੱਸੇ ਆਈ ਏ।
ਆਜਜ਼ੀ ਫ਼ਕੀਰੀ ਤੂੰ ਕਰਕੇ ਵਿਖਾਈ ਏ।
ਮਾਨ ਗਰੂਰ ਖੁਦੀ ਨੇੜੇ ਨਹੀਂ ਆਈ ਏ।
ਗਦਾਗਰੀ ਦੇ ਭੇਸ ਵਿਚ ਲੁਕੀ ਸਰਦਾਰੀ ਏ।
(ਗਦਾਦਰੀ—ਭੀਖ ਮੰਗਣਾ)
ਬਾਨੀ ਪਿੰਗਲਵਾੜਾ......

ਸੱਚੇ ਦਰਵੇਸ਼ ਦਾ ਇਹੀ ਫ਼ਰਮਾਣਾ ਏ।
ਪਿੰਗਲਵਾੜਾ ਦਾਨ ਕਦੇ ਭੁੱਲ ਨਹੀਂ ਜਾਣਾ ਏ।
ਆਪਣੀ ਕਮਾਈ ਨੂੰ ਸਫਲ ਕਰਾਣਾ ਏ।
ਸੱਚੇ ਸੌਦੇ ਵਾਲਾ 'ਆਜਿਜ਼' ਭਗਤ ਵਪਾਰੀ ਏ।
ਬਾਨੀ ਪਿੰਗਲਵਾੜਾ......



# ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਮੇਰਾ ਜੀਵਨ

ਸੰਨ ੧੯੨੪ ਤੋਂ ਲੈ ਕੇ ੧੮ ਅਗਸਤ, ੧੯੪੭ ਤਕ ਮੈਂ ਆਪਣਾ ਜੀਵਨ ਗੁਰਦੁਆਰਾ ਡੇਹਰਾ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਵਿਚ ਲਾ ਕੇ ਰੱਖਿਆ ਸੀ । ਜਿਹੜੇ ਬੇਆਸਰੇ ਰੋਗੀ ਗੁਰਦੁਆਰਾ ਡੇਹਰਾ ਸਾਹਿਬ ਨੂੰ ਆਇਆ ਕਰਦੇ ਸਨ ਤੇ ਜਿਹੜੇ ਰੋਗੀ ਤੇ ਅਪਾਹਿਜ ਸੜਕਾਂ 'ਤੇ ਰੁਲ ਕੇ ਮਰਿਆ ਕਰਦੇ ਸਨ ਉਨ੍ਹਾਂ ਨੂੰ ਮੈਂ ਉਸ ਵੇਲੇ ਤਕ ਸੰਭਾਲਿਆ ਕਰਦਾ ਸਾਂ ਜਦੋਂ ਤਕ ਉਹ ਮਰ ਨਹੀਂ ਜਾਇਆ ਕਰਦੇ ਸਨ ਜਾਂ ਰਾਜ਼ੀ ਨਹੀਂ ਹੋ ਜਾਇਆ ਕਰਦੇ ਸਨ; ਪਰ ਆਮ ਤੌਰ 'ਤੇ ਬਹੁਤੇ ਮਰਨ ਵਾਲੇ ਹੀ ਹੁੰਦੇ ਸਨ । ਸੰਨ ੧੯੪੭ ਤਕ ੨੪ ਸਾਲਾਂ ਦਾ ਸਮਾਂ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦਾ ਕਾਰਜ ਮੈਂ ਸੜਕਾਂ ਦੇ ਕੰਢਿਆਂ 'ਤੇ ਆਪਣੇ ਹੱਥਾਂ ਨਾਲ ਕੀਤਾ ।

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਿੱਛੋਂ ਇਸ ਕਾਰਜ ਨੂੰ ਮੈਂ ਤਿੰਨ ਸਾਲਾਂ ਦਾ ਸਮਾਂ ਹੱਥਾਂ ਨਾਲ ਕੀਤਾ । ਘਰ-ਘਰ ਤੋਂ ਪ੍ਰਸ਼ਾਦੇ ਉਗਰਾਹੁਣੇ, ਸੜਕਾਂ ਦੇ ਕੰਢਿਆਂ 'ਤੇ ਟੱਲੀਆਂ ਵਜਾ ਕੇ ਡੱਬਾ ਹੱਥ ਵਿਚ ਫੜ ਕੇ ਪੈਸੇ ਉਗਰਾਹੁਣੇ, ਦਫ਼ਤਰ ਵਿਚ ਤਨਖ਼ਾਹ ਦੇ ਵੇਲੇ ਪੈਸੇ ਉਗਰਾਹੁਣੇ, ਅਪਾਹਜਾਂ ਦੀਆਂ ਟੱਟੀਆਂ ਸਾਫ਼ ਕਰਨ ਦਾ ਮਿਹਤਰ ਦਾ ਕੰਮ ਵੀ ਮੈਂ ਡੇਢ ਸਾਲ ਦਾ ਸਮਾਂ ਆਪ ਹੀ ਕੀਤਾ । ਕਿਆਸੀ ਸਾਲ ਦੀ ਉਮਰ ਵਿਚ ਵੀ ਮੈਂ ਜਨਤਾ ਦੇ ਇਕੱਠਾਂ ਵਿਚ ਖੜ੍ਹਾ ਹੋ ਕੇ ਕਦੇ ਕਦੇ ਡੱਬਾ ਹੱਥ ਵਿਚ ਫੜ ਕੇ ਦਾਨ ਮੰਗਦਾ ਰਹਿੰਦਾ ਹਾਂ । ਗੁਰਦੁਆਰਿਆਂ ਦੇ ਬੂਹੇ ਅੱਗੇ ਵੀ ਸੰਗਤ ਦੇ ਨਿਕਲਣ ਵੇਲੇ ਮੈਂ ਕਦੇ ਕਦੇ ਦਾਨ ਮੰਗਦਾ ਹਾਂ ਭਾਵੇਂ ੮ ਘੰਟੇ ਲੱਗ ਜਾਣ । ਸੰਨ ੧੯੮੪ ਦੇ ਜੂਨ ਦੇ ਮਹੀਨੇ ਵਿਚ ਅੰਮ੍ਰਿਤਸਰ ਵਿਚ ਕਰਫਿਊ ਲੱਗਣ ਲੱਗ ਪਏ, ਰੇਲ ਗੱਡੀਆਂ ਬੰਦ ਹੋ ਗਈਆਂ, ਦਾਨ ਤਕਰੀਬਨ ਬੰਦ ਹੀ ਹੋ ਗਿਆ । ਘੱਟੋ ਘੱਟ ੧੨੦੦੦ ਰੁਪਏ ਰੋਜ਼ ਦਾ ਖ਼ਰਚ ਸੀ । ਮੈਨੂੰ ਫੇਰ ਬਾਟਾ ਫੜ ਕੇ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਪਾਸੋਂ ਤਿੰਨ ਤਿੰਨ ਘੰਟੇ ਉਗਰਾਹੀ ਕਰਨੀ ਪਈ । ਮੇਰਾ ਕੰਮ ਹਰ ਇਕ ਦੀ ਸਮਝ ਵਿਚ ਨਹੀਂ ਆਇਆ । ਮੈਨੂੰ ਦਾਨ ਬਹੁਤਾ ਕਰਕੇ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਤੋਂ ਹੀ ਆਉਂਦਾ ਹੁੰਦਾ ਹੈ । ਜੇਕਰ ਸਾਰੇ ਸਿੱਖ ਅਖ਼ਬਾਰ ਮੇਰੇ ਸਿਰ 'ਤੇ ਖੜ੍ਹੇ ਹੋ ਜਾਣ ਤੇ ਨਾਵਲ ਤੇ ਕਵਿਤਾਵਾਂ ਛਾਪਣ ਦੀ ਥਾਂ ਪਿੰਗਲਵਾੜੇ ਦੇ ਰੋਗੀਆਂ ਤੇ ਅਪਾਹਜਾਂ ਦੀਆਂ ਕਹਾਣੀਆਂ ਛਾਪਣ ਲੱਗ ਜਾਣ ਤਾਂ ਸਾਨੂੰ

ਅਪਾਹਜਾਂ ਤੇ ਰੋਗੀਆਂ ਦੀ ਸੇਵਾ ਤੇ ਦੁਨੀਆਂ ਦੇ ਬੰਦਿਆਂ ਨੂੰ ਹਰ ਪੱਖ ਤੋਂ ਜਗਾਉਣ ਵਾਲੇ ਤੇ ਧਰਤੀ, ਪਾਣੀ ਤੇ ਹਵਾ ਦੀ ਤਬਾਹੀ ਦਾ, ਹੱਥ ਦੇ ਕੱਤੇ ਤੇ ਹੱਥ ਦੇ ਬੁਣੇ ਹੋਏ ਕੱਪੜੇ ਜੈਸੀਆਂ ਦਸਤਕਾਰੀਆਂ ਦੀ ਤਬਾਹੀ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਤੋਂ ਬਚਾਉਣ ਵਾਲੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਪੁਸਤਕਾਂ ਨੂੰ ਵੰਡਣ ਲਈ ਦਾਨ ਦੇ ਰੁਪਏ ਦੀ ਵਰਖਾ ਹੋਣ ਲੱਗ ਪਏ, ਪਰ ਅਜੇ ਅਖ਼ਬਾਰਾਂ ਵਾਲਿਆਂ ਨੇ ਇਸ ਗੱਲ ਨੂੰ ਨਹੀਂ ਸਮਝਿਆ, ਨਾ ਹੀ ਸਮਝਣ ਦੀ ਲੋੜ ਹੀ ਕਿਸੇ ਅਖ਼ਬਾਰ ਦੇ ਐਡੀਟਰ ਜਾਂ ਮਾਲਕ ਨੇ ਮਹਿਸੂਸ ਕੀਤੀ ਹੈ । ਵਾਹਿਗੁਰੂ ਕਰੇ ਕਿ ਪਿੰਗਲਵਾੜੇ ਦੇ ਨਾਜ਼ਕ ਹਾਲਾਤ ਵਿਚ 'ਅਜੀਤ' 'ਅਕਾਲੀ ਪੱਤ੍ਰਿਕਾ' 'ਰਣਜੀਤ ਪਟਿਆਲਾ' 'ਚੜਦੀ ਕਲਾ' ਜੈਸੇ ਰੋਜ਼ਾਨਾ ਅਖ਼ਬਾਰਾਂ ਦੇ ਐਡੀਟਰਾਂ ਦੇ ਹਿਰਦਿਆਂ ਵਿਚ ਪਿੰਗਲਵਾੜੇ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਉਹ ਤੜਪ ਪੈਦਾ ਹੋ ਜਾਵੇ ਜੋ ਮਜ਼ਲੂਮਾਂ ਦੀ ਰੱਖਿਆ ਲਈ ਸਿੱਖ-ਪੰਥ ਦਾ ਖਾਸਾ ਰਿਹਾ ਹੈ । ਪਿੰਗਲਵਾੜੇ ਵਿਚ ੬੫ ਦੇ ਕਰੀਬ ਪਾਗਲ ਕੁੜੀਆਂ ਹਨ ਤੇ ਸੌ ਦੇ ਕਰੀਬ ਪਾਗਲ ਇਸਤਰੀਆਂ ਹਨ, ੪੦ ਪਾਗਲ ਮੁੰਡੇ ਹਨ, ੧੦ ਦੇ ਕਰੀਬ ਲੂਲ੍ਹੇ ਬੱਚੇ, ਸਜਾਏ ਬੱਚੇ ਵੀ ਹਨ । ਕੁੱਲ ਗਿਣਤੀ ੩੪੦ ਦੇ ਕਰੀਬ ਹੈ । (ਇਹ ਗਿਣਤੀ ਸੰਨ ੧੯੮੪ ਮੁਤਾਬਕ ਹੈ)।

ਮੈਂ ੧੯੮੪ ਦੇ ਮਹੀਨਾ ਜੁਲਾਈ ਦੀ ੧੩ ਤਾਰੀਖ਼ ਵਾਲੇ ਦਿਨ, ਦਿਨ ਦੇ ਦਸ ਵਜੇ ਇਹ ਲੇਖ ਲਿਖਾ ਰਿਹਾ ਹਾਂ । ਮੈਂ ਥੱਕਿਆ ਹੋਇਆ ਹਾਂ । ਕੱਲ੍ਹ ਮੈਂ ਜ਼ਰੂਰੀ ਕੰਮਾਂ ਲਈ ਫਿਰਦਾ ਰਿਹਾ ਹਾਂ ; ਫਿਰ ਵੀ ਅੱਜ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਸੜਕ ਦੇ ਕੰਢੇ ਬੈਠ ਕੇ ਹੱਥ ਵਿਚ ਬਾਟਾ ਫੜ ਕੇ ਸੰਗਤਾਂ ਵੱਲੋਂ ਦਾਨ ਦੀ ਬਾਰਸ਼ ਆਪਣੇ ਬਾਟੇ ਵਿਚ ਪੁਆਉਣ ਲਈ ਤਿਆਰ ਸਾਂ, ਪਰ ਇਸ ਲੇਖ ਜੈਸੇ ਅਨੇਕਾਂ ਲੇਖਾਂ ਨੂੰ ਲਿਖਣ ਦੇ ਕਾਰਨ ਨਾ ਜਾ ਸਕਿਆ; ੬ ਕੁ ਦਿਨ ਹੋਏ ਮੈਂ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਬਾਟਾ ਹੱਥ ਵਿਚ ਫੜ ਕੇ ਖੜ੍ਹਾ ਹੋਇਆ । ਸੰਗਤਾਂ ਦੇ ਦਾਨ ਦੇ ਮੀਂਹ ਦੀਆਂ ਕਣੀਆਂ ਬਾਟੇ ਵਿਚ ਪੁਆ ਰਿਹਾ ਸਾਂ ਤਾਂ ਮੈਂ ਖਲੋਤਾ ਹੋਇਆ ਹੁਨਾਲੀ ਖਾ ਕੇ ਡਿੱਗਣ ਵਾਲਾ ਬਣ ਗਿਆ । ਇਸ ਸਮੇਂ ਇਸ ਲਿਖਤ ਨੂੰ ਲਿਖਦਿਆਂ ਹੋਇਆਂ ਮੈਨੂੰ ਲਾਹੌਰ ਦੀ ਇਕ ਕਹਾਣੀ ਯਾਦ ਆਉਂਦੀ ਹੈ ··· ਇਕ ਦਿਨ ਮੈਂ ਹਨੇਰਾ ਪੈਣ ਦੇ ਵੇਲੇ ਪੰਜਵੀਂ ਪਾਤਿਸ਼ਾਹੀ ਦੇ ਗੁਰਦੁਆਰੇ ਬਾਉਲੀ ਸਾਹਿਬ ਦੇ ਲਾਗੇ ਦੇ ਬਾਜ਼ਾਰ ਵਿਚ ਇਕ ਬੰਦ ਦੁਕਾਨ ਦੇ ਥੜ੍ਹੇ ਅੱਗੇ ਤੁਰੇ ਜਾਂਦੇ ਨੇ ਇਕ ਪੰਦਰਾਂ ਸਾਲ ਦਾ ਇਕ ਮੁਸਲਮਾਨ ਮੁੰਡਾ ਲੰਮਾ ਪਿਆ ਹੀ ਭੀਖ ਮੰਗਦਾ ਦੇਖਿਆ । ਉਸਦੀ ਆਵਾਜ਼ ਧੀਮੀ ਸੀ ਤੇ ਉਸ ਦੇ ਕੋਲ ਲੰਘਣ ਵਾਲਾ ਹੀ ਉਸ ਦੀ ਆਵਾਜ਼ ਨੂੰ ਸੁਣ ਸਕਦਾ ਸੀ । ਤਿੰਨ ਗਜ ਦੇ ਫ਼ਾਸਲੇ ਤੋਂ ਉਸ ਦੀ ਆਵਾਜ਼ ਸੁਣਨੀ ਔਖੀ ਸੀ । ਮੈਂ ਉਸ ਨੂੰ ਪੁੱਛਿਆ ਕਿ ਕਾਕਾ ਤੂੰ ਦੱਸ ਕਿ ਤੂੰ



ਲੰਮਾ ਪਿਆ ਭੀਖ ਕਿਉਂ ਮੰਗਦਾ ਹੈ ? ਉਸ ਨੇ ਕਿਹਾ ਕਿ ਮੈਨੂੰ ਗਲੇ ਦੀਆਂ ਗਿਲਟੀਆਂ (ਹਜ਼ੀਰਾਂ) ਦਾ ਰੋਗ ਹੈ ਤੇ ਰੋਗ ਮੈਨੂੰ ਐਨਾ ਜਿੱਤ ਚੁੱਕਿਆ ਹੈ ਕਿ ਮੈਂ ਉੱਠ ਕੇ ਬੈਠ ਨਹੀਂ ਸਕਦਾ । ਮੈਂ ਇੱਥੋਂ ਦੋ ਤਿੰਨ ਘੰਟੇ ਲੰਮਾ ਪੈ ਕੇ ਭੀਖ ਮੰਗਦਾ ਹਾਂ ਜਦ ਇਕ ਰੁਪਏ ਦੇ ਲਾਗੇ ਪੈਸੇ ਬਣ ਜਾਂਦੇ ਹਨ ਤਾਂ ਮੈਂ ਘਰ ਨੂੰ ਚਲਾ ਜਾਂਦਾ ਹਾਂ । ਮੈਂ ਤੇ ਮੇਰੀ ਮਾਂ ਦੋ ਜਣਿਆਂ ਦਾ ਟੱਬਰ ਹੈ, ਮੇਰੀ ਇਸ ਭੀਖ ਨਾਲ ਸਾਡਾ ਦੋਹਾਂ ਜਣਿਆਂ ਦਾ ਗੁਜ਼ਾਰਾ ਹੁੰਦਾ ਹੈ । ਮੈਨੂੰ ਆਪਣੇ ਜੀਵਨ ਦੇ ਅਖੀਰਲੇ ਦਿਨ ਤਕ ਉਸ ਮੁਸਲਮਾਨ ਮੁੰਡੇ ਵਾਂਗ ਭੀਖ ਮੰਗਣੀ ਪੈਣੀ ਹੈ ਤੇ ਇਸ ਤਰ੍ਹਾਂ ਹੀ ਵਾਹਿਗੁਰੂ ਨੇ ਮੇਰੇ ਜੀਵਨ ਨੂੰ ਸਫਲ ਕਰਨ ਦਾ ਰਾਹ ਕੱਢਣਾ ਹੈ । ਜਿਉਂਦੇ ਰਹਿਣ ਉਹ ਜਿਹੜੇ ਮੇਰੀ ਸੰਸਥਾ ਦੇ ਵਿਰੁੱਧ ਸਾਜਸ਼ਾਂ ਕਰਕੇ ਪਿੰਗਲ ਨਾਮ ਨੂੰ ਵਰਤ ਕੇ ਪਿੰਗਲਵਾੜੇ ਦੀ ਹਸਤੀ ਨੂੰ ਹੀ ਸਮਾਪਤ ਕਰਨ ਦਾ ਯਤਨ ਕਰ ਰਹੇ ਹਨ । ਵਾਹਿਗੁਰੂ ਮੈਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਮੈਂ ਤੇਰੇ ਜੀਵਨ ਦਾ ਇਤਿਹਾਸ ਸਰਵਣ ਕੁਮਾਰ ਦੀ ਵਹਿੰਗੀ ਦਾ ਇਤਿਹਾਸ ਬਣਾਉਣਾ ਹੈ । ਤੇਰਾ ਪਿੰਗਲਵਾੜਾ ਸਵਾਰਥੀ ਲੋਕਾਂ ਨੇ ਚਲਣ ਨਹੀਂ ਦੇਣਾ, ਤੂੰ ਕੀ ਕਰ ਲਵੇਂਗਾ ਜਦ ਰਾਜਸੀ ਬੰਦੇ ਤੇਰੀ ਸੰਸਥਾ ਨੂੰ ਤਬਾਹ ਕਰਨ ਨੂੰ ਤੁਲੇ ਹੋਏ ਹੋਣ । ਤੂੰ ਚੰਗਾ ਕੀਤਾ ਹੈ ਕਿ ਆਪਣੇ ਕਾਰਜ ਨੂੰ ਗੁਰੂ ਦਾ ਕਾਰਜ ਸਮਝ ਰਿਹਾ ਹੈਂ ਤੇ ਵਾਹਿਗੁਰੂ ਨੂੰ ਇਸ ਦੀ ਸਹਾਇਤਾ ਦੇ ਨਵੇਂ ਰਾਹ ਕੱਢਣ ਲਈ ਬੇਨਤੀ ਕਰ ਰਿਹਾ ਹੈਂ । ਸਾਜਸ਼ਾਂ ਕਰਨ ਵਾਲੇ ਤੈਨੂੰ ਵਹਿੰਗੀ ਆਪਣੇ ਮੋਢੇ ਤੋਂ ਨਹੀਂ ਲਾਹੁਣ ਦੇਣਗੇ । ਉਹ ਤੇਰੇ ਲੂਲ੍ਹੇ ਬੱਚੇ ਦੀ ਸੇਵਾ ਦੇ ਯੱਗ ਨੂੰ ਤੈਨੂੰ ਸੜਕਾਂ ਦੇ ਕੰਢੇ ਬਿਠਾ ਕੇ ਪੂਰਾ ਕਰਨ ਦੇਣਗੇ ਜਿੱਥੇ ਤੈਨੂੰ ਹਜ਼ਾਰਾਂ ਬੰਦੇ ਪ੍ਰਤੀ-ਦਿਨ ਲੂਲ੍ਹੇ ਦਾ ਸਾਥ ਦਿੰਦੇ ਨੂੰ ਦੇਖਣਗੇ । ਸ਼ੁਕਰ ਕਰ ਵਾਹਿਗੁਰੂ ਤੈਨੂੰ ਸੜਕਾਂ ਦੇ ਕੰਢਿਆਂ 'ਤੇ ਬਿਠਾ ਕੇ ਗੁਰਦੁਆਰਾ ਡੇਹਰਾ ਸਾਹਿਬ ਦਾ ਜੱਸ ਜਨਤਾ ਵਿਚ ਖਿਲਾਰਨ ਦਾ ਅਵਸਰ ਦੇ ਰਿਹਾ ਹੈ ਜਿਸ ਗੁਰਦੁਆਰੇ ਦੇ ਬੂਹੇ ਤੋਂ ਤੂੰ ਉਹ ਲਾਵਾਰਸ ਲੂਲ੍ਹਾ ਬੱਚਾ ਚੁੱਕਿਆ ਸੀ, ਜਿਸ ਤੋਂ ਪਿੰਗਲਵਾੜਾ ਸੰਸਥਾ ਹੋਂਦ ਵਿਚ ਆਈ ਹੈ, ਜਿਸ ਦੇ ਪਿੰਗਲਾਪਨ ਤੇ ਪਿੰਗਲ ਸ਼ਬਦ ਨੂੰ ਘੜਿਆ ਸੀ । ਅੱਜ ਰਾਜਸੀ ਤਾਕਤ ਵਾਲੇ ਬੰਦੇ ਆਪਣੀ ਰਾਜਸੀ ਤਾਕਤ ਵਿਚ ਅੰਨ੍ਹੇ ਹੋ ਕੇ ਪਿੰਗਲ ਸ਼ਬਦ ਦੀ ਵਰਤੋਂ ਕਰਕੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਨੂੰ ਇਸ ਸ਼ਬਦ ਤੋਂ ਮਿਲਣ ਵਾਲੇ ਜੱਸ ਤੋਂ ਵਾਂਝਿਆਂ ਕਰਨ ਦਾ ਜਤਨ ਕਰ ਰਹੇ ਹਨ । ਜਿਸ ਗੁਰਦੁਆਰੇ ਨੂੰ ਪਿੰਗਲਵਾੜਾ ਸੰਸਥਾ ਦੀ ਸਫਲਤਾ ਦਾ ਜੱਸ ਮਿਲ ਰਿਹਾ ਹੈ । ਇਸ ਇਕੱਲੇ ਮਹਾਨ ਅਸਥਾਨ ਨੂੰ ਪਿੰਗਲਵਾੜੇ ਦੇ ਨਾਮ ਤੋਂ ਰਾਖਵਾਂ ਜੱਸ ਪ੍ਰਾਪਤ ਕਰਨ ਦਾ ਅਧਿਕਾਰ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਇਕੱਲੇ ਸਵਿੱਟਜ਼ਰਲੈਂਡ ਦੇਸ਼ ਨੂੰ ਰੈੱਡ-ਕਰਾਸ ਦੇ ਨਿਸ਼ਾਨ ਤੋਂ ਰਾਖਵਾਂ ਜੱਸ ਲੈਣ ਦਾ ਅਧਿਕਾਰ ਹੈ । ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਦਾ ਸਤਿਕਾਰ ਕਰਨ ਵਾਲੇ ਹਰ ਧਰਮੀ ਵਿਅਕਤੀ ਦਾ ਇਹ ਕਰਤੱਵ ਹੈ ਕਿ ਉਹ ਸੁਆਰਥੀ ਬੰਦਿਆਂ ਨੂੰ ਪਿੰਗਲਵਾੜਾ ਸ਼ਬਦ ਦੇ ਪਿੰਗਲ ਨਾਮ ਦੀ ਵਰਤੋਂ ਕਰਨ ਤੋਂ ਰੋਕਣ। ਸੰਸਾਰ ਵਿਚ ਸੁਆਰਥੀ ਬੰਦੇ ਸਦਾ ਪੈਦਾ ਹੁੰਦੇ ਰਹੇ ਹਨ; ਇਸ ਲਈ ਧਰਮੀ ਬੰਦਿਆਂ ਨੂੰ ਵੀ ਸਦਾ ਉਨ੍ਹਾਂ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੁੰਦੀ ਹੈ। ਮੈਂ ਇਕੱਲੇ ਬੰਦੇ ਨੇ ਗੁਰੂ ਦੀ ਓਟ ਤੇ ਸੜਕਾਂ ਦੇ ਕੰਢਿਆਂ 'ਤੇ ਗੁਰੂ ਦੀ ਨਗਰੀ ਵਿਚ ਆਪਣਾ ਕਾਰਜ ਆਰੰਭ ਕੀਤਾ ਸੀ। ਵਾਹਿਗੁਰੂ ਦੀ ਓਟ ਤੋਂ ਬਿਨਾਂ ਹੋਰ ਕੋਈ ਓਟ ਨਾ ਹੈ ਨਾ ਮੈਂ ਲਈ ਹੈ।

ਲੂਲ੍ਹੇ ਬੱਚੇ ਨੂੰ ਡੇਹਰਾ ਸਾਹਿਬ ਨੂੰ ਲਿਆਉਣ ਵਾਲੇ ਬੰਦੇ ਜਦੋਂ ਉਸ ਨੂੰ ਗੁਰਦੁਆਰਾ ਡੇਹਰਾ ਸਾਹਿਬ ਅੱਗੇ ਛੱਡ ਕੇ ਗਏ ਸਨ ਤਾਂ ਉਹ ਉਨ੍ਹਾਂ ਦੇ ਜਾਣ ਦੇ ਪਿੱਛੋਂ ਰੋਣ ਲੱਗ ਪਿਆ ਸੀ। ਮਹਾਤਮਾ ਬੁੱਧ ਦਾ ਕਥਨ ਹੈ— 'I will not allow a child to weep if I could.' ਅਰਥਾਤ ਜੇ ਮੇਰਾ ਵੱਸ ਚੱਲੇ ਤਾਂ ਮੈਂ ਕਿਸੇ ਬੱਚੇ ਨੂੰ ਰੋਣ ਨਾ ਦਿਆਂ। ਲੂਲ੍ਹੇ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਅੱਗੇ ਛੱਡਣ ਵਾਲੇ ਬੰਦੇ ਉਸ ਨੂੰ ਦੁਨੀਆਂ ਵਿਚ ਇਕੱਲਾ ਬਣਾ ਗਏ ਸਨ। ਜੇ ਕਿਸੇ ਦੇਸ਼ ਵਿਚ ਕਿਸੇ ਬੱਚੇ ਦੀ ਰੋਣ ਦੀ ਆਵਾਜ਼ ਨੂੰ ਕੋਈ ਨਾ ਸੁਣੇ ਤਾਂ ਉਸ ਬੱਚੇ ਦਾ ਬੇਸਹਾਰਾਪਨ ਉਸ ਦੇਸ਼ ਲਈ ਕਿੰਨੀ ਸ਼ਰਮ ਦੀ ਗੱਲ ਹੁੰਦੀ ਹੈ। ਇਸ ਬਾਰੇ ਹੇਠ ਲਿਖੇ ਸ਼ਬਦ Herald Begbie ਨਾਮ ਦੇ ਇਕ ਅੰਗਰੇਜ਼ੀ ਦੀ ਕਵਿਤਾ ਵਿਚੋਂ ਮਿਲਦੇ ਹਨ ਜਿਹੜੀ ਇੰਗਲੈਂਡ ਦੇਸ਼ ਦੇ ਮਾਸਿਕ ਪਰਚੇ 'ਗਰੇਟ ਥਾਟਸ' ਲੰਡਨ (Great Thoughts London) ਵਿਚ ਛਪੇ ਸਨ।

## THE SCOURGE OF WEALTH

How looks a nation's wealth while any languish ?
How fly proud banners over the homeless head ?
One man's profitable anguish.
One girl's soul lost for bread.
The child's unheeded cry from want and woe.
Do mock the trumpets when they blow.
And make the righteous dread.
What fire hath heat.
O'er looked by shivering cold.
Doth not pale hunger taint all meat.
And decent dress.



Seem shameful purple brushed by nakedness.
Who that hath gold.
Dare now life up his head and say.
Untroubled is my soul and innocent my day ?
Some men do shun.
Even the blessings of the air and sun.
Fearing to meet beneath heaven's joyful skies.
And in the goodness of the cheerful air
The mute reproach of the starving eyes,
And lips that want has locked in grave despair.
This is the scourge of wealth whereby.
Nations go down and thrones are shaken.
(Herald Begbie in "Great Thoughts, London".)

## ਦੌਲਤ ਦਾ ਕਹਿਰ

ਅਰਥਾਤ ਜਦ ਕਿਸੇ ਦੇਸ਼ ਦਾ ਕੋਈ ਇਕ ਮਨੁੱਖ ਵੀ ਗ਼ਮਾਂ ਵਿਚ ਘੁਲਦਾ ਹੈ ਤਾਂ ਉਸ ਦੀ ਦੌਲਤ ਕਿਸ ਅਰਥ ? ਬੇਘਰਿਆਂ ਦੇ ਸਿਰ ਉੱਪਰ ਝੁਲਦੇ ਝੰਡਿਆਂ ਦਾ ਕੀ ਮਖੌਲ ? ਇਕ ਪਾਸੇ ਤਾਂ ਕੋਈ ਬੰਦਾ ਆਪਣੇ ਨਫ਼ੇ ਨੁਕਸਾਨ ਦੇ ਫ਼ਿਕਰਾਂ ਵਿਚ ਡੁੱਬਾ ਹੋਇਆ ਹੋਵੇ ਤੇ ਦੂਜੇ ਪਾਸੇ ਕੋਈ ਜਵਾਨ ਕੰਨਿਆਂ ਰੋਟੀ ਬਦਲੇ ਆਪਣਾ ਸਤਯ-ਧਰਮ ਵੇਚ ਦਿੰਦੀ ਹੋਵੇ। ਜੇ ਕੋਈ ਬੱਚਾ ਗ਼ਰੀਬੀ ਜਾਂ ਦੁੱਖਾਂ ਕਰਕੇ ਰੋਂਦਾ ਹੈ ਤੇ ਉਸ ਦੀ ਪੁਕਾਰ ਅਣਸੁਣੀ ਰਹਿ ਜਾਂਦੀ ਹੈ ਤਾਂ ਫ਼ਤਹਿ ਦੇ ਬਿਗਲ ਉੱਥੇ ਹਾਸਾ ਹੋ ਜਾਂਦੇ ਹਨ ਅਤੇ ਸਭ ਨੇਕ ਮਨੁੱਖ ਕੰਬ ਉੱਠਦੇ ਹਨ। ਜਦ ਕੋਈ ਬੰਦਾ ਵੀ ਪਾਲੇ ਨਾਲ ਕੰਬਦਾ ਹੈ ਤਾਂ ਬਲਦੀ ਹੋਈ ਅੱਗ ਦਾ ਨਿੱਘਾ ਸੇਕ ਕਿਸ ਅਰਥ ? ਪੀਲੇ, ਜ਼ਰਦ ਭੁੱਖੇ ਲੋਕਾਂ ਦੇ ਹੁੰਦਿਆਂ ਲੱਗੇ ਲਗਾਏ *ਦਸਤਰਖ਼ਾਨ ਭ੍ਰਿਸ਼ਟੇ ਜਾਂਦੇ ਹਨ। ਨੰਗੇ ਲੋਕਾਂ ਦੀ ਛੋਹ ਵਧੀਆ ਤੋਂ ਵਧੀਆ ਪਹਿਰਾਵੇ ਨੂੰ ਵੀ ਲੱਜਾਜਨਕ ਕਰ ਦਿੰਦੀ ਹੈ। ਅਜਿਹੀ ਹਾਲਤ ਵਿਚ ਕਿਹੜਾ ਬੰਦਾ ਆਪਣਾ ਸਿਰ ਚੁੱਕ ਕੇ ਕਹਿ ਸਕਦਾ ਹੈ ਕਿ ਉਸ ਦੀ ਆਤਮਾ ਨਿਸ਼ਚਿੰਤ ਹੈ ਅਤੇ ਉਸ ਦਾ ਜੀਵਨ ਦੋਸ਼-ਰਹਿਤ ਹੈ। ਕੁਝ ਐਸੇ ਵੀ ਹਨ ਜੋ ਖੁੱਲ੍ਹੀ ਧੁੱਪ ਤੋਂ ਦੂਰ ਰਹਿੰਦੇ ਹਨ ਤਾਂ ਕਿ ਖੁੱਲ੍ਹੇ ਅਸਮਾਨ ਦੇ ਥੱਲੇ ਦੀ ਮਿੱਠੀ ਹਵਾ ਵਿਚ ਕਿਤੇ ਭੁੱਖੀਆਂ ਨਿਗਾਹਾਂ ਉਨ੍ਹਾਂ ਨੂੰ

*ਦਸਤਰਖ਼ਾਨ ਅਰਥਾਤ ਖਾਣ ਵਾਲੇ ਪਦਾਰਥਾਂ ਦੇ ਪ੍ਰੋਸਣ ਦੀ ਥਾਂ।

ਚੁੱਪ-ਚੁਪੀਤੇ ਲਾਹਣਤ ਨਾ ਪਾ ਜਾਣ ਅਤੇ ਗ਼ਰੀਬੀ ਕਰਕੇ ਨਿਰਾਸ਼ਾ ਵਿਚ ਹੋ ਗਏ ਬੁਲ੍ਹ ਉਨ੍ਹਾਂ ਨੂੰ ਫਿਟਕਾਰ ਨਾ ਪਾਣ । ਇਹ ਹੈ ਦੌਲਤ ਦਾ ਕਹਿਰ, ਜਿਸ ਨਾਲ ਕੌਮਾਂ ਤੇ ਸ਼ਹਿਨਸ਼ਾਹੀਆਂ ਮਿੱਟੀ ਵਿਚ ਮਿਲ ਜਾਂਦੀਆਂ ਹਨ ।

**ਜਿਹੜੇ ਪ੍ਰਾਣੀ ਆਪਣੀ ਮੁਸੀਬਤ ਦੇ ਸਮੇਂ ਵਿਚ ਇਕੱਲੇ ਰਹਿ ਜਾਂਦੇ ਹਨ, ਜਿਨ੍ਹਾਂ ਦਾ ਕੋਈ ਸਾਥੀ ਨਹੀਂ ਹੁੰਦਾ ਉਨ੍ਹਾਂ ਦਾ ਕਿੰਨਾ ਫ਼ਿਕਰ ਰੱਬ ਨੂੰ ਹੁੰਦਾ ਹੈ ਇਸ ਗੱਲ ਦਾ ਪਤਾ ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ ਦੇ ਹੇਠ ਲਿਖੇ ਸ਼ਬਦਾਂ ਤੋਂ ਲੱਗਦਾ ਹੈ:–**

## ਰੱਬ ਦੇ ਚਰਨ ਕਿੱਥੇ ਟਿਕਦੇ ਹਨ ?

੧. ਦੁਖਿਆਰੇ, ਨੀਵੇਂ ਤੇ ਗਿਰ ਚੁੱਕੇ ਮਨੁੱਖ ਜਿੱਥੇ ਵੀ ਰਹਿੰਦੇ ਹਨ, ਉੱਥੇ ਹੀ ਤੇਰੇ ਪਵਿੱਤਰ ਚਰਨ ਟਿਕਦੇ ਹਨ ।

੨. ਜਦ ਮੈਂ ਤੇਰੇ ਸਾਹਮਣੇ ਝੁਕਦਾ ਹਾਂ ਤਾਂ ਮੇਰੀ ਨਮਸਕਾਰ ਉਸ ਗਹਿਰਾਈ ਤਕ ਨਹੀਂ ਪੁੱਜਦੀ ਜਿੱਥੇ ਕਿ ਤੇਰੇ ਪੈਰ ਦੁਖਿਆਰਿਆਂ, ਨੀਵਿਆਂ ਅਤੇ ਡਿੱਗੇ ਹੋਏ ਲੋਕਾਂ ਵਿਚ ਟਿਕੇ ਹੋਏ ਹਨ ।

੩. ਮੇਰਾ ਦਿਲ ਉੱਥੇ ਨਹੀਂ ਪੁੱਜ ਸਕਦਾ ਜਿੱਥੇ ਕਿ ਤੂੰ ਗ਼ਰੀਬ, ਨੀਵਿਆਂ ਅਤੇ ਗਿਰੇ ਹੋਏ ਲੋਕਾਂ ਦਾ ਸਾਥ ਦਿੰਦਾ ਹੈ, ਜਿਨ੍ਹਾਂ ਦਾ ਕੋਈ ਸਾਥੀ ਨਹੀਂ ।

੪. ਹੰਕਾਰ ਉੱਥੇ ਨਹੀਂ ਪੁੱਜ ਸਕਦਾ ਜਿੱਥੇ ਕਿ ਤੂੰ ਗ਼ਰੀਬਾਂ, ਨੀਵਿਆਂ ਤੇ ਗਿਰੇ ਹੋਏ ਲੋਕਾਂ ਦੇ ਕੱਪੜੇ ਪਾ ਕੇ ਤੁਰਦਾ ਹੈਂ ।

(ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ ਦੀ ਪੁਸਤਕ 'ਗੀਤਾਂਜਲੀ' ਵਿਚੋਂ)

ਟੈਗੋਰ ਜੀ ਦੇ ਉੱਪਰ ਲਿਖੇ ਸ਼ਬਦਾਂ ਵਿਚ ਇਹ ਦੱਸਿਆ ਗਿਆ ਹੈ ਕਿ ਜੇਕਰ ਰੱਬ ਨੂੰ ਮਿਲਣਾ ਹੋਵੇ ਤਾਂ ਉਹ ਉੱਥੇ ਲੱਭੇਗਾ ਜਿੱਥੇ ਦੁਖਿਆਰੇ, ਨੀਵੇਂ ਤੋਂ ਨੀਵੇਂ ਬੇਆਸਰੇ ਬੰਦੇ ਰਹਿੰਦੇ ਹੋਣ, ਜਿਨ੍ਹਾਂ ਦਾ ਸਾਥੀ ਕੋਈ ਨਾ ਹੋਵੇ ।

ਰੈੱਡ-ਕਰਾਸ ਸਭਾ ਦੇ ਬਾਨੀ ਹੈਨਰੀ ਡਿਯੂਨੈਂਟ ਨੇ ਹੱਥਾਂ ਨਾਲ ਸੇਵਾ ਕੁੱਲ ਇਕ ਦੋ ਮਹੀਨੇ ਹੀ ਕੀਤੀ ਸੀ ਤੇ ਉਸ ਦੀ ਗੱਲ ਵੀ ਸਾਰੀ ਦੁਨੀਆਂ ਦੀਆਂ ਸਰਕਾਰਾਂ ਨੇ ਛੇਤੀ ਹੀ ਮੰਨ ਲਈ ਸੀ । ਉਸ ਦੀ ਗੱਲ ਨੂੰ ਸਾਰੇ ਦੇਸ਼ਾਂ ਵੱਲੋਂ ਮੰਨੀ ਜਾਣ ਵਿਚ ਵੱਧ ਤੋਂ ਵੱਧ ਛੇ ਸਾਲਾਂ ਦਾ ਸਮਾਂ ਲੱਗਿਆ ਸੀ ਜਦ ਕਿ ਮੈਨੂੰ ਇਸ ਕੰਮ ਨੂੰ ਲਾਹੌਰ ਸ਼ਹਿਰ ਦੀ ਸੇਵਾ ਮਿਲਾ ਕੇ ੬੦ਵਾਂ ਸਾਲ ਜਾ ਰਿਹਾ ਹੈ ਤੇ ਅੰਮ੍ਰਿਤਸਰ ਸ਼ਹਿਰ ਵਿਚ ਸੇਵਾ ਕਰਦਿਆਂ ੨੬ਵਾਂ ਸਾਲ ਜਾ ਰਿਹਾ ਹੈ । ਮੇਰੇ ਕਾਰਜ ਵਿਚ ਇਸ ਸਮੇਂ ਵੀ ਸਵਾਰਥੀ ਤੇ ਸਾਜਸ਼ੀ ਬੰਦੇ ਭਾਰੇ ਵਿਘਨ ਪਾ ਰਹੇ ਹਨ । ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਹੈ ਜੋ ਇਸ ਕਾਰਜ ਨੂੰ ਮੈਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਆਰੰਭ ਕੀਤਾ ਤੇ ਗੁਰੂ-ਘਰ ਦੀ ਓਟ ਲੈ ਕੇ ਹੀ ਕਰਦਾ ਰਿਹਾ ਹਾਂ, ਨਹੀਂ ਤਾਂ ਰੁਕਾਵਟਾਂ ਪਾਉਣ ਵਾਲੇ ਤਾਂ ਕਦੇ ਪਿੱਛੇ ਹਟੇ ਹੀ ਨਹੀਂ ਹਨ । ਉਨ੍ਹਾਂ ਨੂੰ ਤਾਂ ਸੁਝਦਾ ਹੀ ਰੁਕਾਵਟਾਂ ਪਾਉਣਾ ਹੈ,



ਪਰ ਭਲਾ ਹੋਵੇ ਉਨ੍ਹਾਂ ਰੁਕਾਵਟਾਂ ਪਾਉਣ ਵਾਲਿਆਂ ਦਾ, ਉਨ੍ਹਾਂ ਨੇ ਮੇਰਾ ਹੰਕਾਰ ਤੋੜਿਆ ਹੈ ਤੇ ਗੁਰੂ ਦੀ ਓਟ 'ਤੇ ਹੀ ਸਾਰੀ ਗੱਲ ਛੱਡਣ ਲਈ ਮੈਨੂੰ ਮਜ਼ਬੂਰ ਕੀਤਾ ਹੈ । ਰਾਜਸੀ ਸ਼ਕਤੀ ਵਾਲੇ ਬੰਦਿਆਂ ਨੇ ਮੇਰੇ ਉੱਤੇ ਜੋ ਜ਼ੁਲਮ ਕੀਤੇ, ਖ਼ਾਸ ਕਾਰਨਾਂ ਕਰਕੇ ਉਨ੍ਹਾਂ ਸਾਰੀਆਂ ਕਹਾਣੀਆਂ ਨੂੰ ਮੈਂ ਸ਼ਾਇਦ ਲਿਖਤੀ ਤੌਰ 'ਤੇ ਜਿਊਂਦੇ ਜੀਅ ਬਿਆਨ ਨਾ ਕਰ ਸਕਦਾ ਹੋਵਾਂ ਤੇ ਮੇਰੇ ਮਰਨ ਤੋਂ ਪਿੱਛੋਂ ਹੀ ਉਹ ਸਾਰੀਆਂ ਕਹਾਣੀਆਂ ਛਪ ਸਕਣ ।

## ਸੋ ਦਰੁ

## ਅਰਥਾਤ ਵਾਹਿਗੁਰੂ ਦਾ ਦਰਬਾਰ

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥

(ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ) ਅੰ : ੧੩੬੭

ਉੱਪਰ ਲਿਖੇ ਸਲੋਕ ਤੋਂ ਕਬੀਰ ਜੀ ਦਾ ਭਾਵ ਇਹ ਹੁੰਦਾ ਸੀ ਕਿ ਸਭ ਧਰਮ ਅਸਥਾਨ, ਸਭ ਆਸ਼ਰਮ, ਜੋ ਹਰੀ ਦੇ ਨਾਮ 'ਤੇ ਚਾਲੂ ਕੀਤੇ ਜਾਂਦੇ ਹਨ ਉਹ ਗ਼ਰੀਬਾਂ, ਅਨਾਥਾਂ ਲਈ ਵਿਸ਼ੇਸ਼ ਤੌਰ 'ਤੇ ਹੁੰਦੇ ਹਨ ।

ਹਰੀ ਨੇ ਸਰੀਰ ਦਾ ਰੂਪ ਧਾਰ ਕੇ ਗ਼ਰੀਬਾਂ, ਅਨਾਥਾਂ ਦੀ ਸੇਵਾ-ਸੰਭਾਲ ਨਹੀਂ ਕਰਨੀ ਹੁੰਦੀ, ਉਸ ਨੇ ਪ੍ਰਾਣੀ-ਮਾਤਰ ਦੀ ਹਰ ਪ੍ਰਕਾਰ ਦੀ ਸੇਵਾ ਆਪਣੇ ਸੇਵਕਾਂ ਤੇ ਆਪਣੀਆਂ ਸੰਸਥਾਵਾਂ ਤੋਂ ਹੀ ਕਰਾਉਣੀ ਹੁੰਦੀ ਹੈ । ਇਨ੍ਹਾਂ ਅਰਥਾਂ ਵਿਚ ਹੀ ਉਹ ਮਾਤਾ, ਪਿਤਾ, ਬੰਧਪ, ਭਰਾਤਾ ਤੇ ਸਭ ਦਾ ਰਾਖਾ ਹੋ ਜਾਂਦਾ ਹੈ ।

ਆਸ਼ਰਮ ਹਰੀ ਦੇ ਘਰ ਹਨ ਜਿੱਥੇ ਜਿਹੜਾ ਕੋਈ ਆਵੇ, ਉਸ ਦੀ ਭਾਵੇਂ ਕੋਈ ਵੀ ਬੇਬਸੀ ਹੋਵੇ, ਉਹ ਭਾਵੇਂ ਰੋਗ ਦੇ ਕਾਰਨ ਆਪਣੀ ਸਰੀਰਕ ਕਿਰਿਆ ਸੋਧਣ ਤੋਂ ਰਹਿ ਗਿਆ ਹੋਵੇ ਤੇ ਭਾਵੇਂ ਬੁਢਾਪੇ ਦੇ ਕਾਰਨ, ਉਸ ਨੂੰ ਉਨ੍ਹਾਂ ਤੋਂ ਸਹਾਇਤਾ ਮਿਲਣੀ ਚਾਹੀਦੀ ਹੈ, ਤਾਂ ਹੀ ਮਹਾਰਾਜ ਫ਼ੁਰਮਾਉਂਦੇ ਹਨ :–

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥**
**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**
**ਤੂੰ ਮੇਰਾ ਰਾਖਾ ਸਭਨੀ ਥਾਈ**
**ਤਾ ਭਉ ਕੇਹਾ ਕਾੜਾ ਜੀਉ ॥੧॥**

**(ਅੰਗ ੧੦੩)**

ਉਸ ਹਰੀ ਨੂੰ ਮਾਤਾ, ਪਿਤਾ, ਬੰਧਪ, ਭਰਾਤਾ ਤੇ ਰਾਖਾ ਕਹਿਣ ਤੋਂ ਹੋਰ ਕੀ ਮੁਰਾਦ ਹੋ ਸਕਦੀ ਹੈ ?

"ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ ॥"
(ਅੰਗ ੧੨੪੫)

"ਦਸਵੰਧ ਗੁਰੂ ਨਾ ਦੇਵਈ ਕੂੜ੍ ਬੋਲ ਜੋ ਖਾਏ।
ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨ ਵਸਾਹਿ।"

–ਭਾਈ ਨੰਦ ਲਾਲ

## ਧਰਮ ਦੀ ਉਪਜਾਊ ਰਚਨਾਤਮਿਕ ਸ਼ਕਤੀ

ਸਭ ਤੋਂ ਉੱਤਮ ਦਾਨ, ਸਭ ਤੋਂ ਵੱਡੇ ਵਿਦਿਆ-ਫਲ, ਸਭ ਤੋਂ ਅਮੀਰ ਕਾਢਾਂ, ਸਭ ਤੋਂ ਚੰਗੀਆਂ ਕਾਨੂੰਨ ਅਤੇ ਇਨਸਾਫ਼ ਦੀਆਂ ਸੰਸਥਾਵਾਂ ਅਰਥਾਤ ਸਾਰੀਆਂ ਵੱਡੀਆਂ ਚੀਜ਼ਾਂ ਜੋ ਦੁਨੀਆਂ ਵਿਚ ਪ੍ਰਵਾਨ ਚੜ੍ਹੀਆਂ ਹਨ ਕਿਸੇ ਹੱਦ ਤਕ ਧਰਮ ਦੀ ਉਪਜਾਊ ਰਚਨਾਤਮਿਕ ਸ਼ਕਤੀ ਦਾ ਹੀ ਨਤੀਜਾ ਹੁੰਦੀਆਂ ਹਨ।

–ਹੋਰੇਸ਼ ਬੁਸ਼ਨੇਲ

ਸੋ ਦਰੁ ਦੇ ਸਿਰਲੇਖ ਹੇਠ ਛਪੇ ਉੱਤੇ ਦਿੱਤੇ ਗਏ ਲੇਖ ਵਿਚ ਜੋ ਖ਼ਿਆਲ ਕਬੀਰ ਜੀ ਦੇ ਉੱਤੇ ਦਿੱਤੇ ਗਏ ਸ਼ਬਦ ਵਿਚ ਨਿਤਾਣਿਆਂ ਦੇ ਤਾਣ ਬਾਰੇ ਮਿਲਦਾ ਹੈ, ਉਸ ਉੱਤੇ ਸਿੱਖ ਗੁਰਦੁਆਰਿਆਂ ਦਾ ਸਫਲ ਹੋਣਾ ਕਿੰਨਾ ਜ਼ਰੂਰੀ ਹੈ, ਇਸ ਗੱਲ ਦਾ ਪਤਾ ਰੋਮਨ ਰੋਲਾਂ ਦੇ ਹੇਠ ਲਿਖੇ ਸ਼ਬਦ ਤੋਂ ਲੱਗਦਾ ਹੈ।

"Ideas have never conquered the world as ideas, but only by the force they represent. They do not grip men by their intellectual contents, but by the radiant vitality which is given off at certain periods in history…The loftiest and most sublime idea remains ineffective until the day when it becomes contagious, not by its own merits but by the merits of the groups of men in whom it becomes incarnate, by the transfusion of their blood. Then the withered plant, rose of Jerico comes suddenly to flower, grows to its full height, and fills all the air with its aroma."

—Roman Rolland

"ਵਿਚਾਰਾਂ ਨੇ ਸੰਸਾਰ ਨੂੰ ਕਦੇ ਭੀ ਨਿਰੇ ਵਿਚਾਰ ਹੀ ਹੋਣ ਦੀ ਹੈਸੀਅਤ ਵਿਚ ਨਹੀਂ ਜਿੱਤਿਆ ਹੈ ਬਲਕਿ ਇਨ੍ਹਾਂ ਨੇ ਤਾਂ ਕੰਮ ਸਦਾ ਕੇਵਲ ਉਸ ਸ਼ਕਤੀ ਦੀ ਸਹਾਇਤਾ ਨਾਲ ਹੀ ਕੀਤਾ ਹੈ ਜਿਸ ਦੀ ਪ੍ਰਤੀਨਿਧਤਾ ਇਹ ਕਰਿਆ ਕਰਦੇ ਹਨ। ਇਹ ਲੋਕਾਂ ਨੂੰ ਆਪਣੇ ਉਸ ਦਿਮਾਗੀ ਗਿਆਨ ਨਾਲ



ਨਹੀਂ ਪਕੜਿਆ ਕਰਦੇ ਜਿਹੜਾ ਗਿਆਨ ਇਨ੍ਹਾਂ ਦੇ ਅੰਦਰ ਛੁਪਿਆ ਹੋਇਆ ਹੁੰਦਾ ਹੈ ਬਲਕਿ ਇਹ ਤਾਂ ਉਨ੍ਹਾਂ ਨੂੰ ਉਸ ਉਜਲ ਜੀਵਨ-ਸ਼ਕਤੀ ਨਾਲ ਹੀ ਜਿੱਤਿਆ ਕਰਦੇ ਹਨ ਜਿਹੜੀ ਉਨ੍ਹਾਂ ਤੋਂ ਇਤਿਹਾਸ ਦੇ ਕਿਸੇ ਕਿਸੇ ਸਮੇਂ ਉੱਤੇ ਨਿਕਲਿਆ ਕਰਦੀ ਹੈ। ਕੋਈ ਵਿਚਾਰ ਭਾਵੇਂ ਕਿੰਨਾ ਉੱਚੇ ਤੋਂ ਉੱਚਾ ਤੇ ਮਹਾਨ ਤੋਂ ਮਹਾਨ ਭੀ ਕਿਉਂ ਨਾ ਹੋਵੇ ਉਹ ਉਦੋਂ ਤਕ ਬੇਅਸਰ ਰਿਹਾ ਕਰਦਾ ਹੈ ਜਦੋਂ ਤਕ ਕਿ ਉਹ ਆਪਣੇ ਅੰਦਰ ਦੂਜਿਆਂ ਨੂੰ ਪਕੜਨ ਦੀ ਉਹ ਸ਼ਕਤੀ ਨਾ ਧਾਰਨ ਕਰ ਲਵੇ ਜਿਹੜੀ ਸ਼ਕਤੀ ਉਸ ਨੂੰ ਆਪਣੇ ਅੰਦਰ ਦੇ ਗਿਆਨ ਤੋਂ ਨਹੀਂ ਬਲਕਿ ਜਿਹੜੀ ਸ਼ਕਤੀ ਉਸ ਅੰਦਰ ਉਨ੍ਹਾਂ ਬੰਦਿਆਂ ਦਾ ਲਹੂ ਪਾਉਣ ਨਾਲ ਪੈਦਾ ਹੋਇਆ ਕਰਦੀ ਹੈ ਜਿਨ੍ਹਾਂ ਦੇ ਹਿਰਦਿਆਂ ਦੇ ਅੰਦਰ ਉਹ ਵਿਚਾਰ ਆਪਣਾ ਸਰੀਰ ਧਾਰਨ ਕਰ ਲਿਆ ਕਰਦਾ ਹੈ, ਤਾਂ ਫਿਰ ਉਸ ਸਮੇਂ ਇਕ ਮੁਰਝਾਇਆ ਹੋਇਆ ਗ਼ੁਲਾਬ ਦਾ ਬੂਟਾ ਝਟ ਫੁੱਲ ਲੈ ਆਇਆ ਕਰਦਾ ਹੈ ਅਤੇ ਉਸ ਵੇਲੇ ਹਵਾ ਨੂੰ ਆਪਣੀ ਸੁਗੰਧੀ ਨਾਲ ਭਰ ਦਿੱਤਾ ਕਰਦਾ ਹੈ।"

ਧਰਮ ਦੇ ਨਿੱਘਰ ਭਾਵਾਂ ਵਾਲੇ ਮਜ਼ਹਬੀ ਬੰਦੇ ਲਾਵਾਰਸ ਜਾਂ ਗਰੀਬ ਬੱਚਿਆਂ ਦੀਆਂ ਜਾਨਾਂ ਨੂੰ ਬਚਾਉਣ ਦੇ ਮਸਲਿਆਂ ਦੇ ਸੰਬੰਧ ਵਿਚ ਆਪਣੇ ਮਜ਼ਹਬਾਂ ਦੇ ਬਾਨੀਆਂ ਦੀ ਯਾਦ ਨੂੰ ਚਮਕਾਉਣ ਲਈ ਇਹੋ ਜਿਹੀਆਂ ਨਵੀਆਂ ਰੀਤਾਂ ਚਲਾਇਆ ਕਰਦੇ ਹਨ, ਇਸ ਗੱਲ ਦੀ ਇਕ ਬਹੁਤ ਵੱਡੀ ਮਿਸਾਲ ਈਸਾਈ ਧਰਮ ਦੇ ਇਤਿਹਾਸ ਵਿਚੋਂ ਹੇਠ ਲਿਖੀ ਮਿਲਦੀ ਹੈ :-

## ਤਪਦਿਕ ਦੀਆਂ ਟਿਕਟਾਂ ਦੀ ਕਹਾਣੀ

ਸੰਨ ੧੯੦੩ ਵਿਚ ਆਏ ਈਸਾ ਮਸੀਹ ਦੇ ਜਨਮ ਦਿਹਾੜੇ 'ਤੇ ਯੂਰਪ ਦੇ ਦੇਸ਼ ਡੈਨਮਾਰਕ ਦੇ ਇਕ ਸ਼ਹਿਰ ਦੇ ਡਾਕਖ਼ਾਨੇ ਵਿਚ ਬੈਠਾ ਹੋਇਆ ਇਕ ਡਾਕੀਆ ਜਿਸ ਦਾ ਨਾਮ ਏਨਰ ਹੋਲਬੋਇਲ ਸੀ, ਡਾਕ ਛਾਂਟ ਰਿਹਾ ਸੀ। ਉਸ ਨੇ ਆਪਣੇ ਡਾਕਖ਼ਾਨੇ ਦੇ ਲਾਗਿਓਂ ਦੀ ਲੰਘੇ ਜਾਂਦੇ ਕੁਝ ਬੱਚਿਆਂ ਦੀ ਦੁਖ ਭਰੀ ਆਵਾਜ਼ ਸੁਣੀ। ਉਸ ਆਵਾਜ਼ ਦਾ ਪਤਾ ਕਰਨ ਲਈ ਜਦੋਂ ਉਸ ਨੇ ਡਾਕਖ਼ਾਨੇ ਤੋਂ ਬਾਹਰ ਤੱਕਿਆ ਤਾਂ ਉਸ ਨੂੰ ਕੁਝ ਬੱਚੇ ਲੰਗੜਾਅ ਕੇ ਤੁਰੇ ਜਾਂਦੇ ਤੇ ਹਾਏ-ਹਾਏ ਕਰਦੇ ਜਾਂਦੇ ਦਿਸੇ। ਬੱਚਿਆਂ ਤੋਂ ਪੁੱਛ-ਗਿੱਛ ਕੀਤਿਆਂ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਹੱਡੀ ਦੇ ਤਪਦਿਕ ਦਾ ਰੋਗ ਹੈ ਤੇ ਉਹ ਇਕ ਹਸਪਤਾਲ ਤੋਂ ਵਾਪਿਸ ਮੁੜੇ ਆ ਰਹੇ ਹਨ। ਕੋਈ ਹਸਪਤਾਲ ਉਨ੍ਹਾਂ ਨੂੰ ਦਾਖ਼ਿਲ ਨਹੀਂ ਕਰਦਾ ਤੇ ਇਲਾਜ ਤੋਂ ਬਿਨਾਂ ਉਹ ਦੁੱਖ ਪਾ ਰਹੇ ਹਨ। ਉਨ੍ਹਾਂ ਬੱਚਿਆਂ ਦੀ ਦੁੱਖ-ਭਰੀ ਹਾਲਤ ਦੇਖ ਕੇ ਹੋਲਬੋਇਲ ਡਾਕਖ਼ਾਨੇ ਨੂੰ ਵਾਪਿਸ ਮੁੜ ਆਇਆ ਤੇ ਆਪਣੇ ਕਮਰੇ ਵਿਚ ਆ ਕੇ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ। ਉਸ ਨੇ ਆਪਣੇ ਆਪ ਨੂੰ ਕਿਹਾ ਕਿ ਹੇ ਹੋਲਬੋਇਲ ਤੂੰ ਬੰਦਾ

ਤਾਂ ਭਾਵੇਂ ਇਕ ਬਹੁਤ ਛੋਟੇ ਦਰਜੇ ਦਾ ਹੈਂ ਪਰ ਤੇਰੀਆਂ ਅੱਖਾਂ ਅੱਗੇ ਦੇਸ਼ ਦੇ ਰੋਗੀ ਬੱਚਿਆਂ ਦੀ ਅਧੋਗਤੀ ਦਾ ਬਹੁਤ ਵੱਡਾ ਮਸਲਾ ਆਇਆ ਹੈ । ਇਸ ਵੱਡੇ ਮਸਲੇ ਦੇ ਹੱਲ ਲਈ ਤੇਰਾ ਦਿਲ ਤੜਫ ਵੀ ਰਿਹਾ ਹੈ ਤੇ ਤੂੰ ਇਸ ਦਾ ਹੱਲ ਤੁਰੰਤ ਵੀ ਚਾਹੁੰਦਾ ਹੈ, ਫਿਰ ਤੂੰ ਸੋਚ ਕਿ ਗ਼ਰੀਬ ਆਦਮੀ ਹੁੰਦਿਆਂ ਹੋਇਆਂ ਇਸ ਮਸਲੇ ਨੂੰ ਤੂੰ ਕਿਸ ਤਰ੍ਹਾਂ ਹੱਲ ਕਰ ਸਕੇਂਗਾ ? ਜਦੋਂ ਹੋਲਬੋਇਲ ਆਪਣੇ ਮਨ ਵਿਚ ਇਹ ਵਿਚਾਰਾਂ ਕਰ ਰਿਹਾ ਸੀ ਤਾਂ ਸੋਚਾਂ ਦੇ ਸਮੁੰਦਰ ਵਿਚ ਡੁੱਬੇ ਹੋਏ ਦੀ ਉਸ ਦੀ ਨਿਗ੍ਹਾ ਡਾਕ ਦੇ ਕਾਰਡਾਂ, ਲਿਫ਼ਾਫ਼ਿਆਂ ਦੇ ਪੈਕਟਾਂ ਉੱਤੇ ਪਈ, ਜਿਨ੍ਹਾਂ ਦੇ ਢੇਰ ਉਸ ਦਿਹਾੜੇ ਆਮ ਦਿਨਾਂ ਨਾਲੋਂ ਬਹੁਤ ਵੱਡੇ ਸਨ ਕਿਉਂਕਿ ਉਸ ਦਿਨ ਸ਼ਹਿਰ ਦੇ ਬੰਦਿਆਂ ਨੂੰ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਵੱਲੋਂ ਈਸਾ ਮਸੀਹ ਦੇ ਜਨਮ ਦਿਨ ਦੀ ਖ਼ੁਸ਼ੀ ’ਤੇ ਵਧਾਈਆਂ ਦੀਆਂ ਚਿੱਠੀਆਂ ਤੇ ਸੁਗਾਤਾਂ ਬਹੁਤ ਗਿਣਤੀ ਵਿਚ ਪੁੱਜੀਆਂ ਹੋਈਆਂ ਸਨ । ਇਸ ਤੋਂ ਉਸ ਨੂੰ ਇਹ ਖ਼ਿਆਲ ਫੁਰਿਆ ਕਿ ਅੱਜ ਈਸਾ ਮਸੀਹ ਜੀ ਦਾ ਜਨਮ-ਦਿਨ ਹੈ, ਇਸ ਲਈ ਅੱਜ ਹਰ ਈਸਾਈ ਹਜ਼ਰਤ ਈਸਾ ਜੀ ਦੇ ਨਾਮ ਉੱਤੇ ਜਿੱਥੇ ਆਪਣੇ ਘਰ ਵਿਚ ਖ਼ੁਸ਼ੀ ਮਨਾਉਣ ਤੇ ਮਿਠਿਆਈਆਂ ’ਤੇ ਖ਼ਰਚ ਕਰਦਾ ਹੋਵੇਗਾ ਉੱਥੇ ਉਹ ਆਪਣੇ ਘਰੋਂ ਦਾਨ ਵੀ ਕਰਨਾ ਚਾਹੁੰਦਾ ਹੋਵੇਗਾ । ਸੋ, ਮੈਂ ਕਿਉਂ ਨਾ ਇਸ ਮਹਾਨ ਦਿਨ ਦਾ ਲਾਭ ਉਠਾਵਾਂ ਜਿਸ ਦਿਨ ਮੇਰੇ ਅੱਗੇ ਦੇਸ਼ ਦਾ ਇਹ ਬਹੁਤ ਵੱਡਾ ਮਸਲਾ ਖੜ੍ਹਾ ਹੋਇਆ ਹੈ । ਉਸ ਨੂੰ ਇਹ ਗੱਲ ਸੁੱਝੀ ਕਿ ਉਸ ਅੱਗੇ ਡਾਕ ਦੇ ਭਾਵੇਂ ਕਾਰਡ ਪਏ ਹਨ, ਭਾਵੇਂ ਲਿਫ਼ਾਫ਼ੇ ਤੇ ਭਾਵੇਂ ਪੈਕਟ, ਹਰ ਇਕ ਉੱਤੇ ਡਾਕ ਦਾ ਇਕ ਇਕ ਟਿਕਟ ਲੱਗਿਆ ਹੋਇਆ ਹੈ, ਫਿਰ ਉਹ ਕਿਉਂ ਨਾ ਆਪਣੇ ਦੇਸ਼ ਵਾਸੀਆਂ ਨੂੰ ਈਸਾ ਜੀ ਦੇ ਨਾਮ ਦਾ ਵਾਸਤਾ ਦੇ ਕੇ ਇਹ ਬੇਨਤੀ ਕਰੇ ਕਿ ਮਿਠਿਆਈਆਂ ਅਤੇ ਹੋਰਨਾਂ ਸੁਗਾਤਾਂ ਉੱਤੇ ਕੀਤੇ ਖ਼ਰਚਾਂ ਦੇ ਨਾਲ ਨਾਲ ਉਹ ਹਰ ਸਾਲ ਇਸ ਦਿਹਾੜੇ ਉੱਤੇ ਇਕ ਨਾ-ਮਾਤਰ ਮੁੱਲ ਦਾ ਕੇਵਲ ਇਕ ਟਿਕਟ ਖ਼ਰੀਦਣਾ ਮਿੱਥ ਲੈਣ ਜਿਹੜੀ ਵਿਕੇ ਤਾਂ ਭਾਵੇਂ ਡਾਕਖ਼ਾਨਿਆਂ ਵਿਚੋਂ ਹੀ ਪਰ ਉਸ ਦੀ ਸਾਰੀ ਵੱਟਕ ਨੂੰ ਬੱਚਿਆਂ ਦੇ ਤਪਦਿਕ ਦੇ ਹਸਪਤਾਲ ਬਣਾਉਣ ਅਤੇ ਚਲਾਉਣ ਵਿਚ ਖ਼ਰਚ ਕੀਤਾ ਜਾਵੇ । ਆਪਣੇ ਹਿਰਦੇ ਵਿਚ ਇਸ ਖ਼ਿਆਲ ਦੇ ਆਉਣ ਉੱਤੇ ਹੋਲਬੋਇਲ ਨੇ ਬਾਕੀ ਸਭ ਡਾਕੀਆਂ ਨੂੰ ਆਵਾਜ਼ ਮਾਰੀ ਤੇ ਉਨ੍ਹਾਂ ਨੂੰ ਦੱਸਿਆ ਕਿ ਕਿਵੇਂ ਬੱਚਿਆਂ ਦੀ ਦੁਰਦਸ਼ਾ ਨੂੰ ਵੇਖ ਕੇ ਉਸ ਦੇ ਹਿਰਦੇ ਵਿਚ ਇਕ ਅਜਿਹਾ ਵਿਚਾਰ ਉਤਪੰਨ ਹੋਇਆ ਹੈ ਜਿਸ ’ਤੇ ਅਮਲ ਕੀਤਿਆਂ ਆਸਾਨੀ ਨਾਲ ਬੱਚਿਆਂ ਲਈ ਹਸਪਤਾਲ ਖੜ੍ਹੇ ਕੀਤੇ ਜਾ ਸਕਦੇ ਹਨ । ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਦੇਸ਼ ਦੇ ਇਸ ਜ਼ਰੂਰੀ ਮਸਲੇ ਨੂੰ ਨਿੱਜੀ ਤੌਰ ’ਤੇ ਹੱਲ ਕਰਨ



ਦੀ ਭਾਵੇਂ ਉਸ ਪਾਸ ਕੋਈ ਸ਼ਕਤੀ ਨਹੀਂ ਤਾਂ ਵੀ ਉਹ ਇਹ ਮੰਨਣ ਲਈ ਤਿਆਰ ਨਹੀਂ ਕਿ ਦੇਸ਼ ਦੇ ਗ਼ਰੀਬ ਬੱਚਿਆਂ ਲਈ ਹਸਪਤਾਲਾਂ ਨੂੰ ਖੜ੍ਹਾ ਕਰਨਾ ਕੇਵਲ ਸਰਕਾਰ ਦਾ ਹੀ ਕੰਮ ਹੈ । ਇਸ ਖ਼ਿਆਲ ਨਾਲ ਉਸ ਦੀ ਨਿਗਾਹ ਜਨਤਾ ’ਤੇ ਪਈ ਹੈ ਤੇ ਉਸ ਨੂੰ ਇਹ ਖ਼ਿਆਲ ਪੈਦਾ ਹੋਇਆ ਹੈ ਕਿ ਦਇਆ ਦੀ ਭਾਵਨਾ ਦੇ ਆਧਾਰ ਉੱਤੇ ਜਨਤਾ ਦੇ ਸਾਂਝੇ ਉੱਦਮ ਨਾਲ ਹੀ ਸ਼ਾਇਦ ਇਸ ਮਸਲੇ ਦਾ ਹੱਲ ਨਿਕਲ ਸਕੇ ਤੇ ਉਸ ਨੂੰ ਇਹ ਗੱਲ ਸੁਝੀ ਹੈ ਕਿ ਅੱਜ ਦੇ ਦਿਹਾੜੇ ਹਰ ਈਸਾਈ, ਈਸਾ ਮਸੀਹ ਦੇ ਨਾਮ ਉੱਤੇ ਰੱਬ ਲੇਖੇ ਥੋੜ੍ਹਾ ਜਿਹਾ ਹਿੱਸਾ ਪਾਵੇ ਜੋ ਉਸ ਨੂੰ ਭਾਰ ਹੋ ਕੇ ਵੀ ਨਾ ਦਿੱਸੇ । ਉਸ ਨੇ ਸਾਥੀਆਂ ਨੂੰ ਡਾਕ ਦੇ ਟਿਕਟ ਦੀ ਵਿਉਂਤ ਸਮਝਾਈ ਜਿਸ ਵਿਉਂਤ ਨੂੰ ਉਹ ਆਪਣੇ ਬਾਦਸ਼ਾਹ ਪਾਸ ਇਕ ਡੈਪੂਟੇਸ਼ਨ ਦੀ ਸ਼ਕਲ ਵਿਚ ਲੈ ਕੇ ਜਾਣ । ਹੋਲਬੋਇਲ ਦੀਆਂ ਇਹ ਗੱਲਾਂ ਸੁਣ ਕੇ ਉਸ ਦੇ ਸਾਥੀਆਂ ਨੇ ਉਸ ਨੂੰ ਕਿਹਾ ਕਿ ਉਨ੍ਹਾਂ ਨੂੰ ਉਸ ਦੀ ਗੱਲ ਬਹੁਤ ਪਸੰਦ ਆਈ ਹੈ ਤੇ ਉਹ ਉਸ ਨਾਲ ਬਾਦਸ਼ਾਹ ਪਾਸ ਜਾਣ ਲਈ ਤਿਆਰ ਹਨ । ਸੋ ਹੋਲਬੋਇਲ ਆਪਣੇ ਸਾਥੀ ਡਾਕੀਆਂ ਦਾ ਡੈਪੂਟੇਸ਼ਨ ਲੈ ਕੇ ਬਾਦਸ਼ਾਹ ਪਾਸ ਹਾਜ਼ਰ ਹੋਇਆ ਤੇ ਉਸ ਦੀ ਮਲਕਾ ਦੀ ਹਾਜ਼ਰੀ ਵਿਚ ਉਸ ਨੂੰ ਸਾਰੀ ਗੱਲਬਾਤ ਦੱਸੀ । ਬਾਦਸ਼ਾਹ ਤੇ ਉਸਦੀ ਮਲਕਾ ਦੋਵੇਂ ਜਣੇ ਹੋਲਬੋਇਲ ਦੀ ਗੱਲ ਨੂੰ ਸੁਣ ਕੇ ਬਹੁਤ ਖ਼ੁਸ਼ ਹੋਏ ਤੇ ਉਨ੍ਹਾਂ ਨੇ ਉਸ ਦੀ ਤਜਵੀਜ਼ ਨੂੰ ਪਰਵਾਨ ਕਰ ਲਿਆ । ਬਾਦਸ਼ਾਹ ਦੇ ਹੁਕਮ ਨਾਲ ਅਗਲੇ ਸਾਲ ਸੰਨ ੧੯੦੪ ਵਿਚ ਹੀ ਬੱਚਿਆਂ ਦੇ ਤਪਦਿਕ ਦੇ ਹਸਪਤਾਲਾਂ ਲਈ ਡਾਕ ਦੀਆਂ ਟਿਕਟਾਂ ਵਿਕਣੀਆਂ ਸ਼ੁਰੂ ਹੋ ਗਈਆਂ ਤੇ ਉਨ੍ਹਾਂ ਦਾ ਨਾਮ **‘ਤਪਦਿਕ ਦੀਆਂ ਟਿਕਟਾਂ’** ਰੱਖਿਆ ਗਿਆ । ਟਿਕਟਾਂ ਦਾ ਮੁੱਲ ਕੇਵਲ ਪੰਜੀ-ਦੱਸੀ ਦੇ ਗੇੜ ਵਿਚ ਸੀ । ਪਹਿਲੇ ਸਾਲ ਹੀ ਡੈਨਮਾਰਕ ਦੇਸ਼ ਦੇ ਹਰ ਬੰਦੇ ਨੇ ਇਕ ਟਿਕਟ ਦੀ ਥਾਂ ਦੋ ਟਿਕਟ ਖ਼ਰੀਦੀਆਂ ਅਤੇ ਉਨ੍ਹਾਂ ਟਿਕਟਾਂ ਦੀ ਵੱਟਕ ਨਾਲ ਹੀ ਤਪਦਿਕ ਦੇ ਰੋਗੀ ਬੱਚਿਆਂ ਲਈ ਉਹ ਹਸਪਤਾਲ ਬਣਿਆ ਜਿਹੜਾ ਦੇਸ਼ ਦੇ ਸਭਨਾਂ ਹਸਪਤਾਲਾਂ ਤੋਂ ਵਧੀਆ ਸੀ । ਡੈਨਮਾਰਕ ਦੇਸ਼ ਦੀ ਟਿਕਟ ਵਾਲੀ ਵਿਉਂਤ ਨੂੰ ਅਮਰੀਕਾ, ਕੈਨੇਡਾ ਤੇ ਯੂਰਪ ਦੇ ਅਨੇਕਾਂ ਦੇਸ਼ਾਂ ਨੇ ਤੁਰੰਤ ਅਪਣਾਇਆ ਤੇ ਆਪਣੇ-ਆਪਣੇ ਦੇਸ਼ ਦੇ ਡਾਕਖ਼ਾਨਿਆਂ ਵਿਚ ਈਸਾ ਮਸੀਹ ਜੀ ਦੇ ਜਨਮ ਦਿਨ ’ਤੇ ਵਿਕਣ ਵਾਲੀਆਂ ਇਹ ਟਿਕਟਾਂ ਚਾਲੂ ਕਰ ਦਿੱਤੀਆਂ । ਭਾਰਤ ਨੇ ਵੀ ਇਸ ਟਿਕਟ ਨੂੰ ਸੰਨ ੧੯੫੧ ਦੇ ਲਾਗੇ ਬੜੀ ਦੇਰ ਨਾਲ ਜਾ ਕੇ ਚਾਲੂ ਕੀਤਾ । ਹਰ ਦੇਸ਼ ਵਿਚ ਇਨ੍ਹਾਂ ਟਿਕਟਾਂ ਨੂੰ ਉਸ ਦੇਸ਼ ਦਾ ਰਾਸ਼ਟਰਪਤੀ ਪਹਿਲੀ ਟਿਕਟ ਆਪ ਖ਼ਰੀਦ ਕੇ ਚਾਲੂ ਕਰਿਆ ਕਰਦਾ ਹੈ ।

# ਸੋਸਾਇਟੀਆਂ ਦੀ ਰਜਿਸਟਰੇਸ਼ਨ ਦਾ ਕਾਨੂੰਨ

ਸੋਸਾਇਟੀਆਂ ਦੀ ਰਜਿਸਟਰੇਸ਼ਨ ਦੇ ਸੰਬੰਧ ਵਿਚ ਜਿਹੜਾ ਕਾਨੂੰਨ ਭਾਰਤ ਸਰਕਾਰ ਨੇ ਪਾਸ ਕੀਤਾ ਹੋਇਆ ਹੈ ਉਹ ਸੰਨ ੧੮੬੦ ਵਿਚ ਪਾਸ ਹੋਇਆ, ਹੋਇਆ ਕਾਨੂੰਨ ਹੈ । ਸੋਸਾਇਟੀਆਂ ਦੀ ਰਜਿਸਟਰੇਸ਼ਨ ਦੇ ਸੰਬੰਧ ਵਿਚ ਵੱਖ-ਵੱਖ ਰਿਆਸਤਾਂ ਦੀਆਂ ਸਰਕਾਰਾਂ ਨੇ ਜਿਹੜੇ ਕਾਨੂੰਨ ਪਾਸ ਕੀਤੇ ਹਨ, ਭਾਰਤ ਸਰਕਾਰ ਦਾ ਕਾਨੂੰਨ ਤੇ ਰਿਆਸਤਾਂ ਦੇ ਉਨ੍ਹਾਂ ਸਾਰੇ ਕਾਨੂੰਨਾਂ ਦੀ ਇਕ ਪੁਸਤਕ ਛਪੀ ਹੋਈ ਹੈ ਜਿਸ ਦਾ ਨਾਮ ਸੋਸਾਇਟੀਜ਼ ਰਜਿਸਟਰੇਸ਼ਨ ਐਕਟ ਹੈ । ਉਸ ਪੁਸਤਕ ਦੇ ਪੰਨਾ ੩੨੯ ਉੱਤੇ ਤਾਮਿਲਨਾਡੂ ਸਰਕਾਰ ਦਾ ਸੰਨ ੧੯੭੫ ਵਿਚ ਪਾਸ ਕੀਤਾ ਹੋਇਆ ਕਾਨੂੰਨ ਹੈ । ਉਸ ਕਾਨੂੰਨ ਵਿਚ ਇਹ ਲਿਖਿਆ ਹੋਇਆ ਹੈ ਕਿ ਸੋਸਾਇਟੀਆਂ ਦੇ ਰਜਿਸਟਰਾਰ ਨੂੰ ਇਹ ਇਖ਼ਤਿਆਰ ਹੈ ਕਿ ਜੇ ਉਹ ਦੇਖੇ ਕਿ ਉਸ ਦੇ ਅੱਗੇ ਜਿਹੜਾ ਨਾਮ ਕਿਸੇ ਨਵੀਂ ਸੋਸਾਇਟੀ ਦਾ ਪ੍ਰਵਾਨਗੀ ਲਈ ਆਇਆ ਹੈ, ਉਸ ਸੋਸਾਇਟੀ ਦੇ ਨਾਮ ਜੈਸਾ ਜਾਂ ਉਸ ਨਾਮ ਦੇ ਨਾਲ ਨੇੜੇ ਤੋਂ ਮੇਲ ਖਾਂਦਾ ਹੋਇਆ ਕੋਈ ਨਾਮ ਕਿਸੇ ਸੋਸਾਇਟੀ ਦਾ ਪਹਿਲਾ ਰਜਿਸਟਰ ਹੋਇਆ ਹੋਵੇ ਤਾਂ ਉਹ ਉਸ ਨਵੇਂ ਨਾਮ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦੇਵੇ । ਹੇਠਾਂ ਮੈਂ ਉਸ ਪੁਸਤਕ ਵਿਚ ਛਪੇ ਹੋਏ ਉਸ ਕਾਨੂੰਨ ਨੂੰ ਆਰਜੀ ਸ਼ਬਦਾਂ ਵਿਚ ਦਿੰਦਾ ਹਾਂ :-

*Reproduced from the book* SASTRI'S

Society registration act

## (Act No. XXI of 1860)

The Tamil Nadu Registration Act. 1975

## (Act No. 27 of 1975)

(Central and states) Chapter II

Seventh Edition 1983

**Constitution and Registration Page 329**

No. 9 Name of Society :- No SOCIETY shall be registered by a name which, in the opinion—of the Registrar, is undesirable

Explanation :- For the purpose of this sub-section, the



name of a society shall be deemed to be undesirable, if such name is —

a) Obscene or against decency and decorum; or

b) Likely to promote disharmony or feelings of enmity, or hatred or ill-will between different religious, recital, language, or regional groups or castes or communities; or

**c) identical with, or too nearly resembles, the name by which a society in existence has been previously registered.**

identical; having exactly the same wording, contents,

Resemble, to be like or similar to in appearance

To liken; to compare; to represent as like something else.

To cause to be like or similar.

To counterfeit; to copy; to imitate

ਦੇਸ਼ ਤੇ ਸੰਸਾਰ ਦੇ ਹਰ ਪ੍ਰਕਾਰ ਦੇ ਮਸਲਿਆਂ ਦੀ ਖੋਜ ਦੇ ਪਰਚਾਰ

**ਲਈ ਵੰਡੇ ਜਾ ਰਹੇ ਪਿੰਗਲਵਾੜੇ ਦੇ ਕਿਤਾਬਚਿਆਂ**

ਤੇ ਇਸ਼ਤਿਹਾਰਾਂ ਦੇ ਕਾਰਜ ਵਿਚ ਸ਼ਾਮਲ ਹੋ ਕੇ ਦੇਸ਼ ਤੇ ਸੰਸਾਰ ਵਿਚ ਸੁਖ-ਸ਼ਾਂਤੀ ਲਿਆਉਣ ਲਈ ਆਪਣਾ ਹਿੱਸਾ ਪਾਓ

**Government of the Community**

If we look upon democracy as a mark of civilization, the budding citizen must not take things for granted, but must know how they have come into being, must know their value and consequently learn to cherish and fight for their preservation when they are challenged. Before the form to be taken by education for citizenship can be determined, the young citizen should understand what underlies the appeals of democracy and of dictatorship. One of the conscious and deliberate aims of the teacher must therefore be to interest his pupils in the affairs of the modern world and thus help to develop a wise social judgement. This is not done at any rate, in normal times, anywhere near enough. In fact, just as in science or medicine so in national and international affairs, the public in general far too appethetic and shows little or no interest until something goes wrong, such as war. How many times have we heard people say recently, "I have learned more geography and history during this war than I had learned in the rest of my life before".

Book—'Social Studies and World Citizenship' by L.J.F. Brimble. Manchester. England.

## ਜਨਤਾ ਦੀ ਸਰਕਾਰ

ਜੇਕਰ ਅਸੀਂ ਲੋਕ ਰਾਜ ਨੂੰ ਸੱਭਿਅਤਾ ਦਾ ਲੱਛਣ ਗਿਣਦੇ ਹਾਂ ਤਾਂ ਫਿਰ ਜੀਵਨ ਦੇ ਪੰਧ ਵਿਚ ਪੈਰ ਧਰਨ ਲੱਗੇ ਹਰ ਨਾਗਰਿਕ ਨੂੰ ਲੋਕ ਰਾਜ



ਦੀ ਹਰ ਚੀਜ਼ ਚੁੱਪ-ਚਾਪ ਨਹੀਂ ਮੰਨ ਲੈਣੀ ਚਾਹੀਦੀ, ਬਲਕਿ ਇਹ ਪਤਾ ਭੀ ਜ਼ਰੂਰ ਕਰਨਾ ਚਾਹੀਦਾ ਹੈ ਕਿ ਉਹ ਚੀਜ਼ ਕਿਵੇਂ ਪੈਦਾ ਹੋਈ । ਉਸ ਨੂੰ ਉਨ੍ਹਾਂ ਚੀਜ਼ਾਂ ਦੀ ਮਹਾਨਤਾ ਸਮਝਣੀ ਚਾਹੀਦੀ ਹੈ । ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਜਦੋਂ ਕਦੀ ਉਨ੍ਹਾਂ ਲਈ ਖ਼ਤਰਾ ਪੈਦਾ ਹੋਵੇ ਤਾਂ ਉਨ੍ਹਾਂ ਨੂੰ ਬਚਾਉਣ ਲਈ ਲੜਨਾ ਭੀ ਚਾਹੀਦਾ ਹੈ । ਨਾਗਰਿਕਤਾ ਦਾ ਰੂਪ ਵਿਦਿਆ ਦਵਾਰਾ ਨਿਸ਼ਚਿਤ ਕਰਨ ਤੋਂ ਪਹਿਲਾਂ ਉਸ ਨੂੰ ਇਸ ਗੱਲ ਦਾ ਪਤਾ ਕਰਨਾ ਚਾਹੀਦਾ ਹੈ ਕਿ ਲੋਕ-ਰਾਜ ਅਤੇ ਡਿਕਟੇਟਰੀ ਦੇ ਹੱਕ ਵਿਚ ਕੀਤੀਆਂ ਜਾਣ ਵਾਲੀਆਂ ਬੇਨਤੀਆਂ ਦੀ ਤਹਿ ਹੇਠ ਕੀ-ਕੀ ਗੱਲਾਂ ਹਨ । ਇਸ ਲਈ ਹਰ ਅਧਿਆਪਕ ਦੇ ਸੋਚੇ-ਸਮਝੇ ਮਨੋਰਥਾਂ ਵਿਚੋਂ ਇਕ ਮਨੋਰਥ ਇਹ ਵੀ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਸ਼ਾਗਿਰਦਾਂ ਅੰਦਰ ਵਰਤਮਾਨ ਸੰਸਾਰ ਦਿਆਂ ਮਸਲਿਆਂ ਲਈ ਦਿਲਚਸਪੀ ਪੈਦਾ ਕਰੇ ਅਤੇ ਉਨ੍ਹਾਂ ਨੂੰ ਆਪਣੇ ਸਮਾਜਿਕ ਮਸਲਿਆਂ ਉੱਤੇ ਸਿਆਣਪ ਭਰੇ ਵਿਚਾਰ ਪੈਦਾ ਕਰਨ ਲਈ ਹਦਾਇਤਾਂ ਦੇਵੇ । ਘੱਟੋ ਘੱਟ ਇਸ ਸਮੇਂ ਤੇ ਅਜਿਹੀ ਵਿਦਿਆ ਘੱਟ ਹੀ ਦਿੱਤੀ ਜਾ ਰਹੀ ਹੈ । ਸੱਚ ਇਹ ਹੈ ਕਿ ਜਿਵੇਂ ਸਾਇੰਸ ਅਤੇ ਦਵਾਈ ਦੇ ਮਾਮਲੇ ਵਿਚ ਆਮ ਜਨਤਾ ਬੇਪਰਵਾਹ ਹੁੰਦੀ ਹੈ ਤਿਵੇਂ ਕੌਮੀ ਅਤੇ ਕੌਮਾਂਤਰੀ ਮਸਲਿਆਂ ਵਿਚ ਭੀ ਉਹ ਉਦੋਂ ਤਕ ਕੋਈ ਦਿਲਚਸਪੀ ਨਹੀਂ ਲੈਂਦੀ ਜਦੋਂ ਤਕ ਕੋਈ ਚੋਖਾ ਵਿਗਾੜ ਨਾ ਪੈਦਾ ਹੋ ਜਾਵੇ । ਪਿੱਛੇ ਜਿਹੇ ਅਸੀਂ ਲੋਕਾਂ ਨੂੰ ਕਿੰਨੀ ਵਾਰੀ ਇਹ ਗੱਲ ਆਖਦਿਆਂ ਸੁਣਿਆਂ ਹੈ... 'ਮੈਂ ਜਿੰਨਾ ਜੁਗਰਾਫ਼ੀਆ ਅਤੇ ਤਵਾਰੀਖ਼ ਇਸ ਜੰਗ ਦੇ ਦਿਨਾਂ ਵਿਚ ਪੜ੍ਹੇ ਹਨ ਉਤਨਾ ਬਾਕੀ ਸਾਰੀ ਜ਼ਿੰਦਗੀ ਵਿਚ ਨਹੀਂ ਪੜ੍ਹੇ।' ਇੰਗਲੈਂਡ ਦੇ ਪ੍ਰੋਫ਼ੈਸਰ ਬ੍ਰਿੰਬਲ ਦੀ ਲਿਖੀ ਪੁਸਤਕ "ਸੋਸ਼ਲ ਸਟਡੀਜ਼ ਐਂਡ ਵਰਲਡ ਸਿਟੀਜਨਸ਼ਿਪ" ਵਿਚੋਂ ।

**Two most important duties of a lover of his Country:**

Finally, he may zealously exert himself in increasing the knowledge, and improving the moral habits of the people, two of the most important means by which a conscientious man, in any rank of life, may aid in conferring a high and lasting benefit on his country. And all this will he do, if his patriotism be of the right kind.

***-Man and his duties by J.M. Sime***
*M.A. L.L.D., Chapter love of contry*

# ਦੇਸ਼ ਪਿਆਰ ਦੇ ਸਭ ਤੋਂ ਵੱਡੇ ਦੋ ਲੱਛਣ

ਅਰਥਾਤ—ਓੜਕ ਵਿਚ ਉਹ (ਦੇਸ਼ ਭਗਤ) ਬੰਦਾ ਬੜੇ ਉਤਸ਼ਾਹ ਨਾਲ ਆਪਣੇ ਦੇਸ਼ ਵਾਸੀਆਂ ਦੇ ਇਲਮ (ਗਿਆਨ) ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੀਆਂ ਬਣਾਉਣ ਵਿਚ ਆਪਣਾ ਪੂਰਾ ਤਾਣ ਲਾਵੇ, ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਹਰ ਇਕ ਦੇਸ਼ ਦਾ ਹਰ ਇਕ ਬੰਦਾ ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ ਆਪਣੇ ਦੇਸ਼ ਨੂੰ ਇਕ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ ਤੇ ਇਹੋ ਉਸ ਲਈ ਸੱਚੀ ਦੇਸ਼ ਭਗਤੀ ਹੈ ।

ਜੇ.ਐਮ. ਸਾਈਮ ਦੀ ਪੁਸਤਕ 'ਮਨੁੱਖ ਤੇ ਉਸ ਦੇ ਕਰਤੱਵ'('Man and his Duties' ਵਿਚੋਂ)

# "ਐ ਬ੍ਰਾਹਮਣ ! ਰਾਜਨੀਤੀ ਦੀ ਸਿੱਖਿਆ ਵੀ ਮੈਂ ਤੈਥੋਂ ਲਵਾਂਗਾ"

ਇਹ ਸ਼ਬਦ ਹਿੰਦੂ ਧਰਮ ਦੇ ਕਿਸੇ ਸ਼ਾਸਤਰ ਦੇ ਹਨ ਤੇ ਇਹ ਕਿਸੇ ਜਜ਼ਮਾਨ ਵੱਲੋਂ ਆਪਣੇ ਬ੍ਰਾਹਮਣ ਪ੍ਰੋਹਿਤ ਨੂੰ ਕਹੇ ਗਏ ਹਨ । ਇਨ੍ਹਾਂ ਸ਼ਬਦਾਂ ਦਾ ਭਾਵ-ਅਰਥ ਇਹ ਹੈ ਕਿ ਇਕ ਗ੍ਰਿਹਸਥੀ ਬੰਦਾ ਆਪਣੇ ਦਿਨ-ਪ੍ਰਤੀ-ਦਿਨ ਦੇ ਸਵੇਰ ਤੋਂ ਸ਼ਾਮ ਤਕ ਦੇ ਕੰਮਾਂ ਵਿਚ ਏਨਾ ਰੁਝਿਆ ਰਹਿੰਦਾ ਹੈ ਕਿ ਉਸ ਨੂੰ ਆਪਣੇ ਕੰਮ ਨੂੰ ਛੱਡ ਕੇ ਨਾ ਹੀ ਸਥਾਨਕ ਤੌਰ 'ਤੇ ਅਤੇ ਨਾ ਹੀ ਦੂਰ-ਦੁਰਾਡੇ ਥਾਵਾਂ 'ਤੇ ਪੁੱਜ ਕੇ ਕਿਸੇ ਪ੍ਰਕਾਰ ਦਾ ਗਿਆਨ ਪ੍ਰਾਪਤ ਕਰਨ ਦਾ ਸਮਾਂ ਮਿਲਿਆ ਕਰਦਾ ਹੈ । ਜਿਸ ਕਦੀਮੀ ਸਮੇਂ ਵਿਚ ਇਹ ਸਲੋਕ ਰਚਿਆ ਗਿਆ ਸੀ ਉਸ ਸਮੇਂ ਨਾ ਕੋਈ ਛਾਪਾਖ਼ਾਨਾ ਸੀ ਜਿਸ ਨਾਲ ਵਰਤਮਾਨ ਕਾਲ ਵਿਚ ਪੁਸਤਕਾਂ ਅਖ਼ਬਾਰਾਂ ਤੇ ਰਸਾਲੇ ਛਪਦੇ ਹਨ, ਨਾ ਹੀ ਰੇਡੀਓ ਤੇ ਟੈਲੀਵਿਜ਼ਨ ਸਨ, ਜਿਨ੍ਹਾਂ ਸਾਧਨਾਂ ਦੁਆਰਾ ਵਰਤਮਾਨ ਯੁੱਗ ਵਿਚ ਲੋਕੀਂ ਆਪਣੇ ਘਰਾਂ ਵਿਚ ਬੈਠੇ ਹੋਏ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰ ਰਹੇ ਹਨ ਤੇ ਨਾ ਹੀ ਉਸ ਸਮੇਂ ਵਿਚ ਸਿਨੇਮਾ ਹੀ ਈਜਾਦ ਹੋਇਆ ਸੀ ਜਿਸ ਦੁਆਰਾ ਸ਼ਹਿਰਾਂ ਦੇ ਲੋਕੀਂ ਅਨੇਕ ਪ੍ਰਕਾਰ ਦਾ ਜ਼ਰੂਰੀ ਗਿਆਨ ਪ੍ਰਾਪਤ ਕਰ ਸਕਦੇ ਹਨ । ਉਨ੍ਹਾਂ ਦਿਨਾਂ ਵਿਚ ਹਰ ਪ੍ਰਕਾਰ ਦਾ ਸਮਾਜਿਕ ਗਿਆਨ ਪ੍ਰਾਪਤ ਕਰਨ ਲਈ ਬੰਦੇ ਨੂੰ ਹਰ ਸਾਲ ਆਉਣ ਵਾਲੇ, ਛੇ ਸਾਲਾਂ ਮਗਰੋਂ ਆਉਣ ਵਾਲੇ ਤੇ ਬਾਰਾਂ ਸਾਲਾਂ ਮਗਰੋਂ ਆਉਣ ਵਾਲੇ ਹਰਿਦੁਆਰ ਤੇ ਇਲਾਹਾਬਾਦ ਪ੍ਰਯਾਗ ਰਾਜ ਵਰਗੇ ਤੀਰਥਾਂ 'ਤੇ ਕੁੰਭਾਂ ਨੂੰ ਜਾਣ ਦੀ ਲੋੜ ਹੁੰਦੀ ਸੀ, ਜਿਨ੍ਹਾਂ ਅਵਸਰਾਂ 'ਤੇ ਦੇਸ਼ ਦੇ ਵੱਡੇ-ਵੱਡੇ ਵਿਦਵਾਨ ਜਨਤਾ ਨੂੰ ਦੇਸ਼ ਤੇ



ਦੁਨੀਆਂ ਦੇ ਮਸਲਿਆਂ ਉੱਤੇ ਖੋਜ ਭਰਪੂਰ ਵਿਖਿਆਨ ਦਿੱਤਾ ਕਰਦੇ ਸਨ ।

ਉਹਨਾਂ ਸਮਿਆਂ ਵਿਚ ਸਮਾਜ ਨੂੰ ਧਾਰਮਿਕ, ਰਾਜਸੀ ਤੇ ਸਮਾਜਿਕ ਗਿਆਨ ਪ੍ਰਾਪਤ ਕਰਨ ਤੇ ਉਸ ਦੇ ਪ੍ਰਚਾਰ ਲਈ ਅਜਿਹੇ ਬੰਦਿਆਂ ਦੀ ਲੋੜ ਹੁੰਦੀ ਸੀ ਜਿਹੜੇ ਆਪਣੇ ਘਰਾਂ ਵਿਚ ਬੈਠੇ ਹੋਏ ਤੇ ਦੂਰ-ਦੁਰਾਡੇ ਪੁੱਜ ਕੇ ਵਿਦਵਾਨਾਂ ਪਾਸੋਂ ਗਿਆਨ ਪ੍ਰਾਪਤ ਕਰਦੇ ਸਨ । ਭਾਰਤ ਦੇ ਸਮਾਜ ਦੇ ਬਾਨ੍ਹਣੂੰ ਬੰਨ੍ਹਣ ਵਾਲੇ ਸ਼ਾਸਤਰਕਾਰਾਂ ਨੇ ਇਕ ਅਜਿਹੀ ਜਮਾਤ ਪੈਦਾ ਕੀਤੀ ਜਿਸ ਦਾ ਕੰਮ ਹਰ ਪ੍ਰਕਾਰ ਦੇ ਗਿਆਨ ਦੀ ਖੋਜ ਕਰਨਾ ਤੇ ਉਸ ਦਾ ਪ੍ਰਚਾਰ ਕਰਨਾ ਹੀ ਥਾਪਿਆ ਗਿਆ, ਉਹ ਜਮਾਤ ਬ੍ਰਾਹਮਣਾਂ ਦੀ ਜਮਾਤ ਸੀ ਤੇ ਉਹਨਾਂ ਦੇ ਗੁਜ਼ਾਰੇ ਲਈ ਜੰਮਣ-ਮਰਨ, ਦਿਨ-ਦਿਹਾਰ ਤੇ ਹੋਰਨਾਂ ਅਨੇਕਾਂ ਖ਼ੁਸ਼ੀ-ਗ਼ਮੀ ਦੇ ਅਵਸਰਾਂ ਉੱਤੇ ਦਾਨ ਦੇ ਐਨੇ ਬਾਨ੍ਹਣੂੰ ਬੰਨ੍ਹੇ ਗਏ ਸਨ ਕਿ ਕੁਝ ਜਜਮਾਨਾਂ ਦੇ ਸਿਰਾਂ ਉੱਤੇ ਹੀ ਇਕ ਬ੍ਰਾਹਮਣ ਪਰਿਵਾਰ ਦਾ ਚੰਗਾ ਗੁਜ਼ਾਰਾ ਚੱਲ ਜਾਂਦਾ ਸੀ ।

ਪੁਰਾਣਾ ਜ਼ਮਾਨਾ ਟਿੱਕਵੀਂ ਚਾਲ ਨਾਲ ਤੁਰਦਾ ਸੀ ਤੇ ਉਸ ਵਿਚ ਬੰਦੇ ਦੇ ਰਹਿਣ-ਸਹਿਣ ਦੇ ਢੰਗ ਹਜ਼ਾਰਾਂ ਸਾਲਾਂ ਤਕ ਇਕੋ ਜਿਹੇ ਰਹਿੰਦੇ ਸਨ ਜਿਨ੍ਹਾਂ ਢੰਗਾਂ ਵਿਚ ਕੋਈ ਅਦਲਾ-ਬਦਲੀ ਨਾ ਹੋਈ; ਪਰ ਵਰਤਮਾਨ ਕਾਲ ਦੀ ਮਸ਼ੀਨੀ ਸੱਭਿਅਤਾ ਨੇ ਬੰਦੇ ਦੇ ਰਹਿਣ-ਸਹਿਣ ਦੇ ਢੰਗਾਂ ਵਿਚ ਬੜੀ ਅਦਲਾ-ਬਦਲੀ ਕਰ ਦਿੱਤੀ ਹੈ ਤੇ ਅਦਲਾ-ਬਦਲੀ ਵਿਚ ਹਰ ਪਲ ਹੋਰ ਵਾਧਾ ਹੁੰਦਾ ਰਹਿੰਦਾ ਹੈ । ਇਸ ਲਈ ਬੰਦੇ ਨੂੰ ਅਨੇਕ ਪ੍ਰਕਾਰ ਦੇ ਖ਼ਤਰਿਆਂ ਤੋਂ ਬਚਣ, ਸੁੱਖ-ਸ਼ਾਂਤੀ ਨਾਲ ਜਿਊਣ ਤੇ ਉੱਨਤੀ ਕਰਨ ਲਈ ਅਨੇਕ ਪ੍ਰਕਾਰ ਦੇ ਗਿਆਨ ਦੀ ਲੋੜ ਰਹਿੰਦੀ ਹੈ । ਇਸ ਕਾਰਜ ਲਈ ਵਰਤਮਾਨ ਕਾਲ ਵਿਚ ਅਜਿਹੇ ਬੰਦਿਆਂ ਦੀ ਲੋੜ ਹੈ ਜਿਹੜੇ ਆਪਣੇ ਲੜਕਪਨ ਦੇ ਸਮੇਂ ਤੋਂ ਆਪਣਾ ਸਾਰਾ ਜੀਵਨ ਵਿਦਿਆ ਦੀ ਖੋਜ ਤੇ ਜਨਤਾ ਵਿਚ ਉਸ ਦੇ ਪ੍ਰਚਾਰ ਲਈ ਸਾਧਾਂ ਵਾਂਗ ਲਗਾ ਦੇਣ ।

# ਸਾਰੀ ਉਮਰ ਪ੍ਰਚਾਰ ਲਈ ਅਰਪਣ ਕਰਨ ਦੀ ਪ੍ਰੇਰਨਾ ਮੈਨੂੰ ਕਿੱਥੋਂ ਮਿਲੀ

ਸੰਨ ੧੯੨੭ ਵਿਚ ਕੁਝ ਮਹੀਨੇ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ "ਯੰਗ ਇੰਡੀਆ" ਪੜ੍ਹਨ ਦਾ ਅਵਸਰ ਮੈਨੂੰ ਲਾਹੌਰ ਸ਼ਹਿਰ ਦੀ ਦਇਆਲ ਸਿੰਘ ਲਾਇਬ੍ਰੇਰੀ ਵਿਚ ਮਿਲਿਆ । ਉਸ ਅਖ਼ਬਾਰ ਦੇ ਲੇਖਾਂ ਨੂੰ ਪੜ੍ਹ ਕੇ ਮੈਨੂੰ ਪਤਾ ਲੱਗਿਆ ਕਿ ਦੇਸ਼ ਦੀ ਆਰਥਿਕ ਹਾਲਤ ਬਹੁਤ ਖ਼ਰਾਬ ਹੈ ਤੇ ਉਸ ਦਾ ਵੱਡਾ ਕਾਰਨ ਪਿੰਡਾਂ ਦੇ ਹੱਥ-ਕੱਤੇ ਤੇ ਹੱਥ-ਬੁਣੇ ਕੱਪੜੇ ਦੀ ਘਰੇਲੂ ਦਸਤਕਾਰੀ ਦਾ ਬਰਬਾਦ ਹੋਣਾ ਹੈ ਜਿਹੜੀ ਕਿ ਵੇਲੇ ਦੀ ਬਦੇਸ਼ੀ ਹਕੂਮਤ ਦੇ ਹੱਥੋਂ ਹੋਈ ਹੈ । ਉਸ ਸਰਕਾਰ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਕਾਰਖ਼ਾਨਿਆਂ ਦਾ ਕਰੋੜਾਂ ਰੁਪਏ ਦਾ ਕੱਪੜਾ ਭਾਰਤ ਵਿਚ ਆ ਕੇ ਹਰ ਸਾਲ ਵਿੱਕ ਸਕੇ । ਦੇਸ਼ ਦੀ ਇਸ ਚਿੰਤਾਜਨਕ ਆਰਥਿਕ ਹਾਲਤ ਦਾ ਪਤਾ ਲੱਗਣ ਉੱਤੇ ਮੈਂ ਉਸੇ ਵੇਲੇ ਹੀ ਇਹ ਫ਼ੈਸਲਾ ਕਰ ਲਿਆ ਸੀ ਕਿ ਮੈਂ ਆਪਣਾ ਜੀਵਨ ਉਸ ਹਾਲਤ ਦੇ ਸੁਧਾਰ ਲਈ ਅਰਪਣ ਕਰਾਂ । ਅਜਿਹਾ ਕਰਨ ਲਈ ਮੈਨੂੰ ਆਪਣੀ ਸਾਰੀ ਉਮਰ ਦੇਸ਼ ਦੇ ਹਰ ਮਸਲੇ ਦੀ ਖੋਜ ਕਰਨ ਤੇ ਉਸ ਖੋਜ ਦੇ ਪ੍ਰਚਾਰ ਲਈ ਹਰ ਸੰਭਵ ਯਤਨ ਕਰਨਾ ਪਿਆ ਹੈ । ਮੈਂ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਹਾਂ ਕਿ ਮੈਂ ਸੰਨ ੧੯੮੪ ਦੀ ਆਪਣੀ ਵਰਤਮਾਨ ਕਾਲ ਦੀ ੮੧ ਸਾਲਾਂ ਦੀ ਉਮਰ ਤਕ ਆਪਣੀ ਖੋਜ ਦੀ ਉਸ ਲਗਨ ਨੂੰ ਕਾਇਮ ਰੱਖ ਸਕਿਆ ਹਾਂ ਜਿਹੜੀ ਕਿ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਓਟ ਵਿਚ ਆਰੰਭ ਹੋਈ ਸੀ । ਦੇਸ਼ ਦੀ ਰਾਜਨੀਤੀ ਦੀ ਖੋਜ ਕਰਨ ਦੀ ਲੋੜ ਲਾਇਬ੍ਰੇਰੀਆਂ ਵਿਚ ਜਾ ਕੇ ਪੜ੍ਹਨ ਨਾਲ ਵੀ ਨਾਲ-ਨਾਲ ਹੀ ਪੈ ਗਈ ਸੀ । ਅੱਜ ਭਾਰਤ ਵਿਚ ਪਰਜਾ-ਤੰਤਰ ਲਈ ਜੋ ਖ਼ਤਰਾ ਪੈਦਾ ਹੋ ਰਿਹਾ ਹੈ ਉਸ ਲਈ ਪੂਰੀ-ਪੂਰੀ ਚਿੰਤਾ ਮੈਂ ਪਿਛਲੇ ਚੌਂਤੀ ਸਾਲਾਂ ਤੋਂ ਕਰ ਰਿਹਾ ਹਾਂ ਤੇ ਉਸੇ ਸਮੇਂ ਤੋਂ ਹੀ ਉਸ ਦੀ ਰੱਖਿਆ ਲਈ ਉਚਿਤ ਜਾਣਕਾਰੀ ਆਪਣੇ ਇਸ਼ਤਿਹਾਰਾਂ ਦੁਆਰਾ ਦੇਸ਼ ਦੀ ਜਨਤਾ ਨੂੰ ਦੇਣ ਦਾ ਯਤਨ ਕਰਦਾ ਆ ਰਿਹਾ ਹਾਂ । ਅਮਰੀਕਾ ਵਿਚ ਛਪੀ ਇਕ ਅੰਗਰੇਜ਼ੀ ਪੁਸਤਕ ਦੇ ਆਧਾਰ 'ਤੇ ਪਰਜਾ-ਤੰਤਰ ਦੀ ਰੱਖਿਆ ਲਈ ਲਿਖਿਆ ਗਿਆ ਹੇਠ ਲਿਖਿਆ ਲੇਖ ਜਿਸ ਨੂੰ ਮੈਂ ਕੁਝ ਸਾਲਾਂ ਤੋਂ ਇਸ਼ਤਿਹਾਰ ਦੇ ਰੂਪ ਵਿਚ ਛਾਪ ਕੇ ਘਰ-ਘਰ ਵੰਡਣ ਦਾ ਯਤਨ ਕਰ ਰਿਹਾ ਹਾਂ, ਅਜਿਹਾ ਹੈ ਜਿਸ ਬਾਰੇ ਫ਼ਰਾਂਸ ਦੇਸ਼ ਵਿਚ ਰਹੇ ਭਾਰਤ ਦੇ ਰਾਜਦੂਤ ਮਲਿਕ ਹਰਦਿੱਤ ਸਿੰਘ ਨੇ ਆਖਿਆ ਸੀ ਕਿ ਪਰਜਾ-ਤੰਤਰ ਦੀ ਰੱਖਿਆ ਲਈ ਇਹ ਇਸ਼ਤਿਹਾਰ ਭਾਰਤ ਦੇ ਘਰ-ਘਰ ਵਿਚ ਪਹੁੰਚਾਇਆ ਜਾਣਾ ਚਾਹੀਦਾ ਹੈ ।



# DEMOCRACY AND RELIGION

Book Review—"This Nation Under God" By Arthur E. Holt, Chicago, Willett, Clark and Company. 1939 pp205. 2.00

This volume contains the series of lectures delivered by Dr. Holt under the Rauschenbusch Foundation at the Colgate Rochester Divinity School in 1938. In the book the author makes a strong case for democracy which, as a form of government, has been at a discount since the last World War. His faith in democracy seems to be rooted in his conception of human nature and of the purpose of God in the Universe. When the dominating conception of human nature is too narrow, it gives rise to forms of government which are more restrictive than liberating. As a result, such political theories as Fascism and Communism, glorify the State and ignore the worth and dignity of the individual. 'Nevertheless man, because of his infinite capacity to adapt himself, finds his place in a variety of social arrangements. But this is not the same thing as saying that they are completely satisfying.

All the same, it must be admitted that in no instance has society been built up from a truly adequate conception of human nature. However, Prof. Holt believes that under democracy some such result can be obtained. "As things stand, he says, democracy seems to be holding on to God and freedom, and neglecting responsibility and common welfare, while totalitarian States are holding on to responsibility and common welfare, and rejecting God and freedom". If democracy is to be saved and if

democratic ends are to be achieved, Dr. Holt maintains, religion must play its part in creating an environment which can produce democratic men. Since democracy in its American expression has been closely associated with protestantism, he devotes the major portion of the book to a discussion of the place and function of Christianity, and of its institutional form, the Church, in the creation of a democratic social order.

The building of a unified society of public minded individuals presupposes so the author tells us, the discovery of a heirarchy of values which can be the objects of human loyalty and which will give to the inner life of man a sense of unity, wholeness and dignity. This, Dr. Holt points out, is primarily a problem in the realm in which religion operates, it is at this point that democracy makes its contact with religion, for the real basis of democracy is moral; only men who trust one another and demand for others the same rights which they demand for themselves, are capable of acting responsibly.

But the State by its very nature, cannot be the final teacher of morals. It is the business of religion to make its members spiritually mature and to fit them for responsible living; it is also the function of the church to be the critic of the State. Unfortunately, however, the Church as also the School, has allowed itself to be controlled by vested interests. Both of the institutions, the author declares, should "train men in social judgement, courageous to challenge old systems and rise in rebellion against tyrannies", and "emphasize duty; loyalty, faith, belief and



courage for social adventuring". Only when training of the will along these lines is seriously taken up by the Church and the School will it be possible to generate responsible living. The Church should supply the school and society with the great motives which come welling up out of Christianity and direct them into the channels of public-mindedness. The Church should function in this way to nourish the roots of democracy for democracy needs a more strenuous and more truly human ethic, and this is found in the "consonants" of Christianity.

—From the Indian Journal of Social Work, Bombay June 1940, Volume 1, Number 1, Bombay.

ਕਿਸੇ ਦੇਸ਼ ਦੇ ਬੰਦੇ ਸਮੇਂ ਦੇ ਲੋੜੀਂਦੇ ਰਾਜਨੀਤਕ ਗਿਆਨ ਤੋਂ ਕਿੰਨੇ ਬੇਫ਼ਿਕਰ ਹੋਇਆ ਕਰਦੇ ਹਨ ਇਸ ਗੱਲ ਦਾ ਪਤਾ ਉਸ ਲੇਖ ਤੋਂ ਲੱਗਦਾ ਹੈ ਜਿਹੜਾ ਇਸ ਕਿਤਾਬਚੇ ਦੇ ਪੰਨਾ ੩੩ ਉੱਤੇ '**ਜਨਤਾ ਦੀ ਸਰਕਾਰ**' ਦੇ ਸਿਰਲੇਖ ਹੇਠ ਦਿੱਤਾ ਗਿਆ ਹੈ । ਆਪਣੇ ਇਸ਼ਤਿਹਾਰ ਤੇ ਟਰੈਕਟਾਂ ਦੁਆਰਾ ਜਨਤਾ ਦੇ ਘਰ-ਘਰ ਵਿਚ ਰਾਜਨੀਤੀ ਸਮੇਤ ਹਰ ਜ਼ਰੂਰੀ ਵਿਸ਼ੇ ਦੀ ਵਾਕਫ਼ੀ ਪੁਚਾਣ ਦਾ ਮੇਰਾ ਉੱਦਮ ਕੀ ਮਹੱਤਤਾ ਰੱਖਦਾ ਹੈ ਇਸ ਦਾ ਪਤਾ ਉਹਨਾਂ ਸ਼ਬਦਾਂ ਤੋਂ ਲੱਗਦਾ ਹੈ ਜਿਹੜੇ "**ਮਨੁੱਖ ਤੇ ਉਸ ਦੇ ਕਰਤੱਵ**" ਅੰਗਰੇਜ਼ੀ ਪੁਸਤਕ ਵਿਚੋਂ ਲਏ ਗਏ ਹਨ ਤੇ ਇਸ ਪੁਸਤਕ ਦੇ ਪੰਨਾ ੩੫ ਉੱਤੇ '**ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਆਪਣੇ ਦੇਸ਼ ਲਈ ਦੋ ਵੱਡੇ ਲੱਛਣ**' ਸਿਰਲੇਖ ਹੇਠ ਛਪਿਆ ਹੈ । ਦੇਸ਼ ਦੇ ਵਿਦਵਾਨਾਂ ਦੀ ਨਿਗਾਹ ਵਿਚ ਮੇਰੇ ਲਿਖੇ ਹੋਏ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮਹੱਤਤਾ ਦਾ ਪਤਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸ੍ਰ. ਹਰਬੰਸ ਸਿੰਘ ਜੀ ਦੇ ਹੇਠ ਲਿਖੇ ਸ਼ਬਦਾਂ ਤੋਂ ਲੱਗ ਸਕਦਾ ਹੈ ਜਿਹੜੇ ਉਹਨਾਂ ਨੇ ੧੪ ਨਵੰਬਰ ੧੯੭੩ ਵਾਲੇ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਨਮ ਦਿਨ ਦੇ ਗੁਰਪੁਰਬ ਦੇ ਅਵਸਰ ਉੱਤੇ ਕਾਲਜ ਦੇ ਗੁਰਦੁਆਰੇ ਵਿਚ ਹੋਏ ਮੇਰੇ ਵਿਖਿਆਨ ਪਿੱਛੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੇ ।

"ਭਗਤ ਪੂਰਨ ਸਿੰਘ' ਜੀ ਨਾਲ ਪਿਛਲੇ ਤਿੰਨਾਂ ਸਾਲਾਂ ਤੋਂ ਮੇਰਾ

ਮਿਲਾਪ ਚਲਿਆ ਆ ਰਿਹਾ ਹੈ । ਇਹਨਾਂ ਦੇ ਦਿਮਾਗ ਵਿਚ ਬੱਚਿਆਂ ਲਈ, ਕੌਮ ਤੇ ਦੇਸ਼ ਲਈ ਬਹੁਤ ਗਿਆਨ ਹੈ । ਭਗਤ ਜੀ ਨੇ ਦੇਸ਼ ਦੇ ਬਚਾਓ ਲਈ ਦੇਸ਼-ਵਾਸੀਆਂ ਨੂੰ ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਲੋੜੀਂਦਾ ਗਿਆਨ ਦੇਣ ਦਾ ਜਿਹੜਾ ਕਾਰਜ ਆਪਣੇ ਜ਼ਿੰਮੇ ਲਿਆ ਹੋਇਆ ਹੈ ਉਸ ਵਿਚ ਜੇ ਅਸਾਂ ਇਹਨਾਂ ਦਾ ਸਾਥ ਨਾ ਦਿੱਤਾ ਤਾਂ ਅਸੀਂ ਆਪਣੇ ਇਕ ਜ਼ਰੂਰੀ ਕਰਤੱਵ ਵੱਲ ਪਿੱਠ ਫੇਰਾਂਗੇ । ਭਗਤ ਜੀ ਕੋਲ ਏਨੀ ਵਿਦਵਤਾ ਹੈ ਕਿ ਜਦੋਂ ਉਹ ਬੋਲਣ ਲੱਗਦੇ ਹਨ ਤਾਂ ਉਹਨਾਂ ਦੇ ਦਿਮਾਗ਼ ਵਿਚ ਐਨੇ ਖ਼ਿਆਲ ਉੱਪਰ ਥੱਲੀ ਆ ਜਾਂਦੇ ਹਨ ਕਿ ਉਹਨਾਂ ਨੂੰ ਉਹ ਸੰਭਾਲਣੇ ਮੁਸ਼ਕਲ ਹੋ ਜਾਂਦੇ ਹਨ ਤੇ ਖ਼ਿਆਲਾਂ ਦੇ ਹੜ੍ਹ ਵਿਚ ਇਕ ਖ਼ਿਆਲ ਦੂਜੇ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸਿੱਖਿਆ ਦਇਆ ਤੇ ਸੰਤੋਖ ਦੇ ਗੁਣਾਂ ਦੀ ਮਿਲਦੀ ਹੈ ਉਸ 'ਤੇ ਭਗਤ ਜੀ ਅਮਲ ਕਰਕੇ ਵਿਖਾ ਰਹੇ ਹਨ । ਵਿਦਿਆਰਥੀਆਂ ਨੂੰ ਭਗਤ ਜੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ । ਵਿਖਿਆਨ ਦੇ ਅਧੂਰਾ ਰਹਿਣ ਕਾਰਨ ਅਸੀਂ ਉਹਨਾਂ ਦੇ ਵੱਖਰੇ ਵਿਖਿਆਨ ਪ੍ਰੋਫ਼ੈਸਰਾਂ ਦੀਆਂ ਇਕੱਤਰਤਾਵਾਂ ਵਿਚ ਵੀ ਕਰਵਾਵਾਂਗੇ ਤੇ ਵਿਦਿਆਰਥੀਆਂ ਦੀਆਂ ਇਕੱਤਰਤਾਵਾਂ ਵਿਚ ਵੀ ।"

## ਮਨੁੱਖ ਦੀ ਅਕਲ ਦੁਆਰਾ ਖਿਲਾਰੀ ਹੋਈ

### ਅਨੇਕ ਪ੍ਰਕਾਰ ਦੀ ਸੰਸਾਰ ਸੇਵਾ ਦੀ ਇਕ ਸੁੰਦਰ ਝਾਕੀ

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ।
ਸੱਚੇ ਸਾਹਿਬਾਂ ਗੱਲ ਸਾਨੂੰ ਇਹ ਫੁਰਮਾਈ ਏ।
ਸੇਵਾ ਕਰੀਏ ਨਾਲ ਅਕਲ ਰੱਬ ਤੋਂ ਜੋ ਪਾਈ ਏ।
ਵਿਦਿਆ ਵਿਚਾਰੀ ਤਾਂ ਪਰਉਪਕਾਰੀ ਏ।
ਬਾਨੀ ਪਿੰਗਲਵਾੜਾ............

ਅਨੇਕਾਂ ਮਜ਼ਮੂਨਾਂ ਦੇ ਰਸਾਲੇ ਤੂੰ ਮੰਗਾਨਾ ਏਂ।
ਮੁੱਲ ਲੈ ਕਿਤਾਬਾਂ ਅਲਮਾਰੀਆਂ ਭਰਾਨਾ ਏਂ।
ਮਸਲਿਆਂ ਅਨੇਕਾਂ ਵਾਲੀ ਖੋਜ ਵੀ ਕਰਾਨਾ ਏਂ।
ਖੋਜਾਂ ਨਾਲ 'ਆਜਿਜ਼ ਭਰੀ ਬੁੱਧੀ ਦੀ ਪਟਾਰੀ ਏ।
ਬਾਨੀ ਪਿੰਗਲਵਾੜਾ............

ਲਿਖ ਲਿਖ ਕਾਗ਼ਜ਼ਾਂ ਦੇ ਢੇਰ ਤੂੰ ਲਗਾਨਾ ਏਂ।
ਬਜ਼ੁਰਗਾਂ ਵਿਦਵਾਨਾਂ ਦੇ ਲੇਖ ਵੀ ਛਪਾਨਾ ਏਂ।



ਛਾਪ ਉਪਦੇਸ਼ ਸੋਹਣੇ ਮੁਫ਼ਤ ਵੰਡਾਨਾ ਏਂ।
ਫ਼ਕੀਰਾਂ ਦਾ ਫ਼ਕੀਰ ਇਹ ਵੱਡਾ ਲਿਖਾਰੀ ਏ।
ਬਾਨੀ ਪਿੰਗਲਵਾੜਾ............

ਲੋਕਾਂ ਦੀਆਂ ਲੱਤਾਂ ਦਾ ਬਚਾਉ ਵੀ ਕਰਾਨਾ ਏਂ।
ਕੇਲਿਆਂ ਦੇ ਛਿੱਲਾਂ ਨੂੰ ਤੂੰ ਰਾਹ ਤੋਂ ਹਟਾਨਾ ਏਂ।
ਘਾਹ ਚੁੱਕ ਰਾਹ ਵਿਚੋਂ ਪਸ਼ੂ ਨੂੰ ਖਿਲਾਨਾ ਏਂ।
ਉਮਰ ਗੁਜ਼ਾਰੀ ਤੁਸਾਂ ਸਾਰੀ ਹੀ ਕੰਵਾਰੀ ਏ।
ਬਾਨੀ ਪਿੰਗਲਵਾੜਾ............

ਟਾਇਰਾਂ ਦੇ ਬਚਾਓ ਲਈ ਖੁਰੀਆਂ ਤੂੰ ਉਠਾਨਾ ਏਂ।
ਸ਼ੀਸ਼ੇ ਕਿੱਲ ਰੋੜੇ ਚੁੱਕ ਢੇਰ ਵੀ ਲਗਾਨਾ ਏਂ।
ਗੱਲ ਨਹੀਂ ਛੋਟੀ ਧਨ ਦੇਸ਼ ਦਾ ਬਚਾਨਾ ਏਂ।
ਮਾਤਾ ਅਸੀਸ ਦਿੱਤੀ ਰਹਿਣਾ ਬ੍ਰਹਮਚਾਰੀ ਏ।
ਬਾਨੀ ਪਿੰਗਲਵਾੜਾ............

ਰਾਹ ਵਾਲੇ ਥੁੱਕ ਉੱਤੇ ਮਿੱਟੀ ਵੀ ਤੂੰ ਪਾਨਾ ਏਂ।
ਰਾਹ ਵਿਚੋਂ ਟੱਟੀ ਚੁੱਕ ਖੇਤ ਨੂੰ ਪੁਚਾਨਾ ਏਂ।
ਅੰਨ ਵਾਲੀ ਪੈਦਾਵਾਰ ਦੇਸ਼ ਦੀ ਵਧਾਨਾ ਏਂ।
ਸੱਚੀ ਸੇਵਾ ਕਰਕੇ ਤੁਸਾਂ ਉਮਰ ਗੁਜਾਰੀ ਏ।
ਬਾਨੀ ਪਿੰਗਲਵਾੜਾ............

ਜਿੱਥੇ ਖ਼ਾਲੀ ਜਗ੍ਹਾ ਵੇਖੋ ਓਥੇ ਓਥੇ ਰੁੱਖ ਲਾਵੋ।
ਜਿੱਥੇ ਨਵਾਂ ਰੁੱਖ ਲਾਵੋ ਓਥੇ ਓਥੇ ਪਾਣੀ ਪਾਵੋ।
ਮਾਰੂਥਲ ਹੁੰਦੀ ਜਾਂਦੀ ਧਰਤੀ ਨੂੰ ਬਚਾਨਾ ਏਂ।
ਲੱਖਾਂ ਇਸ਼ਤਿਹਾਰ ਵੰਡ ਦਿੱਤੀ ਜਾਣਕਾਰੀ ਏ।
ਬਾਨੀ ਪਿੰਗਲਵਾੜਾ............

ਹੱਥ ਕੱਤੇ ਹੱਥ ਬੁਣੇ ਖੱਦਰ ਨੂੰ ਹੰਢਾਨਾ ਏਂ।
ਦਸਤਕਾਰੀ ਹੱਥਾਂ ਦੀ ਦਾ ਹੌਸਲਾ ਵਧਾਨਾ ਏਂ।
ਗਾਂਧੀ ਦਾ ਸੁਨੇਹਾ ਏਹੀਓ ਜਨਤਾ ਨੂੰ ਪੁਚਾਨਾ ਏਂ।
ਬੇਕਾਰੀ ਨੂੰ ਹਟਾਵੇਂ ਦੇਸੋਂ ਏਹੀਉ ਦਸਤਕਾਰੀ ਏ।
ਬਾਨੀ ਪਿੰਗਲਵਾੜਾ............

ਨਿਆਸਰੇ ਬਿਮਾਰਾਂ ਵਾਲੀ ਸਾਂਭ ਤੂੰ ਕਰਾਨਾ ਏਂ।

ਵੱਖੋ ਵੱਖ ਹਸਪਤਾਲੀ ਵਾਰੀ ’ਤੇ ਲਿਜਾਨਾ ਏਂ।
ਦਾਖ਼ਲ ਕਰਾਵਣੇ ਨੂੰ ਵਾਰੀਆਂ ਲਿਖਾਨਾ ਏਂ।
ਦਾਖ਼ਲ ਕਰਾਵੇਂ ਉਹਨੂੰ ਆਵੇ ਜੀਹਦੀ ਵਾਰੀ ਏ।

ਬਾਨੀ ਪਿੰਗਲਵਾੜਾ...........

ਦਾਨ-ਪਾਤਰ ਬਕਸ ਤੇਰਾ ਹੋ ਗਿਆ ਮਸ਼ਹੂਰ ਏ।
ਪਿੰਗਲਵਾੜਾ ਆਸ਼ਰਮ ਵੇਖਣਾ ਜ਼ਰੂਰ ਏ।
ਤੇਰੀ ਕੁਰਬਾਨੀ ਦਾ ਸੱਚਾ ਜੋ ਜ਼ਹੂਰ ਏ।
ਦਇਆ ਦੇ ਭਾਵ ‘ਆਜਿਜ਼’ ਦੁਨੀਆਂ ਸਵਾਰੀ ਏ।

ਬਾਨੀ ਪਿੰਗਲਵਾੜਾ...........

ਹੇਠਾਂ ਮੈਂ ਕੁਝ ਅਮਰੀਕਨ ਵਿਦਵਾਨਾਂ ਦੇ ਵਿਚਾਰ ਦੇ ਰਿਹਾ ਹਾਂ ਜਿਨ੍ਹਾਂ ਤੋਂ ਮੇਰੇ ਪ੍ਰਚਾਰ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੇ ਪ੍ਰਚਾਰ ਦੀ ਮਹੱਤਤਾ ਦਾ ਪਤਾ ਲੱਗਦਾ ਹੈ।

Education has produced a vast population able to read but unable to distinguish what is worth reading.

—G.M. Trevelvan

The problem of democracy is not the problem of getting rid of kings. It is the problem of clothing the wool people with elements of kingship. To make kings and queens of a Hundred million people, that is the problem of American democracy.

In the past, Government was considered to be privilege of a few. But today it is almost universally recognized to be the responsibility of one and all. Hence education on citizenship is the universal need.

“Promote, then; as an object of primary importance, institutions for the general distribution of knowledge.— George Washington. Quoted from the book ‘Social Studies and World Citizenship.—A Sociological Approach to Education—by L.J.F. Brimble.



B.Sc., F.L.S., Associate of University College, Reading J. May, Headmaster of an Essex County Secondary Boy’s School Macmillan and Co. Ltd. London 590.

**Public Responsibilities**

The proper fulfilment of the rights and duties of citizenship is a very important feature of patriotism. The patriotism of a peaceful citizen may appear to be very commonplace beside that of a sailor, soldier or airman, but by the moral support of a good example, by the support of those who are fighting the battle of national honour and truth and by conscientiously fulfilling the duties of voting, he can show his patriotism as truly as anyone. Intelligence, honour and virtue are essential to the welfare of the family, true patriotism is necessary for the best type of national life. Public responsibilities are duties as much as personal obligations. No one has the right to expect just legislation and impartial administration unless he tries intelligently to understand his civic rights and duties and strives to do his utmost for the general good of the State. Hence the need for an active interest in the main problems of the day, for studying them sufficiently to be able to order his life aright; for reading the newspapers with intelligence, for regarding his vote as a civic trust, and for rendering service to the community. Thus the Christian view that the good citizen must make some personal sacrifice to help his fellowmen enriches the Greek ideal that he should play his part in civic affairs.

—From the book Social Studies and World Citizenship by L.J.F. Brimble, Manchester, England.

# ਨਾਗਰਿਕਤਾ ਦੇ ਅਧਿਕਾਰ ਤੇ ਕਰਤੱਵ

ਨਾਗਰਿਕਤਾ ਦੇ ਅਧਿਕਾਰਾਂ ਅਤੇ ਕਰਤੱਵਾਂ ਦੀ ਪਰੀਪੂਰਣਤਾ ਕਰਨਾ ਦੇਸ਼ ਭਗਤੀ ਦਾ ਇਕ ਭਾਰੀ ਮਹੱਤਤਾ ਭਰਿਆ ਲੱਛਣ ਹੈ । ਇਕ ਸਮੁੰਦਰੀ ਫੌਜ ਦੇ, ਮੈਦਾਨੀ ਫੌਜ ਦੇ ਅਥਵਾ ਹਵਾਈ ਫੌਜ ਦੇ ਸਿਪਾਹੀ ਦੇ ਮੁਕਾਬਲੇ ਵਿਚ ਇਕ ਸਾਧਾਰਨ ਤੇ ਸ਼ਾਂਤੀ ਨਾਲ ਆਪਣੇ ਦਿਨ ਪੂਰੇ ਕਰਨ ਵਾਲੇ ਸ਼ਹਿਰੀ ਬੰਦੇ ਦੀ ਦੇਸ਼ ਭਗਤੀ ਨੂੰ ਭਾਵੇਂ ਕਿੰਨੀ ਵੀ ਸਾਧਾਰਨ ਦੇਸ਼ ਭਗਤੀ ਕਿਉਂ ਨਾ ਗਿਣਿਆ ਜਾਵੇ, ਪਰ ਆਪਣੇ ਦਿਨ-ਪ੍ਰਤੀ-ਦਿਨ ਦੇ ਸਾਧਾਰਨ ਕਰਤੱਵਾਂ ਨੂੰ ਇਮਾਨਦਾਰੀ ਅਤੇ ਭਗਤੀ ਭਾਵ ਨਾਲ ਪੂਰੀ ਕਰਨ ਨਾਲ ਅਤੇ ਉਹਨਾਂ ਲੋਕਾਂ ਦੀ ਆਪਣੇ ਹਿਰਦੇ ਤੋਂ ਸਹਾਇਤਾ ਕਰਨ ਨਾਲ, ਜਿਹੜੇ ਸਚਾਈ ਅਤੇ ਕੌਮੀ ਅਣਖ ਦਾ ਜੰਗ ਲੜ ਰਹੇ ਹੋਣ ਅਤੇ ਆਪਣੇ ਦੇਸ਼ ਦੀਆਂ ਰਾਜਸੀ ਚੋਣਾਂ ਵਿਚ ਆਪਣੇ ਵੋਟ ਪਾਉਣ ਦੇ ਕਰਤੱਵ ਨੂੰ ਆਪਣੀ ਆਤਮਾ ਦੀ ਜਾਗ੍ਰਿਤੀ ਨਾਲ ਪੂਰਾ ਕਰਨ ਨਾਲ ਐਨੇ ਸਾਧਾਰਨ ਜਿਹੇ ਦਿੱਸਣ ਵਾਲੇ ਕੰਮਾਂ ਨਾਲ ਉਹ ਸਾਧਾਰਨ ਸ਼ਹਿਰੀ ਵੀ ਉਤਨੀ ਹੀ ਸੱਚੀ ਦੇਸ਼ ਭਗਤੀ ਪ੍ਰਗਟ ਕਰ ਸਕਦਾ ਹੈ ਜਿਤਨੀ ਦੇਸ਼ ਭਗਤੀ ਨੂੰ ਕੋਈ ਵੱਡੇ ਪੇਸ਼ੇ ਵਾਲਾ ਆਦਮੀ ਅਰਥਾਤ ਕਿਸੇ ਫੌਜ ਵਿਚ ਸ਼ਾਮਿਲ ਹੋ ਕੇ ਜੰਗ ਵਿਚ ਲੜਨ ਵਾਲਾ ਇਕ ਸਿਪਾਹੀ ਪ੍ਰਗਟ ਕਰ ਸਕਦਾ ਹੈ । ਬੁੱਧੀ, ਅਣਖ ਅਤੇ ਧਰਮ ਇਹ ਤਿੰਨੇ ਗੱਲਾਂ ਹਨ ਜਿਹੜੀਆਂ ਕਿ ਕਿਸੇ ਟੱਬਰ ਦੀ ਭਲਾਈ ਲਈ ਜ਼ਰੂਰੀ ਹੁੰਦੀਆਂ ਹਨ । ਇਸੇ ਤਰ੍ਹਾਂ ਨਾਲ ਵਧੀਆ ਕਿਸਮ ਦੀ ਕੌਮੀ ਜ਼ਿੰਦਗੀ ਲਈ ਕਿਸੇ ਕੌਮ ਦੇ ਬੰਦਿਆਂ ਦੇ ਹਿਰਦਿਆਂ ਅੰਦਰ ਸੱਚੀ ਦੇਸ਼ ਭਗਤੀ ਦਾ ਜਜ਼ਬਾ ਹੋਣਾ ਜ਼ਰੂਰੀ ਹੈ ਅਰਥਾਤ ਕਿਸੇ ਦੇਸ਼ ਦੇ ਬੰਦਿਆਂ ਨੂੰ ਆਪਣੇ ਦਿਨ-ਪ੍ਰਤੀ-ਦਿਨ ਦੇ ਆਪਸ ਵਿਚੋਂ ਦੇ ਸੰਬੰਧਾਂ ਵਿਚ ਇਨ੍ਹਾਂ ਤਿੰਨਾਂ ਗੁਣਾਂ ਨੂੰ ਹੀ ਸਦਾ ਆਪਣੇ ਸਨਮੁੱਖ ਰੱਖਣਾ ਚਾਹੀਦਾ ਹੈ । ਸਮਾਜਿਕ ਜ਼ਿੰਮੇਵਾਰੀਆਂ ਵੀ ਕਿਸੇ ਮਨੁੱਖ ਲਈ ਉਤਨੀਆਂ ਹੀ ਜ਼ਰੂਰੀ ਹੁੰਦੀਆਂ ਹਨ ਜਿੰਨੇ ਕਿ ਉਸ ਲਈ ਉਸ ਦੇ ਆਪਣੇ ਨਿੱਜੀ ਕੰਮ-ਕਾਜ ਪੂਰੇ ਕਰਨੇ ਜ਼ਰੂਰੀ ਹੁੰਦੇ ਹਨ । ਆਪਣੇ ਸਮਾਜ ਅਥਵਾ ਦੇਸ਼ ਅੰਦਰ ਸੱਚੇ ਕਾਨੂੰਨਾਂ ਦੀ ਘਾੜਤ ਅਤੇ ਨਿਰਪੱਖ ਹਕੂਮਤ ਦੀ ਕਾਰਗੁਜ਼ਾਰੀ ਦੀ ਕੋਈ ਬੰਦਾ ਉਦੋਂ ਤਕ ਆਸ ਨਹੀਂ ਕਰ ਸਕਦਾ ਜਦੋਂ ਤਕ ਕਿ ਉਹ ਆਪਣੀ ਬੁੱਧੀ ਦਾ ਤਾਣ ਲਾ ਕੇ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਨੂੰ ਸਮਝਣ ਦਾ ਯਤਨ ਨਾ ਕਰੇ ਅਤੇ ਆਪਣੇ ਤਨ, ਮਨ ਅਤੇ ਧਨ ਦਾ ਪੂਰਾ ਤਾਣ ਲਾ ਕੇ ਉਹ ਆਪਣੇ ਦੇਸ਼ ਦੀ ਆਮ ਭਲਾਈ ਲਈ ਆਪਣਾ ਯਤਨ ਨਾ ਕਰੇ । ਇਸ ਲਈ ਕਿਸੇ ਦੇਸ਼ ਦੇ ਹਰ ਇਕ ਬੰਦੇ ਲਈ ਇਹ ਗੱਲ ਬੜੀ ਜ਼ਰੂਰੀ ਹੁੰਦੀ ਹੈ ਕਿ ਉਹ ਆਪਣੇ ਦੇਸ਼ ਦੇ ਵੱਡੇ-ਵੱਡੇ ਮਸਲਿਆਂ ਨੂੰ ਨਜਿੱਠਣ ਲਈ



ਆਪਣੇ ਤਨ, ਮਨ ਅਤੇ ਧਨ ਨਾਲ ਪੂਰੀ ਲਗਨ ਨਾਲ ਦਿਲਚਸਪੀ ਲਵੇ । ਉਹ ਆਪਣੇ ਵਰਤਮਾਨ ਕਾਲ ਦੇ ਮਸਲਿਆਂ ਦੀ ਬੜੇ ਗਹੁ ਨਾਲ ਜਾਣਕਾਰੀ ਪ੍ਰਾਪਤ ਕਰੇ ਤਾਂ ਕਿ ਉਨ੍ਹਾਂ ਮਸਲਿਆਂ ਦੇ ਚਾਨਣ ਵਿਚ ਉਹ ਆਪਣੇ ਜੀਵਨ ਨੂੰ ਅਜਿਹਾ ਨਿਯਮ-ਬੱਧ ਕਰ ਸਕੇ ਕਿ ਉਹ ਆਪਣੇ ਜੀਵਨ ਦੇ ਉਸ ਢੰਗ ਨਾਲ ਆਪਣੇ ਦੇਸ਼ ਦੇ ਉਨ੍ਹਾਂ ਮਸਲਿਆਂ ਨੂੰ ਨਜਿੱਠਣ ਲਈ ਵੱਧ ਤੋਂ ਵੱਧ ਸਹਾਇਤਾ ਦੇ ਸਕੇ । ਇਸ ਸਿਲਸਿਲੇ ਵਿਚ ਕਿਸੇ ਸਮਾਜ ਦੇ ਹਰ ਬੰਦੇ ਨੂੰ ਹਰ ਰੋਜ਼ ਆਪਣੀ ਬੁੱਧੀ ਦੀ ਪੂਰੀ ਚੇਤਨਤਾ ਨਾਲ ਅਖ਼ਬਾਰਾਂ ਪੜ੍ਹਣੀਆਂ ਚਾਹੀਦੀਆਂ ਹਨ ਅਤੇ ਆਪਣੀ ਰਾਜਸੀ ਚੋਣਾਂ ਦੀ ਪਰਚੀ (ਵੋਟ) ਨੂੰ ਆਪਣੀ ਪਵਿੱਤਰ ਸ਼ਹਿਰੀ (ਸ਼ਹਿਰ ਦੀ ਜਾਂ ਦੇਸ਼ ਦੀ) ਅਮਾਨਤ ਗਿਣਨਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਈਸਾਈ ਧਰਮ ਦਾ ਇਹ ਆਦਰਸ਼ ਕਿ ਹਰ ਇਕ ਨੇਕ ਸ਼ਹਿਰੀ ਨੂੰ ਆਪਣੇ ਦੂਜੇ ਮਨੁੱਖ ਸਾਥੀਆਂ ਦੀ ਸਹਾਇਤਾ ਕਰਨ ਲਈ ਕੋਈ ਨਿੱਜੀ ਕੁਰਬਾਨੀ ਕਰਨੀ ਚਾਹੀਦੀ ਹੈ, ਯੂਨਾਨ ਦੇਸ਼ ਦੇ ਇਸ ਰਾਜਸੀ ਆਦਰਸ਼ ਦੀ ਪ੍ਰੋੜ੍ਹਤਾ ਕਰਦਾ ਹੈ ਅਤੇ ਉਸਦੀ ਇੱਜ਼ਤ-ਸਤਿਕਾਰ ਨੂੰ ਵਧਾਉਂਦਾ ਹੈ ਕਿ ਹਰ ਸ਼ਹਿਰੀ ਨੂੰ ਆਪਣੇ ਦੇਸ਼ ਦੇ ਸ਼ਹਿਰੀ ਮਸਲਿਆਂ ਨੂੰ ਹੱਲ ਕਰਨ ਲਈ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ ।

ਇੰਗਲੈਂਡ ਦੇਸ਼ ਵਿਚ ਪ੍ਰਕਾਸ਼ਤ ਹੋਈ ਪੁਸਤਕ ਸੋਸ਼ਲ ਸਟੱਡੀਜ਼ ਐਂਡ ਵਰਡ ਸਿਟੀਜ਼ਨਸ਼ਿਪ ਵਿਚੋਂ ।

ਲੇਖਕ—ਬ੍ਰਿੰਬਲ ਐਡੀਟਰ ਨੇਚਰ

# ਜ਼ਹਿਰ-ਪ੍ਰਵੇਸ਼ਤਾ

## ਖ਼ੁਰਾਕ ਦੀ ਦੁਰਵਰਤੋਂ ਦੇ ਕਾਰਨ ਲਹੂ ਵਿਚ ਜ਼ਹਿਰ ਦੇ ਪ੍ਰਵੇਸ਼ ਕਰ ਜਾਣ ਦੇ ਅਸਰ

ਮਨੁੱਖ ਜਾਤੀ ਦੇ ਸਾਹਮਣੇ ਇਸ ਸਮੇਂ ਬਹੁਤ ਆਬਾਦੀ ਦੀ ਸਮੱਸਿਆ ਨਿਖਰ ਕੇ ਆ ਖਲੋਤੀ ਹੈ । ਭੂਤ-ਕਾਲ ਵਿਚ ਪੈਦਾਇਸ਼ ਦੀਆਂ ਭਾਰੀ ਰਫ਼ਤਾਰਾਂ, ਭਾਰੀ ਮੌਤ-ਗਿਣਤੀਆਂ ਨਾਲ ਸਾਵੀਂਆਂ ਹੋ ਕੇ ਤੁੱਲ ਜਾਂਦੀਆਂ ਸਨ ਅਤੇ ਆਬਾਦੀ ਦਾ ਕੁੱਲ ਵਾਧਾ ਥੋੜ੍ਹਾ ਜਿਹਾ ਹੁੰਦਾ ਸੀ । ਖੇਤੀਬਾੜੀ ਅਤੇ ਰੋਗਾਂ ਦੇ ਇਲਾਜ ਦੇ ਵਿਕਾਸ ਨੇ ਭੁੱਖ ਅਤੇ ਰੋਗ ਦੇ ਪ੍ਰਭਾਵ ਨੂੰ ਘੱਟ ਤਾਂ ਕਰ ਦਿੱਤਾ ਸੀ ਬਿਨਾਂ ਬਲਗਮੀ ਮਾਦੇ ਨੂੰ ਲਿੰਗ ਰਾਹੀਂ ਖਾਰਜ ਕਰਨ ਦੀ ਹਵਸ ਘਟਾਣ ਦੇ । ਸੁਣੋ, ਸਾਨੂੰ ਕਿਸੇ ਵੀ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ—ਜਿਣਸੀ ਹਵਸ ਨਾਲ ਭਰਪੂਰ ਇਸ ਸਰਬ-ਵਿਆਪੀ ਮਾਨਸਿਕ ਦਸ਼ਾ ਦੀਆਂ ਨੀਹਾਂ ਵਿਚ ਓਨੀ ਹੀ ਸਰਬ-ਵਿਆਪੀ ਲੋੜ ਹੁੰਦੀ ਹੈ ਖ਼ੁਰਾਕ ਤੋਂ ਉਪਜੀ ਜ਼ਹਿਰ-ਪ੍ਰਵੇਸ਼ਤਾ ਦੇ ਪਦਾਰਥਾਂ ਨੂੰ ਸਰੀਰ ਵਿਚੋਂ ਕੱਢਣ ਦੀ ਜਿੰਨੀ ਨਸ਼ਟ ਹੋਏ ਮਾਦੇ ਦੀ ਅਧਿੱਕਤਾ ਅਤੇ ਇਸ ਤੋਂ ਉਪਜੇ ਜ਼ਹਿਰੀਲੇ ਪਦਾਰਥਾਂ ਨੂੰ ਕੱਢਣ ਦੀ । ਆਮ ਜਿਣਸੀ ਹਵਸ ਜਿਸ ਦੀ ਪੂਰਤੀ ਕੇਵਲ ਇਸ ਦੀ ਆਪਣੀ ਖ਼ਾਤਰ ਕੀਤੀ ਜਾਂਦੀ ਹੈ, ਸਰੀਰ ਦੀਆਂ ਹੋਰ ਨਿਕਾਸਕਾਰੀ ਲੋੜਾਂ ਵਾਂਗ ਹੀ ਹੁੰਦੀ ਹੈ, ਜਿਵੇਂ ਟੱਟੀ ਫਿਰਨ ਅਤੇ ਪੇਸ਼ਾਬ ਕਰਨ ਦੀ ਅਵੱਸ਼ਕਤਾ (ਲੋੜ) ਹੁੰਦੀ ਹੈ । ਫ਼ਰਕ ਐਨਾ ਹੈ ਕਿ ਬਲਗ਼ਮੀ ਮਾਦੇ ਦਾ ਇਹ ਕੁਦਰਤੀ ਨਿਕਾਸ ਰਾਹ ਨਹੀਂ । ਜਦੋਂ ਇਹ ਮਾਦਾ ਬਹੁਤ ਪੈਦਾ ਹੋ ਜਾਵੇ ਕੇਵਲ ਉਦੋਂ ਹੀ ਇਹ ਗਲਤ ਰਾਹਾਂ 'ਚੋਂ ਭਰਪੂਰ ਹੋ ਕੇ ਵਗ ਤੁਰਦਾ ਹੈ । ਜਦੋਂ ਸਰੀਰ ਨੂੰ ਭੋਜਨ ਇਸ ਦੀ ਲੋੜ ਦਾ ਖ਼ਿਆਲ ਰੱਖ ਕੇ ਦਿੱਤਾ ਜਾਵੇ ਅਤੇ ਇਹ ਭੋਜਨ ਕਿਸੇ ਤਰ੍ਹਾਂ ਵੀ ਜ਼ਹਿਰ ਨਾ ਬਣ ਸਕੇ ਤਾਂ ਉਸ ਪੁਰਾਣੇ ਇਕ ਤਰ੍ਹਾਂ ਦੇ ਲਿੰਗੀ ਨਜ਼ਲੇ ਨੂੰ ਇਹ ਸਰੀਰ ਪੈਦਾ ਹੀ ਨਹੀਂ ਹੋਣ ਦੇਵੇਗਾ, ਜਿਸ ਤੋਂ ਛੁਟਕਾਰਾ ਚੋਖੇ ਇਖ਼ਰਾਜਾਂ (ਨਿਕਾਸਾਂ) ਨਾਲ ਹੀ ਹੁੰਦਾ ਹੈ । ਤਿੱਬੀ ਅਰਥਾਤ ਰੋਗਾਂ ਦੇ ਇਲਾਜ ਨਾਲ ਸੰਬੰਧ ਰੱਖਣ ਵਾਲੇ ਜਿਸ ਅੰਗਰੇਜ਼ੀ ਲੇਖ ਦੇ ਇਕ ਪੈਰੇ ਦਾ ਤਰਜਮਾ ਇਹ ਲੇਖ ਹੈ ਉਸ ਨੂੰ ਪੜ੍ਹ ਕੇ ਬੰਬਈ ਦੇ ਕਾਲਜਾਂ ਦੀਆਂ ਵਿਦਿਆਰਥੀ ਲੜਕੀਆਂ ਨੇ ਕਿਹਾ ਸੀ ਕਿ ਇਸ ਲੇਖ ਦਾ ਤਰਜਮਾ ਹਿੰਦੀ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਹਿੰਦੀ ਪੜ੍ਹੇ ਬੰਦੇ ਵੀ ਪੜ੍ਹ ਸੱਕਣ ।



# ਸੰਨ ੧੯੮੩ ਵਿਚ ਦਾਖ਼ਲ ਹੋਏ ਅਪਾਹਜ ਤੇ ਰੋਗੀ

ਸੰਨ ੧੯੮੩ ਦੇ ਮਹੀਨਾ ਜਨਵਰੀ ਦੀ ਪਹਿਲੀ ਤਾਰੀਖ਼ ਤੋਂ ਲੈ ਕੇ ੩੧ ਦਸੰਬਰ ਤਕ ਜਿਹੜੇ ਅਪਾਹਿਜ ਤੇ ਰੋਗੀ ਪਿੰਗਲਵਾੜੇ ਵਿਚ ਦਾਖਲ ਕੀਤੇ ਗਏ :-

| | | | |
|---|---|---|---|
| ਪਾਗਲ ਇਸਤਰੀਆਂ | ੫੦ | ਹੱਡੀਆਂ ਦੇ ਪਲੱਸਤਰ ਵਾਲੇ | ੧੦ |
| ਅਧਰੰਗ ਵਾਲੀਆਂ ਇਸਤਰੀਆਂ | ੧੦ | ਦਮੇ ਵਾਲੇ ਬੰਦੇ | ੧੦ |
| ਦਮੇ ਵਾਲੀਆਂ ਇਸਤਰੀਆਂ | ੫ | ਦਸਤਾਂ-ਮਰੋੜਾਂ ਵਾਲੇ ਮਰਦ | ੧੫ |
| ਬੁੱਢੀਆਂ ਇਸਤਰੀਆਂ | ੮ | ਬੱਚਾ ਮਾਂ ਨਾਲ | ੧ |
| ਪਾਗਲ ਮਰਦ | ੭੭ | | |
| | | ਕੁੱਲ ਜੋੜ | ੧੯੬ |

ਸੰਨ ੧੯੮੪ ਦੇ ਮਹੀਨਾ ਜਨਵਰੀ ਤੋਂ ਲੈ ਕੇ ਅਗਸਤ ਦੇ ਅਖੀਰ ਤਕ ਜਿਹੜੇ ਰੋਗੀ ਪਿੰਗਲਵਾੜੇ ਵਿਚ ਅੱਠਾਂ ਮਹੀਨਿਆਂ ਵਿਚ ਦਾਖਲ ਕੀਤੇ ਗਏ :-

| | | | |
|---|---|---|---|
| ਮਰਦ | ੯੮ | ਪਾਗਲ ਮਰਦ | ੪੪ |
| ਹੱਡੀਆਂ ਦੇ ਪਲਸੱਤਰ ਵਾਲੇ | ੦੨ | ਪਾਗਲ ਇਸਤਰੀਆਂ | ੨੯ |
| ਬੱਚੇ | ੧੦ | ਦਸ ਸਾਲ ਦੀ ਲੜਕੀ | ੦੧ |
| ਟੱਟੀਆਂ-ਮਰੋੜਾਂ ਬਾਲੇ | ੧੨ | | |
| | | ਕੁੱਲ ਜੋੜ | ੧੯੬ |

੧੩ ਸਤੰਬਰ ੧੯੮੪ ਵਾਲੇ ਦਿਨ ਜਿਹੜੇ ਰੋਗੀ ਜਾਂ ਅਪਾਹਿਜ ਪਿੰਗਲਵਾੜੇ ਵਿਚ ਸਨ, ਉਹਨਾਂ ਦੀ ਗਿਣਤੀ ਹੇਠ ਲਿਖੇ ਵੇਰਵੇ ਅਨੁਸਾਰ ਸੀ :-

| | | | |
|---|---|---|---|
| ਪਾਗਲ ਇਸਤਰੀਆਂ | ੧੨੩ | ਮਿਰਗੀ ਵਾਲੇ ਮੁੰਡੇ | ੦੮ |
| ਪਾਗਲ ਮਰਦ | ੧੦੭ | ਅਧਰੰਗ ਵਾਲੀਆਂ ਕੁੜੀਆਂ | ੦੬ |
| ਪਾਗਲ ਨੌਂਜਵਾਨ ਕੁੜੀਆਂ | ੨੬ | ਅਧਰੰਗ ਵਾਲੀਆਂ ਇਸਤਰੀਆਂ | ੦੭ |
| ਪਾਗਲ ਮੁੰਡੇ | ੨੧ | ਗੂੰਗੀਆਂ ਇਸਤਰੀਆਂ | ੦੨ |
| ਲੂਲ੍ਹੇ ਅਧਰੰਗ ਵਾਲੇ | ੧੦ | ਖੁਰਕ ਵਾਲਾ | ੦੧ |
| ਗੂੰਗੇ ਮੁੰਡੇ | ੦੮ | ਦਮੇ ਵਾਲੇ | ੦੨ |
| ਗੂੰਗੀਆਂ ਕੁੜੀਆਂ | ੧੨ | | |
| | | ਕੁੱਲ ਜੋੜ | ੩੩੩ |

### ੧੯੯੩ ਵਿਚ ਤਿੰਨਾਂ ਵਾਰਡਾਂ ਵਿਚ ਆਏ ਹਿੰਦੂ ਸਿੱਖ :-

| | | | |
|---|---|---|---|
| ਸਿੱਖ ਮਰਦ | ੩੨ | ਬੰਗਾਲ ਦੇ ਮਰਦ | ੦੨ |
| ਹਿੰਦੂ ਮਰਦ | ੧੧੧ | ਯੂ.ਪੀ. ਦੀਆਂ ਇਸਤਰੀਆਂ | ੨੬ |
| ਸਿੱਖ ਇਸਤਰੀਆਂ | ੨੪ | ਪੰਜਾਬ ਦੀਆਂ ਇਸਤਰੀਆਂ | ੪੦ |
| ਹਿੰਦੂ ਇਸਤਰੀਆਂ | ੯੧ | ਹਰਿਆਣਾ ਦੀਆਂ ਇਸਤਰੀਆਂ | ੧੭ |
| ਹਿੰਦੂ ਲੜਕੇ | ੧੭ | ਮਹਾਰਾਸ਼ਟਰ ਦੀਆਂ ਇਸਤਰੀਆਂ | ੧੦ |
| ਹਿੰਦੂ ਲੜਕੀਆਂ | ੧੫ | ਹਿਮਾਚਲ ਦੀਆਂ ਇਸਤਰੀਆਂ | ੦੯ |
| ਪੰਜਾਬੀ ਮਰਦ | ੬੫ | ਬੰਗਾਲ ਦੀਆਂ ਇਸਤਰੀਆਂ | ੦੪ |
| ਹਿਮਾਚਲ ਦੇ ਮਰਦ | ੧੦ | ਮੁਸਲਮਾਨ ਬੰਗਾਲਣ ਇਸਤਰੀਆਂ | ੦੨ |
| ਹਰਿਆਣਾ ਦੇ ਮਰਦ | ੨੦ | ਜੰਮੂ-ਕਸ਼ਮੀਰ ਦੀਆਂ ਇਸਤਰੀਆਂ | ੦੨ |
| ਬਿਹਾਰ ਦੇ ਮਰਦ | ੦੮ | ਗੂੰਗੀਆਂ ਇਸਤਰੀਆਂ | ੦੩ |
| ਰਾਜਸਥਾਨ ਦੇ ਮਰਦ | ੧੦ | ਰਾਜਸਥਾਨ ਦੀਆਂ ਇਸਤਰੀਆਂ | ੦੧ |
| ਯੂ.ਪੀ. ਦੇ ਮਰਦ | ੨੮ | ਦਿੱਲੀ ਦੀਆਂ ਇਸਤਰੀਆਂ | ੦੧ |
| | | ਕੁੱਲ ਜੋੜ | ੫੪੮ |

**ਨੋਟ:- ਸਤਿਕਾਰਤ ਭਗਤ ਪੂਰਨ ਸਿੰਘ ਜੀ ੫ ਅਗਸਤ ੧੯੯੨ ਨੂੰ ਸਵਰਗ ਵਾਸ ਹੋ ਗਏ ਸਨ ਉਨ੍ਹਾਂ ਤੋਂ ਪਿੱਛੋਂ ਦਾਖ਼ਲ ਕੀਤੇ ਤੇ ਡਿਸਚਾਰਜ ਕੀਤੇ ਰੋਗੀਆਂ ਦਾ ਵੇਰਵਾ ੨੦੧੩ ਤਕ ਹੇਠ ਲਿਖੇ ਮੁਤਾਬਕ ਹੈ ।**

All India Pingalwara Charitable Society (Regd.),
Amritsar

Statewise State of Discharged Patient

| Sr.no. State | Total Patient 2010 / | Total Patient 2011 / | Total Patient 2012 |
|---|---|---|---|
| 1. Assam | 00 | 00 | 01 |
| 2. Andhra Pradesh | 01 | 02 | 00 |
| 3. Bihar | 18 | 07 | 04 |
| 4. Chennei | 00 | 01 | 00 |
| 5. Chhattisgarh | 02 | 03 | 00 |
| 6. Chandigarh | 03 | 04 | 02 |
| 7. Delhi | 02 | 00 | 05 |
| 8. Gujarat | 01 | 01 | 00 |
| 9. Haryana | 08 | 08 | 10 |
| 10. Himachal Pradesh | 06 | 04 | 01 |
| 11. J&K | 02 | 01 | 00 |
| 12. Karnataka | 02 | 01 | 00 |
| 13. Kolkata (W.B.) | 02 | 01 | 06 |
| 14. Meghalya | 01 | 00 | 00 |
| 15. Mumbai | 03 | 00 | 00 |
| 16. Maharashtra | 00 | 03 | 01 |
| 17. Madhya Pardesh | 00 | 01 | 04 |
| 18. Orissa | 01 | 01 | 00 |
| 19. Punjab | 113 | 133 | 111 |
| 20. Rajasthan | 01 | 00 | 02 |
| 21. Uttar Pardesh | 18 | 20 | 23 |
| 22. Uttaranchal | 02 | 02 | 03 |
| 23. Nepal | 00 | 00 | 01 |
| Grand Total | 186 | 193 | 174 |



**(ਨੋਟ :- ਹੇਠ ਲਿਖੇ ਮਰੀਜ਼ਾਂ ਦੀ ਗਿਣਤੀ ਸੰਨ 1992 ਤੋਂ ਬਾਅਦ ਦੀ ਹੈ। ਭਗਤ ਜੀ 5 ਅਗਸਤ 1992 ਨੂੰ ਗੁਰਪੁਰੀ ਸਿਧਾਰੇ ਸਨ)**

BRANCH WISE PATIENTS

| | |
|---|---|
| 1. Amritsar (Including Pandori) | 411 |
| 2. Manawala Complex | 727 |
| 3. Goindwal Branch | 107 |
| 4. Jalandhar Branch | 33 |
| 5. Sangrur Branch | 238 |
| 6. Chandigarh Branch | 96 |
| TOTAL | 1612 |

| BRANCH | Admission | Death | Discharge | Shifted |
|---|---|---|---|---|
| **1. AMRITSAR** | | | | |
| * CH Ward | 10 | 01 | 04 | 02 |
| * PS Ward | 10 | 02 | 01 | 01 |
| * MMK Ward | -- | 01 | -- | 03 |
| **2. PANDORI** | -- | 03 | -- | -- |
| **3. MANAWALA** | | | | |
| * Children Ward (I) | 02 | -- | 01 | 03 |
| * Male Ward (II) | 02 | -- | 02 | -- |
| * Female Ward (III) | 02 | -- | 02 | 03 |
| * Apna Ghar – I | 04 | -- | 01 | 02 |
| * Apna Ghar – II | -- | -- | -- | -- |
| * Boys Hostel I – II | -- | -- | -- | 01 |
| * Girls Hostel | -- | -- | -- | 06 |
| **4.GOINDWAL** | -- | 01 | -- | -- |
| **5. JALANDHAR** | -- | -- | -- | -- |
| **6. SANGRUR** | 02 | 02 | 03 | 02 |
| **7. CHANDIGARH** | 01 | 01 | -- | -- |
| TOTAL | 33 | 11 | 14 | 23 |

DURING THE PERIOD DECEMBER, 2013

| Admission | Death | Discharged | Shifted |
|---|---|---|---|
| 33 | 11 | 14 | 23 |



**ਸੰਸਥਾ ਵੱਲੋਂ ਛਾਪ ਕੇ ਵੰਡੀਆਂ ਜਾ ਰਹੀਆਂ ਪੁਸਤਕਾਂ, ਟਰੈਕਟਾਂ ਤੇ ਇਸ਼ਤਿਹਾਰਾਂ ਦਾ ਵੇਰਵਾ :-**

| ਕਿਤਾਬ ਦਾ ਨਾਂ | ਲੇਖਕ | ਵਿਸ਼ਾ | ਕੁੱਲ ਛਪਿਆ | ਪੰਨਾ |
|---|---|---|---|---|
| ੧. ਗੁਰਸਿੱਖ ਦੀ ਨਿੱਤ ਕਰਨੀ | ਭਗਤ ਪੂਰਨ ਸਿੰਘ | ਗੁਰਮਤਿ | ੧,੨੫,੦੦੦ | ੨੮ |
| ੨. ਗੁਰੂ ਕੇ ਝੰਡੇ ਬੁੰਗੇ ਜੁਗੋ ਜੁਗ ਅਟੱਲ | ” | ” | ੬੦,੦੦੦ | ੩੬ |
| ੩. ਖ਼ਾਲਸਾ ਜੀ ਕੇ ਬੋਲਬਾਲੇ | ” | ” | ੧,੧੦,੦੦੦ | ੨੮ |
| ੪. ਧਰਮ ਪਿਆਰਾ ਕਿ ਸ਼ੁਕੀਨੀ ? | ” | ਗੁਰਮਤਿ ਤੇ ਸਮਾਜ ਸ਼ਾਸਤਰ | ੨,੫੦,੦੦੦ | ੫੨ |
| ੫. ਮੇਰੇ ਸਾਧੂ ਜੀਵਨ ਦੇ ਧਰਾਸ ਤੇ ਵਿਕਾਸ | ” | ਸਮਾਜ ਸ਼ਾਸਤਰ | ੯੦.੦੦੦ | ੬੮ |
| ੬. ਪਿੰਗਲਵਾੜੇ ਦੀ ਵਿਥਿਆ | ” | ” | ੩੦,੦੦੦ | ੪੪ |
| ੭. ਸਕੂਲਾਂ ਦੇ ਛੋਟੀ ਉਮਰ ਦੇ ਵਿਦਿਆਰਥੀ | ” | ਸਮਾਜਿਕ ਸ਼ਿਕਸ਼ਾ | ੪੦,੦੦੦ | ੩੬ |
| ੮. ਭਗਤ ਪੂਰਨ ਸਿੰਘ | ” | ” | ੭੦,੦੦੦ | ੪੦ |
| ੯. ਸਿੱਖ ਗੁਰਦੁਆਰੇ | ” | ਗੁਰਮਤਿ | ੩, ੭੫,੦੦੦ | ੩੨ |
| ੧੦. ਮੋਟਰਕਾਰਾਂ | ” | ਸਮਾਜ ਸ਼ਾਸਤਰ | ੫੫,੦੦੦ | ੬੦ |
| ੧੧. ਆਪਣਾ ਵਿਆਹ ਕਰਾਉਣ ਦਾ ਖ਼ਿਆਲ ਮੈਨੂੰ ਕਿਉਂ ਨਾ ਆਇਆ ? | ” | ਸਮਾਜ ਸਿੱਖਿਆ | ੨,੧੦,੦੦੦ | ੨੦ |
| ੧੨. ਆਦਰਸ਼ਕ ਸੇਵਕ | ਪ੍ਰੋ: ਨਰੈਣ ਸਿੰਘ | ਗੁਰਮਤਿ | ੭੦,੦੦੦ | ੪੮ |
| ੧੩. ਸਹਿਜ | ” | ” | ੨੦,੦੦੦ | ੪੦ |
| ੧੪. ਧਰਮ ਕੀ ਹੈ | ” | ” | ੪੫,੦੦੦ | ੪੮ |

| ਕਿਤਾਬ ਦਾ ਨਾਂ | ਲੇਖਕ | ਵਿਸ਼ਾ | ਕੁੱਲ ਛਪਿਆ | ਪੰਨਾ |
|---|---|---|---|---|
| ੧੫. ਸਚਖੰਡ ਕਿਵੇਂ ਜਾਈਦਾ ਹੈ ? | ਪ੍ਰੋ: ਨਰੈਣ ਸਿੰਘ | ਗੁਰਮਤਿ | ੫੫,੦੦੦ | ੪੮ |
| ੧੬. ਵੀਆਹੁ ਹੋਆ ਮੇਰੇ ਬਾਬੁਲਾ | " | " " | ੫੦,੦੦੦ | ੪੮ |
| ੧੭. ਧਰਮੀ ਰਾਜਨੀਤੀ | " | " " | ੮੦,੦੦੦ | ੪੦ |
| ੧੮. ਜਾਨਵਰ ਸਾਡੇ ਭਰਾ | ਨਰਗਸ | ਸਮਾਜਿਕ ਵਿਗਿਆਨ | ੮੦,੦੦੦ | ੨੮ |
| ੧੯. ਵਧ ਰਹੀ ਆਬਾਦੀ ਤੇ ਰੁੱਖਾਂ ਦੀ ਕਟਾਈ | ਅਨੁ: ਜੇ.ਐਸ.ਸੈਣੀ | ਸਮਾਜਿਕ ਸਿਖਿਆ | ੬੦,੦੦੦ | ੨੦ |
| ੨੦. ਹਾਦਸਿਆਂ ਤੋਂ ਕਿਵੇਂ ਬਚੀਏ | ਮਹਿੰਦਰਪਾਲ ਸਿੰਘ | " " | ੬੦,੦੦੦ | ੨੮ |
| ੨੧. ਅੰਮ੍ਰਿਤਸਰ ਅਤੇ ਸਮਾਜ ਸੇਵਾ | ਪ੍ਰੋ: ਰਘਵੀਰ ਸਿੰਘ ਟਾਂਕ | " " | ੧੦,੦੦੦ | ੩੬ |
| ੨੨. ਗਊ | ਸੁਰਜੀਤ ਸਿੰਘ ਭਾਟੀਆ | ਆਰਥਿਕਤਾ | ੯੫,੦੦੦ | ੨੦ |
| ੨੩. ਜੀਵਨ ਜੁਗਤੀ | | | | |
| ੨੪. ਸ਼ਹੀਦੀ | ਪ੍ਰੋ: ਨਰੈਣ ਸਿੰਘ | ਗੁਰਮਤਿ | ੪੦,੦੦੦ | ੨੪ |
| ੨੫. ਸੇਵਾ ਸੰਭਾਲ | ਭਗਤ ਪੂਰਨ ਸਿੰਘ | ਸਮਾਜਿਕ ਗਿਆਨ | ੫,੦੦੦ | ੮੪ |
| ੨੬. ਕਰਮ | ਪ੍ਰੋ: ਨਰੈਣ ਸਿੰਘ | ਗੁਰਮਤਿ | ੨੫,੦੦੦ | ੪੮ |
| ੨੭. ਅਧਿਆਪਕਾਂ ਦੇ ਕਰਤੱਵ | ਭਗਤ ਪੂਰਨ ਸਿੰਘ | ਸਮਾਜਿਕ ਗਿਆਨ | ੬,੦੦੦ | ੧੦੦ |
| ੨੮. ਜਪੁ ਜੀ ਸਾਹਿਬ ਸਟੀਕ | ਪ੍ਰੋ: ਨਰੈਣ ਸਿੰਘ | ਗੁਰਮਤਿ | ੩੧,੦੦੦ | ੨੪੮ |



| ਇਸ਼ਤਿਹਾਰਾਂ ਦੇ ਨਾਮ | ਲੇਖਕ | ਕੁੱਲ ਛਪਿਆ |
|---|---|---|
| ੧. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ਭਗਤ ਪੂਰਨ ਸਿੰਘ | ੧,੨੫,੦੦੦ |
| ੨. ਆਤਮਾ ਦੀ ਸਭ ਤੋਂ ਗਹਿਰੀ ਲੋੜ | ਜੇ. ਡੀ. ਕਨਿੰਘਮ | ੧੦,੦੦੦ |
| ੩. ਬਾਲਾਂ ਲਈ ਮਾਂ ਦਾ ਦੁੱਧ | ਭਗਤ ਪੂਰਨ ਸਿੰਘ | ੫, ੫੭,੦੦੦ |
| ੪. ਆਤਮਿਕ ਰੋਗ ਨਾਲ ਗਰੱਸੀ ਹੋਈ ਨੌਜਵਾਨ ਇਸਤਰੀ ਦੀ ਹਿਰਦਾ ਕੰਬਾਊ ਸਾਖੀ | ਭਗਤ ਪੂਰਨ ਸਿੰਘ | ੯੫,੦੦੦ |
| ੫. ਗੁਰੂ ਕੇ ਲੰਗਰ ਦੀ ਮਹਾਨਤਾ | ਭਗਤ ਪੂਰਨ ਸਿੰਘ | ੧੫,੦੦੦ |
| ੬. ਪੰਥ | ਭਗਤ ਪੂਰਨ ਸਿੰਘ | ੧੦,੦੦੦ |
| ੭. ਘਾਤਕ ਰੌਲਾ ਰੋਕਣ ਦੇ ਉੱਦਮ | (ਪੰਥਕ ਸਮਾਚਾਰ ਦਿੱਲੀ) | ੧,੦੫,੦੦੦ |
| ੮. ਸਿੱਖ ਧਰਮ ਦੇ ਰਹਿਤਨਾਮੇ ਤੇ ਤਨਖ਼ਾਹਨਾਮੇ | ਡਾ: ਦੇਸਾ ਸਿੰਘ ਦੇ ਰਹਿਤਨਾਮੇ 'ਚੋਂ | ੧, ੯੫,੦੦੦ |
| ੯. ਭਾਰੇ ਮੂਰਖਪੁਣੇ | ਭਗਤ ਪੂਰਨ ਸਿੰਘ | ੨੦,੦੦੦ |
| ੧੦. ਮਨੁੱਖ ਹਿੰਸਾ ਕਿਉਂ ਕਰਦਾ ਹੈ | ਗੁਰਬਚਨ ਸਿੰਘ | ੫,੦੦੦ |
| ੧੧. ਹੀਰੋ ਸੀਮਾ ਦੀ ਤਬਾਹੀ ਦਾ ਗੁਨਾਹਗਾਰ | ਸੁਖਬੀਰ | ੧੦,੦੦੦ |
| ੧੨. ਪਿੰਗਲਵਾੜੇ ਲਈ ਪੰਜਾਬ ਦੇ ਕਿਸਾਨਾਂ ਦਾ ਕਰਤੱਵ | ਭਗਤ ਪੂਰਨ ਸਿੰਘ | ੪੪,੦੦੦ |
| ੧੩. "ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ, ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ"॥ | ਭਗਤ ਪੂਰਨ ਸਿੰਘ | ੫੫,੦੦੦ |
| ੧੪. ਭਗਤ ਪੂਰਨ ਸਿੰਘ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੇ ਪ੍ਰਚਾਰ ਦੇ ਕਾਰਜ ਦੀ ਮਹੱਤਤਾ | ਡਾ: ਤਾਰਨ ਸਿੰਘ | ੫੦,੦੦੦ |

| ਇਸ਼ਤਿਹਾਰਾਂ ਦੇ ਨਾਮ | ਲੇਖਕ | ਕੁੱਲ ਛਪਿਆ |
|---|---|---|
| ੧੫. ਗਣਤੰਤਰ ਦੇ ਖ਼ਤਰੇ | ਜਸਟਿਸ ਐਚ. ਆਰ. ਖੰਨਾ | ੧੦,੦੦੦ |
| ੧੬. ਗਹਾਈ ਮਸ਼ੀਨਾਂ ਚਲਾਉਣ ਸਮੇਂ ਸਾਵਧਾਨੀਆਂ | ਪੰਜਾਬ ਐਗਰੀਕਲਚਰਲ ਯੂਨੀਵਰਸਿਟੀ | ੧੦,੦੦੦ |
| ੧੭. ਧਰਤੀ ਦੀ ਹੋ ਚੁੱਕੀ ਤੇ ਹੋ ਰਹੀ ਬਰਬਾਦੀ | ਭਗਤ ਪੂਰਨ ਸਿੰਘ | ੧,੦੦,੦੦੦ |
| ੧੮. ਖ਼ੁਰਾਕ ਦੀ ਘਾਟ ਕਾਰਨ ਲੱਖਾਂ ਬੱਚੇ ਦਿਮਾਗੀ ਤੌਰ 'ਤੇ ਹੀਣੇ | ਭਗਤ ਪੂਰਨ ਸਿੰਘ | ੫,੦੦੦ |
| ੧੯. ਕਾਲੇ ਧਨ ਦੇ ਪੈਸੇ ਦੀ ਸਮੱਸਿਆ | ਅਮੋਲਕ ਸਿੰਘ | ੨੫,੦੦੦ |
| ੨੦. ਪੰਡਿਤ ਨਹਿਰੂ ਤੇ ਕੈਦੀ ਬੱਚਾ | ਦਲੀਪ ਸਿੰਘ | ੧੦,੦੦੦ |
| ੨੧. ਲੰਮੀ ਉਮਰ ਦਾ ਆਨੰਦ | ਜੋਗਿੰਦਰ ਭਾਟੀਆ | ੧੦,੦੦੦ |
| ੨੨. ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ | ਭਗਤ ਪੂਰਨ ਸਿੰਘ | ੧੦,੦੦੦ |
| ੨੩. ਸ਼ਰਾਬ ਦੇ ਨਸ਼ੇ ਲਈ | ਨਿੱਜੀ ਪੱਤਰ ਪ੍ਰੇਰਕ ਬਟਾਲਾ | ੫,੦੦੦ |
| ੨੪. ਹੀਰੇ ਜਵਾਹਰਾਂ ਨਾਲੋਂ ਜਵਾਰ ਦੇ ਦਾਣੇ ਵਧੇਰੇ ਕੀਮਤੀ ਹਨ | ਭਗਤ ਪੂਰਨ ਸਿੰਘ | ੯੫,੦੦੦ |
| ੨੫. ਜੂਠੇ ਭਾਂਡੇ ਸੁਆਹ ਨਾਲ ਮਾਂਜੇ ਜਾਣ | ਭਗਤ ਪੂਰਨ ਸਿੰਘ | ੧੫,੦੦੦ |
| ੨੬. ਪਿੰਗਲਵਾੜੇ ਵੱਲੋਂ ਛਾਪੇ ਜਾ ਰਹੇ ਇਸ਼ਤਿਹਾਰ ਤੇ ਕਿਤਾਬਚੇ ਦੇਸ਼ ਉਸਾਰੀ ਵਿਚ ਕੀ ਹਿੱਸਾ ਪਾ ਰਹੇ ਹਨ | ਭਗਤ ਪੂਰਨ ਸਿੰਘ | ੫੦,੦੦੦ |
| ੨੭. ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰੂ ਗੋਬਿੰਦ | ਭਗਤ ਪੂਰਨ ਸਿੰਘ | ੩੫,੦੦੦ |
| ੨੮. ਭਾਰਤ ਤੋਂ ਸੱਪਾਂ ਦੀਆਂ ਖੱਲਾਂ ਦੀ ਸਮਗਲਿੰਗ | " | ੧੦,੦੦੦ |

ਨੋਟ:- ਇਹ ਪੁਸਤਕਾਂ, ਟਰੈਕਟ ਅਤੇ ਇਸ਼ਤਿਹਾਰ ਸੰਨ ੧੯੮੪ ਤਕ ਹਜ਼ਾਰਾਂ ਦੀ ਗਿਣਤੀ ਵਿਚ ਛਾਪ ਕੇ ਵੰਡੇ ਜਾਂਦੇ ਰਹੇ ਹਨ ਜਿਹੜੇ ਹੁਣ ਹੋਰ ਵੀ ਕਈ ਨਵੀਆਂ ਕਿਤਾਬਾਂ, ਟਰੈਕਟਾਂ ਅਤੇ ਇਸ਼ਤਿਹਾਰਾਂ ਸਮੇਤ ਲੱਖਾਂ ਦੀ ਗਿਣਤੀ ਵਿੱਚ ਛਪਵਾ ਕੇ ਸੰਗਤਾਂ ਵਿਚ ਭੇਟਾ ਰਹਿਤ ਵੰਡੇ ਜਾ ਰਹੇ ਹਨ।



ਸੰਨ ੧੯੮੨ ਤੋਂ ਪਟਿਆਲਾ ਸ਼ਹਿਰ ਵਿਚ ਮੋਹਣ ਸਿੰਘ ਨਾਂ ਦੇ ਇਕ ਬੰਦੇ ਨੇ ਸੜਕਾਂ ਦੇ ਕੰਢਿਆਂ 'ਤੇ ਅਪਾਹਿਜਾਂ ਲਈ ਇਕ ਆਸ਼ਰਮ ਚਲਾਉਣ ਦਾ ਢਕਵੰਜ ਖੜ੍ਹਾ ਕੀਤਾ ਹੋਇਆ ਹੈ । ਜਿਸ ਥਾਂ 'ਤੇ ਉਸ ਨੇ ਪਹਿਲਾਂ ਆਪਣਾ ਡੇਰਾ ਖੜ੍ਹਾ ਕੀਤਾ ਸੀ ਤੇ ਜਿੱਥੇ ਉਹ ੧੯੮੫ ਦੇ ਅਖੀਰ ਤਕ ਰਿਹਾ ਸੀ ਉਹ ਥਾਂ ਸਰਕਾਰੀ ਸੀ । ਉਸ ਥਾਂ ਨੂੰ ਸਰਕਾਰ ਨੇ ਨਾਲ ਲੱਗਦੇ ਮੁਹੱਲੇ ਦੇ ਲੋਕਾਂ ਲਈ ਬੈਠਣ-ਉੱਠਣ, ਅਰਾਮ ਕਰਨ, ਤਾਜ਼ੀ ਹਵਾ ਫੱਕਣ, ਲੇਟ ਕੇ ਅਰਾਮ ਕਰਨ ਤੇ ਬੱਚਿਆਂ ਦੇ ਖੇਡਣ ਲਈ (ਪਾਰਕ) ਘਾਹ ਵਾਲਾ ਖੁੱਲ੍ਹਾ ਮੈਦਾਨ ਬਣਾਉਣ ਲਈ ਰਾਖਵਾਂ ਰੱਖਿਆ ਹੋਇਆ ਸੀ ਤੇ ਇਸ ਮਨੋਰਥ ਲਈ ਸੰਨ ੧੯੮੨ ਤੋਂ ਕੁਝ ਸਮਾਂ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਆਪ ਮੌਕੇ 'ਤੇ ਖੜ੍ਹੇ ਹੋ ਕੇ ਪੁਲਿਸ ਦੀ ਤਾਕਤ ਨਾਲ ਉਸ ਥਾਂ 'ਤੇ ਬਣੀਆਂ ਹੋਈਆਂ ਗ਼ਰੀਬਾਂ ਦੀਆਂ ਝੁੱਗੀਆਂ ਜ਼ਬਰਨ ਉੱਠਵਾਈਆਂ ਸਨ ।

ਇੱਥੇ ਇਹ ਗੱਲ ਦੱਸੀ ਜਾਣ ਵਾਲੀ ਹੈ ਕਿ ਪਟਿਆਲਾ ਸ਼ਹਿਰ ਵਿਚ ਅਪਾਹਿਜਾਂ ਦੀ ਸੇਵਾ-ਸੰਭਾਲ ਲਈ ਇਕ ਉੱਚ-ਪੱਧਰ ਦੀ ਸੰਸਥਾ ਘੱਟੋ-ਘੱਟ ੩੫ ਸਾਲ ਪਹਿਲਾਂ ਤੋਂ ਚਲ ਰਹੀ ਹੈ ਜਿਸ ਦਾ ਨਾਂ ਵੀਰ ਦਸੋਂਧੀ ਰਾਮ ਯਾਦਵਿੰਦਰਾ ਅਪਾਹਿਜ ਆਸ਼ਰਮ ਹੈ ।

ਯਾਦਵਿੰਦਰਾ ਤੋਂ ਮੁਰਾਦ ਪਟਿਆਲਾ ਸ਼ਹਿਰ ਦੇ ਸਵਰਗਵਾਸੀ ਮਹਾਰਾਜਾ ਯਾਦਵਿੰਦਰ ਸਿੰਘ ਤੋਂ ਹੈ । ਸੰਨ ੧੯੫੫ ਦੇ ਲਾਗੇ ਮਹਾਰਾਣੀ ਪਟਿਆਲਾ ਜਦੋਂ ਸਟੇਟ ਸੋਸ਼ਲ ਵੈਲਫੇਅਰ ਬੋਰਡ ਦੇ ਚੇਅਰਮੈਨ ਸਨ ਉਸ ਆਸ਼ਰਮ ਦੀ ਬਹੁਤ ਵੱਡੀ ਇਮਾਰਤ ਬਣਵਾਈ ਸੀ । ਸ਼ਾਇਦ ੫੦,੦੦੦ ਰੁਪਏ ਖ਼ਰਚ ਆਏ ਸਨ । ਪਟਿਆਲੇ ਦੀ ਸਨਾਤਨ ਧਰਮ ਸਭਾ ਬੜੇ ਸਿਰਕੱਢ ਪਤਵੰਤੇ ਬੰਦਿਆਂ ਦੀ ਸਭਾ ਹੈ । ਉਹ ਸਭਾ ਉਸ ਅਪਾਹਿਜ ਆਸ਼ਰਮ ਨੂੰ ਚਲਾ ਰਹੀ ਹੈ । ਉਹ ਸਭਾ ਇਕ ਬਹੁਤ ਵੱਡਾ ਹਾਈ ਸਕੂਲ ਵੀ ਚਲਾ ਰਹੀ ਹੈ ਤੇ ਇਕ ਹਸਪਤਾਲ ਵੀ ਜਿਹੜਾ ਅਪਾਹਿਜ ਆਸ਼ਰਮ ਦੇ ਨਾਲ ਹੀ ਚਲ ਰਿਹਾ ਹੈ । ਵੀਰ ਦਸੋਂਧੀ ਰਾਮ ਪਟਿਆਲਾ ਸ਼ਹਿਰ ਵਿਚ ਇਕੱਲੇ-ਇਕੱਲੇ ਬੰਦੇ ਦੀ ਜ਼ਬਾਨ 'ਤੇ ਚੜ੍ਹਿਆ ਹੋਇਆ ਸੀ ਤੇ ਉਸ ਦੀ ਸ਼ੋਭਾ ਸੈਂਕੜੇ ਮੀਲਾਂ ਤਕ ਫੈਲੀ ਹੋਈ ਸੀ । ਪਟਿਆਲਾ ਸ਼ਹਿਰ ਦਾ ਹਰ ਬੰਦਾ ਉਸ ਅੱਗੇ ਸਿਰ ਝੁਕਾਉਂਦਾ ਸੀ । ਜਦੋਂ ਪਟਿਆਲਾ ਰਿਆਸਤ ਸੀ ਤੇ ਪਟਿਆਲਾ ਰਿਆਸਤ ਵਿਚ ਮਹਾਰਾਜ ਭੁਪਿੰਦਰ ਸਿੰਘ ਦਾ ਰਾਜ ਸੀ ਤਾਂ ਉਹ ਵੀਰ ਦਸੋਂਧੀ ਰਾਮ ਕਿਸੇ ਸਰਕਾਰੀ ਦਫ਼ਤਰ ਵਿਚ ਕਲਰਕ ਸੀ । ਵੀਰ ਜੀ ਦਾ ਸਭ ਤੋਂ ਵੱਡਾ ਸੇਵਾ ਦਾ ਕੰਮ ਉਹਨਾਂ ਲਾਵਾਰਸ ਰੋਗੀਆਂ ਤੇ ਅਪਾਹਿਜਾਂ ਦੀਆਂ ਲੋਥਾਂ ਨੂੰ ਸਾੜਨਾ ਸੀ ਜਿਹੜੇ ਸੜਕਾਂ 'ਤੇ ਮਰਦੇ ਹੁੰਦੇ ਹਨ । ਮਹਾਰਾਜਾ ਸਾਹਿਬ ਨੇ ਵੀਰ ਜੀ ਨੂੰ ਛੁੱਟੀ ਦਿੱਤੀ ਹੋਈ ਸੀ ਕਿ ਤੂੰ ਸੇਵਾ ਦੇ

ਕਾਰਜਾਂ ਵਿਚ ਲੱਗਾ ਰਿਹਾ ਕਰ, ਦਫ਼ਤਰ ਆਉਣ ਦੀ ਕੋਈ ਲੋੜ ਨਹੀਂ, ਮਹੀਨੇ ਮਗਰੋਂ ਆਪਣੀ ਤਨਖ਼ਾਹ ਦਫ਼ਤਰ ਤੋਂ ਲੈ ਜਾਇਆ ਕਰ । ਜੇ ਕੋਈ ਬੰਦਾ ਮਹਾਰਾਜਾ ਯਾਦਵਿੰਦਰ ਸਿੰਘ ਤੇ ਵੀਰ ਦਸੋਂਧੀ ਰਾਮ ਦੇ ਨਾਮਾਂ ਨੂੰ ਪਿੱਛੇ ਸੁੱਟਣ ਦਾ ਕਾਰਨ ਬਣੇਗਾ ਉਸ ਨੂੰ ਪਟਿਆਲੇ ਦੀ ਜਨਤਾ ਨਹੀਂ ਜਰੇਗੀ ।

ਸਮਾਜ ਕਲਿਆਣ ਦਾ ਦਸਤੂਰ ਹੈ ਕਿ ਜੇਕਰ ਕਿਸੇ ਸ਼ਹਿਰ ਵਿਚ ਸਮਾਜ ਕਲਿਆਣ ਦੇ ਕਿਸੇ ਕੰਮ ਨੂੰ ਕੋਈ ਸੰਸਥਾ ਪਹਿਲਾਂ ਤੋਂ ਕਰ ਰਹੀ ਹੋਵੇ ਤਾਂ ਉਸੇ ਕੰਮ ਨੂੰ ਕਰਨ ਲਈ ਉਸੇ ਸ਼ਹਿਰ ਵਿਚ ਦੂਜੀ ਸੰਸਥਾ ਨਹੀਂ ਖੁੱਲ੍ਹਣੀ ਚਾਹੀਦੀ । ਇਸ ਨਿਯਮ ਨੂੰ ਅੰਗਰੇਜ਼ੀ ਦੇ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ ।

Duplication of expenses on personal and maintenance

ਜਿਸ ਕੰਮ ਨੂੰ ਜਨਤਾ ਦੇ ਦਾਨ ਨਾਲ ਕੀਤਾ ਜਾਣਾ ਹੁੰਦਾ ਹੈ ਉਸ ਕੰਮ ਲਈ ਦੋ ਥਾਵਾਂ 'ਤੇ ਜਨਤਾ ਦਾ ਪੈਸਾ ਖ਼ਰਚ ਨਹੀਂ ਕੀਤਾ ਜਾਣਾ ਚਾਹੀਦਾ । ਦੋਹਾਂ ਥਾਵਾਂ 'ਤੇ ਹਰ ਚੀਜ਼ ਦਾ ਖ਼ਰਚ ਦੂਣਾ ਹੋ ਜਾਂਦਾ ਹੈ । ਲੰਗਰ ਦੋ ਥਾਵਾਂ 'ਤੇ ਪੱਕਦਾ ਹੈ । ਪਟਿਆਲਾ ਸ਼ਹਿਰ ਦੇ ਅਫ਼ਸਰਾਂ ਨੇ ਮੋਹਣ ਸਿੰਘ ਨੂੰ ਉਸ ਥਾਂ ਡੇਰੇ ਨੂੰ ਲੱਗਣ ਤੋਂ ਨਾ ਰੋਕ ਕੇ ਸਮਾਜ ਕਲਿਆਣ ਦੇ ਉੱਪਰ ਲਿਖੇ ਨਿਯਮ ਤੋਂ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕੀਤਾ । ਕਾਰਖ਼ਾਨਿਆਂ ਦੇ ਕਾਨੂੰਨ ਅਨੁਸਾਰ ਸਰਕਾਰ ਕਿਸੇ ਬੰਦੇ ਨੂੰ ਕਾਰਖ਼ਾਨਾ ਚਲਾਉਣ ਦੀ ਆਗਿਆ ਦੇਣ ਤੋਂ ਪਹਿਲਾਂ ਇਹ ਵੇਖਿਆ ਕਰਦੀ ਹੈ ਕਿ ਜਿਸ ਮਕਾਨ ਵਿਚ ਮਸ਼ੀਨ ਲੱਗੀ ਹੋਈ ਹੈ ਉਸ ਦੀ ਛੱਤ ਓਨੀ ਉੱਚੀ ਹੈ ਜਾਂ ਨਹੀਂ, ਜਿੰਨੀ ਉੱਚੀ ਹੋਣ ਦੀ ਮੰਗ ਕਾਨੂੰਨ ਕਰਦਾ ਹੈ; ਟੱਟੀ ਤੇ ਪਿਸ਼ਾਬ ਕਰਨ ਦੀ ਜਗ੍ਹਾ ਬਣੀ ਹੋਈ ਹੈ ਜਾਂ ਨਹੀਂ । ਇਸਤਰੀ ਰੋਗੀਆਂ ਤੇ ਅਪਾਹਿਜਾਂ ਨੂੰ ਇਸ਼ਨਾਨ ਕਰਨ ਲਈ ਕੋਈ ਪੜਦੇ ਵਾਲੀ ਜਗ੍ਹਾ ਦੀ ਲੋੜ ਹੁੰਦੀ ਹੈ । ਕੇਸਾਂ ਦਾ ਇਸ਼ਨਾਨ ਸਰਦੀਆਂ ਦੇ ਦਿਨਾਂ ਵਿਚ ਗਰਮ ਪਾਣੀ ਨਾਲ ਕੀਤਾ ਜਾਂਦਾ ਹੈ । ਇਸ ਲਈ ਕੋਈ ਕਮਰਾ ਚਾਹੀਦਾ ਹੈ ਜਿਸ ਵਿਚ ਅਪਾਹਿਜ ਜਾਂ ਰੋਗੀ ਹਵਾ ਲੱਗਣ ਤੋਂ ਬਚ ਕੇ ਗਰਮ ਪਾਣੀ ਨਾਲ ਇਸ਼ਨਾਨ ਕਰ ਸਕਣ । ਮੋਹਣ ਸਿੰਘ ਨੇ ਸੜਕ ਦੇ ਕੰਢੇ 'ਤੇ ਡੇਰਾ ਖੜ੍ਹਾ ਕੀਤਾ । ਕੋਈ ਮਕਾਨ ਨਹੀਂ ਸੀ, ਕੋਈ ਟੱਟੀ-ਪਿਸ਼ਾਬ ਦਾ ਪ੍ਰਬੰਧ ਨਹੀਂ ਸੀ, ਬੀਮਾਰਾਂ ਨੂੰ ਹਵਾ ਤੋਂ ਬਚਾ ਕੇ ਗਰਮ ਪਾਣੀ ਨਾਲ ਇਸ਼ਨਾਨ ਕਰਾਉਣ ਲਈ ਕੋਈ ਕਮਰਾ ਨਹੀਂ ਸੀ । ਮੀਂਹ ਵੀ ਆਉਂਦਾ ਹੈ, ਧੁੱਪ ਵੀ ਆਉਂਦੀ ਹੈ, ਹਨੇਰੀ ਵੀ ਆਉਂਦੀ ਹੈ, ਸਰਦੀ ਦੀ ਰੁੱਤ ਵੀ ਆਉਂਦੀ ਹੈ । ਪਟਿਆਲਾ ਸ਼ਹਿਰ ਵਿਚ ਜਿਹੜਾ ਆਸ਼ਰਮ ਪਿਛਲੇ ੩੫ ਸਾਲਾਂ ਤੋਂ ਚਲ ਰਿਹਾ ਹੈ ਉਸ ਆਸ਼ਰਮ ਦੀਆਂ ਵਧੀਆ ਇਮਾਰਤਾਂ ਹਨ । ਟੱਟੀ-ਪਿਸ਼ਾਬ,



ਤੇ ਇਸ਼ਨਾਨ ਦਾ ਪ੍ਰਬੰਧ ਬਹੁਤ ਚੰਗਾ ਹੈ, ਜ਼ਿਲ੍ਹੇ ਦੇ ਅਫ਼ਸਰਾਂ ਨੂੰ ਇਹ ਗੱਲ ਤੱਕਣੀ ਚਾਹੀਦੀ ਸੀ । ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸ ਆਸ਼ਰਮ ਵਿਚ ਜਿੰਨੀਆਂ ਇਮਾਰਤਾਂ ਹਨ ਉਹ ਸਾਰੀਆਂ ਭਰੀਆਂ ਹੋਈਆਂ ਨਹੀਂ ਹਨ । ਉਸ ਆਸ਼ਰਮ ਵਿਚ ੮੦ ਅਪਾਹਿਜਾਂ ਦੀ ਥਾਂ ਹੈ, ਅਪਾਹਿਜ ਚਾਲ੍ਹੀ (੪੦) ਹੋਣਗੇ । ਘੱਟੋ-ਘੱਟ ਤੀਹ (੩੦) ਅਪਾਹਿਜਾਂ ਲਈ ਛੱਤੀ ਹੋਈ ਜਗ੍ਹਾ ਖ਼ਾਲੀ ਪਈ ਹੋਈ ਸੀ । ਇਮਾਰਤ ਬਣਾਉਣ ਲਈ ਉਸ ਆਸ਼ਰਮ ਵਿਚ ਹੋਰ ਜਗ੍ਹਾ ਖ਼ਾਲੀ ਪਈ ਹੋਈ ਸੀ । ਫਿਰ ਅਫ਼ਸਰਾਂ ਨੇ ਮੋਹਣ ਸਿੰਘ ਨੂੰ ਉਸ ਥਾਂ 'ਤੇ ਝੁੱਗੀਆਂ ਲਾਉਣ ਦੀ ਆਗਿਆ ਕਿਉਂ ਦਿੱਤੀ, ਜਦੋਂ ਉਸ ਥਾਂ ਤੋਂ ਪਹਿਲੇ ਹੀ ਮੁਹੱਲੇ ਦੇ ਲੋਕਾਂ ਲਈ ਪਾਰਕ ਬਣਾਉਣ ਲਈ ਝੁੱਗੀਆਂ ਉੱਠਵਾਈਆਂ ਗਈਆਂ ਸਨ । ਇਹਨਾਂ ਗੱਲਾਂ ਨੂੰ ਕੌਣ ਤੱਕੇ ? ਮੋਹਣ ਸਿੰਘ ਜਿਨ੍ਹਾਂ ਢੰਗਾਂ ਨਾਲ ਦਾਨ ਇਕੱਠਾ ਕਰਦਾ ਰਿਹਾ ਹੈ ਉਹਨਾਂ ਢੰਗਾਂ ਨਾਲ ਉਸ ਨੇ 'ਅਲੀ ਬਾਬਾ ਚਾਲ੍ਹੀ ਚੋਰ' ਦੀ ਕਹਾਣੀ ਯਾਦ ਤਾਜ਼ਾ ਕਰਾ ਦਿੱਤੀ ਹੈ । ਉਸ ਨੇ ਆਪਣਾ ਡੇਰਾ ਸੇਵਾ ਦੇ ਮਨੋਰਥ ਲਈ ਖੜ੍ਹਾ ਨਹੀਂ ਕੀਤਾ ਸੀ ਬਲਕਿ ਜਨਤਾ ਨੂੰ ਪਿੰਗਲਵਾੜੇ ਦਾ ਭੁਲੇਖਾ ਪਾਉਣ ਵਾਲੇ ਪਿੰਗਲਾ-ਆਸ਼ਰਮ ਨਾਮ ਨਾਲ ਲੁੱਟਣ ਲਈ ਖੜ੍ਹਾ ਕੀਤਾ ਸੀ । ਉਸ ਨੇ ਜਿਹੜੇ ਇਸ਼ਤਿਹਾਰ ਛਾਪ ਕੇ ਵੰਡੇ ਤੇ ਜਿਹੜੇ ਲੁਟੇਰੇ ਉਸ ਨੇ ਪਿੰਡਾਂ ਵਿਚ ਟਰੱਕਾਂ ਨਾਲ ਜਿਣਸਾਂ ਦੀ ਉਗਰਾਹੀ ਲਈ ਭੇਜੇ ਉਹਨਾਂ ਪਾਸੋਂ ਵੀ ਉਸ ਨੇ ਇਹ ਪ੍ਰਚਾਰ ਕਰਵਾਇਆ ਕਿ ਮੋਹਣ ਸਿੰਘ ਨੂੰ ਲੱਖਾਂ ਰੁਪਏ ਇਮਾਰਤਾਂ ਲਈ ਚਾਹੀਦੇ ਹਨ । ਜ਼ਿਲ੍ਹਾ ਅਫ਼ਸਰਾਂ ਨੇ ਇਹ ਗੱਲ ਨਾ ਸੋਚੀ ਕਿ ਜਦ ਸਥਾਨਕ ਆਸ਼ਰਮ ਦੀ ਵਧੀਆ ਇਮਾਰਤ ਵਿਚ ਤੀਹ ਅਪਾਹਿਜਾਂ ਦੀ ਜਗ੍ਹਾ ਖ਼ਾਲੀ ਪਈ ਹੋਈ ਹੈ ਤੇ ਉਸ ਆਸ਼ਰਮ ਦੇ ਵਲਗਣ ਅੰਦਰ ਹੋਰ ਇਮਾਰਤ ਬਣਾਉਣ ਲਈ ਵੀ ਜਗ੍ਹਾ ਖ਼ਾਲੀ ਪਈ ਹੋਈ ਹੈ ਤਾਂ ਫਿਰ ਸੜਕ ਦੇ ਕੰਢੇ 'ਤੇ ਪੰਦਰਾਂ ਅਪਾਹਿਜ ਰੱਖਣ ਵਾਲੇ ਲੁਟੇਰੇ ਨੂੰ ਸਾਰੇ ਦੇਸ਼ ਤੋਂ ਇਮਾਰਤਾਂ ਦੇ ਨਾਂ 'ਤੇ ਲੱਖਾਂ ਰੁਪਏ ਦਾਨ ਮੰਗਣ ਦੀ ਆਗਿਆ ਕਿਉਂ ਦਿੱਤੀ ਜਾਵੇ । ਮੋਹਣ ਸਿੰਘ ਜਿਣਸਾਂ ਦੀ ਉਗਰਾਹੀ ਲਈ ਕਈ ਕਈ ਟਰੱਕ ਪਟਿਆਲੇ ਤੋਂ ਭੇਜਦਾ ਰਿਹਾ ਹੈ ਤੇ ਉਸ ਦਾ ਪੁੱਤਰ ਮਾਧੋ ਸਿੰਘ ਕੋਟ ਕਪੂਰਾ ਕਸਬੇ ਤੋਂ ਕਈ ਕਈ ਟਰੱਕ ਪਿੰਡਾਂ ਨੂੰ ਭੇਜਦਾ ਰਿਹਾ ਤੇ ਟਰੱਕ ਨਾਲ ਲੱਗਦੇ ਹਰਿਆਣਾ ਤੇ ਰਾਜਸਥਾਨ ਦੇ ਇਲਾਕਿਆਂ ਵਿਚ ਵੀ ਭੇਜੇ ਜਾਂਦੇ ਰਹੇ । ਮਾਧੋ ਸਿੰਘ ਨੇ ਜੀਪ ਮੁੱਲ ਲਈ ਹੋਈ ਸੀ । ਉਹ ਵੱਡੇ-ਵੱਡੇ ਡੇਰਿਆਂ ਦੇ ਸੰਤਾਂ-ਮਹੰਤਾਂ ਵਾਂਗ ਬਹੁਤ ਕੀਮਤੀ ਕੱਪੜੇ ਪਾ ਕੇ ਉਸ ਜੀਪ ਨਾਲ ਉਗਰਾਹੀ ਕਰਦਾ ਰਿਹਾ ਹੈ । ਇਹਨਾਂ ਨੇ ਬਹੁਤੀ ਲੁੱਟ ਤਾਂ ਪੰਜਾਬ ਦੇ ਪਿੰਡਾਂ ਵਿਚ ਮਚਾ ਕੇ ਰੱਖੀ । ਹਰ ਇਕ ਟਰੱਕ ਵਿਚ ਪੰਜ-ਪੰਜ ਲੁਟੇਰੇ ਨਿਹੰਗਾਂ ਦੇ ਬਾਣੇ ਵਿਚ ਪਿੰਡਾਂ ਵਿਚ ਜਾਂਦੇ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾ ਕੇ ਲੋਕਾਂ ਨੂੰ ਕਹਿੰਦੇ

'ਅਸੀਂ ਪਿੰਗਲਵਾੜੇ ਤੋਂ ਆਏ ਹਾਂ।'

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਤੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ ਵਲਗਣਾਂ ਅੰਦਰ ਮੈਂ ਬੋਰਡ ਰਖਵਾਏ ਜਿਨ੍ਹਾਂ ਉੱਪਰ ਲਿਖਿਆ ਗਿਆ ਸੀ ਕਿ **"ਮੋਹਣ ਸਿੰਘ ਨਾਮ ਦਾ ਇਕ ਲੁਟੇਰਾ ਪਿੰਗਲ ਸ਼ਬਦ ਦੇ ਓਹਲੇ ਹੇਠ ਪਿੰਡਾਂ ਦੇ ਕਿਸਾਨਾਂ ਨੂੰ ਲੁੱਟ ਰਿਹਾ ਹੈ ।"**

ਪਿੰਗਲ ਸ਼ਬਦ ਪਿੰਗਲਵਾੜਾ ਅੰਮ੍ਰਿਤਸਰ ਲਈ ਰਾਖਵਾਂ ਰੱਖਿਆ ਜਾਣ ਦਾ ਅਧਿਕਾਰੀ ਹੈ । ਮੋਹਣ ਸਿੰਘ ਨਾਮ ਦਾ ਇਕ ਲੁਟੇਰਾ ਪਟਿਆਲਾ ਸ਼ਹਿਰ ਵਿਚ ਆਪਣੀ ਠੱਗੀ ਦਾ ਅੱਡਾ ਖੜ੍ਹਾ ਕਰਕੇ ਪਿੰਗਲਵਾੜਾ ਸ਼ਬਦ ਦੀ ਜ਼ਿੰਦ-ਜਾਨ 'ਪਿੰਗਲ' ਸ਼ਬਦ ਨੂੰ ਧੱਕੇ ਨਾਲ ਵਰਤਦਾ ਹੋਇਆ ਪਿੰਗਲਾ ਆਸ਼ਰਮ ਨਾਮ ਨਾਲ ਜਨਤਾ ਨੂੰ ਠੱਗ ਰਿਹਾ ਹੈ ਤੇ ਪਿੰਗਲਵਾੜੇ ਦੀ ਦਾਨ ਦੀ ਆਮਦਨ ਨੂੰ ਭਾਰੀ ਢਾਹ ਲਾ ਕੇ ਪਿੰਗਲਵਾੜੇ ਦੇ ਕਾਰਜ ਵਿਚ ਭਾਰੀ ਵਿਘਨ ਪਾ ਰਿਹਾ ਹੈ ।

ਰੈੱਡ-ਕਰਾਸ ਦਾ ਇਸ਼ਤਿਹਾਰ ਤੀਹ ਹਜ਼ਾਰ ਛਪ ਚੁੱਕਾ ਹੈ । ਉਸ ਦੇ ਉੱਤੇ ਹੇਠ ਲਿਖੇ ਸ਼ਬਦ ਛਪਦੇ ਰਹੇ ਹਨ :-

**'ਪਿੰਗਲ' ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ**

## ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਅਮਾਨਤ ਹੈ

ਪਿੰਗਲਵਾੜਾ ਨਾਮ ਦੀ ਜ਼ਿੰਦ-ਜਾਨ 'ਪਿੰਗਲ' ਸ਼ਬਦ ਸ਼ਹੀਦਾਂ ਦੇ ਸਿਰਤਾਜ ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਪਾਕਿਸਤਾਨ ਵਿਚ ਆ ਚੁੱਕੇ ਸ਼ਹਿਰ ਲਾਹੌਰ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਦੀ ਅਮਾਨਤ ਨੂੰ ਧੱਕੇ ਨਾਲ ਵਰਤ ਕੇ ਪਿੰਗਲਵਾੜੇ ਦਾ ਭੁਲੇਖਾ ਪਾਉਣ ਵਾਲੇ ਪਿੰਗਲਾ-ਆਸ਼ਰਮ ਨਾਵਾਂ ਨਾਲ ਦਾਨ ਇਕੱਠਾ ਕਰਕੇ ਜਨਤਾ ਨੂੰ ਠੱਗਣ ਵਾਲੇ ਤੇ ਪਿੰਗਲਵਾੜੇ ਦੇ ਦਾਨ ਨੂੰ ਢਾਹ ਲਾਉਣ ਵਾਲੇ ਧੱਕੇਬਾਜ਼ ਬੰਦੇ ਰੈੱਡ-ਕਰਾਸ ਦੀ ਕਹਾਣੀ ਤੋਂ ਅਨੁਮਾਨ ਲਾ ਲੈਣ ਕਿ ਆਪਣੀ ਸੰਸਥਾ ਲਈ ਮੇਰਾ ਘੜਿਆ 'ਪਿੰਗਲ' ਸ਼ਬਦ ਮੇਰੀ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਲਈ ਰਾਖਵਾਂ ਰੱਖਿਆ ਜਾਣਾ ਕਿਉਂ ਜ਼ਰੂਰੀ ਹੈ । ਜੇ ਉਹ ਨਾ ਰੁਕੇ ਤਾਂ ਉਹਨਾਂ ਨੂੰ ਆਮ ਜਨਤਾ ਨੂੰ ਆਮ ਕਰਕੇ ਤੇ ਸਿੱਖ ਸੰਗਤਾਂ ਨੂੰ ਖਾਸ ਕਰਕੇ ਜਵਾਬ ਦੇਣਾ ਪਵੇਗਾ ਕਿ ਉਹ ਕਿਉਂ ਅਜਿਹਾ ਕਰ ਰਹੇ ਹਨ । ਪਿੰਗਲਵਾੜੇ ਦੀ ਰਚਨਾ ਲਈ ਮੇਰੇ ਪਾਸੋਂ ਬੇਆਸਰੇ ਰੋਗੀਆਂ ਤੇ



ਅਪਾਹਿਜਾਂ ਦੀ ਸੇਵਾ ਦੇ ਹੋਏ ਕਾਰਜਾਂ ਨਾਲ ਮੇਲ ਖਾਂਦੀ ਹੋਈ ਸੰਸਾਰ-ਪ੍ਰਸਿੱਧ ਰੈੱਡ-ਕਰਾਸ ਸੋਸਾਇਟੀ ਦੀ ਕਹਾਣੀ ਹੈ ।

ਜਲੰਧਰ ਸ਼ਹਿਰ ਵਿਚ ਪਿੰਗਲ ਸ਼ਬਦ ਦੀ ਸਭ ਤੋਂ ਪਹਿਲਾਂ ਧੱਕੇ ਨਾਲ ਵਰਤੋਂ ਸੰਨ ੧੯੫੯ ਵਿਚ ਹੋਈ ਤੇ ਇਹ ਵਰਤੋਂ ਸਰਦਾਰ ਬਾਵਾ ਸਰੂਪ ਸਿੰਘ ਨੇ ਕੀਤੀ । ਹੁਣ ਉਸ ਸੰਸਥਾ 'ਤੇ ਬਾਵਾ ਸਰੂਪ ਸਿੰਘ ਦੇ ਪੁੱਤਰ ਬਾਵਾ ਪਰਮਜੀਤ ਸਿੰਘ ਦਾ ਕਬਜ਼ਾ ਹੈ, ਕੀ ਉਹ ਪਿੰਗਲਾ-ਘਰ ਦੇ ਨਾਮ ਵਿਚੋਂ 'ਪਿੰਗਲ' ਸ਼ਬਦ ਨੂੰ ਕੱਢ ਦੇਵੇਗਾ ? ਪਰ ਮੋਹਣ ਸਿੰਘ ਦੇ ਹਿਰਦੇ ਵਿਚ ਵੀ ਉੱਪਰ ਲਿਖੇ ਸ਼ਬਦ ਇਸ ਨਾਮ ਨੂੰ ਵਰਤਣ ਤੋਂ ਰੁਕਣ ਲਈ ਕੋਈ ਡਰ ਪੈਦਾ ਨਹੀਂ ਕਰ ਸਕੇ ਤੇ ਉਹ ਇਸ ਨਾਮ ਦੀ ਵਰਤੋਂ ਕਰਨ ਤੋਂ ਨਹੀਂ ਟਲ ਰਿਹਾ । ਉਸ ਨੇ ਮੇਰੇ ਆਸ਼ਰਮ ਨੂੰ ਤਬਾਹ ਕਰਨ ਤੋਂ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ । ਸੁਣਨ ਵਿਚ ਆਇਆ ਹੈ ਕਿ ਉਸ ਨੇ ਕੈਨੇਡਾ ਤੇ ਇੰਗਲੈਂਡ ਵਿਚ ਵੀ ਆਪਣਾ ਆਦਮੀ ਪਿੰਗਲਾ-ਆਸ਼ਰਮ ਨਾਮ ਨਾਲ ਉਗਰਾਹੀ ਕਰਨ ਲਈ ਭੇਜਿਆ ਹੋਇਆ ਹੈ । ਵਾਹਿਗੁਰੂ ਹੀ ਮੈਨੂੰ ਬਚਾਏਗਾ, ਪਰ ਲੁਟੇਰਿਆਂ ਨੇ ਤਾਂ ਮੇਰੇ ਆਸ਼ਰਮ ਨੂੰ ਤਬਾਹ ਕਰਨ ਲਈ ਕੋਈ ਕਸਰ ਨਹੀਂ ਛੱਡੀ ਹੈ । ਵਾਹਿਗੁਰੂ ਮੋਹਣ ਸਿੰਘ ਨੂੰ ਸੁਮੱਤ ਦੇਵੇ ਤਾਂ ਜੋ ਉਹ ਛੇਤੀ ਇਸ ਕੰਮ ਤੋਂ ਰੁਕੇ, ਬਥੇਰਾ ਉਹ ਜ਼ੁਲਮ ਕਰ ਚੁੱਕਾ ਹੈ । ਉਸਦੇ ਜਵਾਨ ਪੁੱਤ ਕੋਈ ਹੋਰ ਕੰਮ ਕਰਕੇ ਕਮਾ ਕੇ ਖਾ ਸਕਦੇ ਹਨ । ਉਹਨਾਂ ਦੇ ਹੱਡਾਂ ਵਿਚ ਉਹ ਹਰਾਮ ਭਰ ਰਿਹਾ ਹੈ । ਉਹ ਅਮੀਰਾਂ ਵਾਂਗ ਰਹਿ ਰਹੇ ਹਨ । ਟਰੱਕਾਂ ਨਾਲ ਉਗਰਾਹੀ ਵਾਲੀ ਲੁੱਟ ਸਦਾ ਨਹੀਂ ਰਹਿ ਸਕਦੀ ਸੀ, ਹਰਾਮ ਦੇ ਪੈਸੇ ਨਾਲ ਕਈ ਤਰ੍ਹਾਂ ਦੀਆਂ ਬੁਰੀਆਂ ਆਦਤਾਂ ਪਿਆ ਕਰਦੀਆਂ ਹਨ ਜਿਵੇਂ ਸ਼ਰਾਬ ਪੀਣਾ ਤੇ ਹੋਰ ਕਈ ਵਿਭਚਾਰ ਕਰਨੇ । ਮੋਹਣ ਸਿੰਘ ਪਿੰਗਲਵਾੜੇ ਦੇ ਦਾਨ ਨੂੰ ਢਾਹ ਲਾਉਣ ਵਾਲੇ ਨਾਂ ਨੂੰ ਵਰਤ ਕੇ ਆਪਣੇ ਤਿੰਨ ਜਵਾਨ ਪੁੱਤਰਾਂ ਨੂੰ ਜ਼ਹਿਰ ਖੁਆਂਦਾ ਰਿਹਾ ਹੈ । ਰੋਜ਼ਾਨਾ ਅਜੀਤ, ਅਕਾਲੀ ਪੱਤ੍ਰਿਕਾ ਜਲੰਧਰ, ਰਣਜੀਤ ਤੇ ਚੜ੍ਹਦੀ ਕਲਾ ਪਟਿਆਲਾ ਚਾਰ ਰੋਜ਼ਾਨਾ ਅਖ਼ਬਾਰਾਂ ਵਿਚ ਮੋਹਣ ਸਿੰਘ ਦੀ ਪਿੰਡਾਂ ਵਿਚੋਂ ਟਰੱਕਾਂ ਨਾਲ ਮਚਾਈ ਜਾਂਦੀ ਲੁੱਟ ਦੀਆਂ ਖ਼ਬਰਾਂ ਵੀ ਮੈਂ ਛਪਵਾਉਂਦਾ ਰਿਹਾ ਹਾਂ, ਪਰ ਪਟਿਆਲਾ ਜ਼ਿਲ੍ਹੇ ਦੇ ਅਫ਼ਸਰਾਂ ਨੇ ਕੋਈ ਧਿਆਨ ਨਾ ਦਿੱਤਾ । ਅਫ਼ਸਰਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਇਸ ਸੰਬੰਧ ਵਿਚ ਮੋਹਣ ਸਿੰਘ ਤੋਂ ਪੁੱਛ-ਗਿੱਛ ਕਰਦੇ । ਚਿੰਤਾ ਵਾਲੀ ਗੱਲ ਇਹ ਹੈ ਕਿ ਮੋਹਣ ਸਿੰਘ ਨੇ ਲੁੱਟੇ ਵੀ ਉਹ ਕਿਸਾਨ ਜਿਨ੍ਹਾਂ ਦਾ ਆਰਥਿਕ ਤੌਰ 'ਤੇ ਮੰਦਾ ਹਾਲ ਹੈ । ਕੀ ਇਹ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਸੀ ਕਿ ਉਸ ਲੁਟੇਰੇ ਦੀ ਲੁੱਟ 'ਤੇ ਨਿਗਾਹ

ਰੱਖਦੀ ਤੇ ਉਸ ਨੂੰ ਰੋਕਦੀ ? ਮੋਹਣ ਸਿੰਘ ਦੀ ਉਸ ਲੁੱਟ ਬਾਰੇ ਮੈਂ ਹਜ਼ਾਰਾਂ ਦੀ ਗਿਣਤੀ ਵਿਚ ਇਸ਼ਤਿਹਾਰ ਛਾਪ ਕੇ ਵੰਡਾ ਚੁੱਕਾ ਹਾਂ ।

ਮੋਹਣ ਸਿੰਘ ਨੇ ਜਨਤਾ ਤੇ ਖਾਸ ਤੌਰ 'ਤੇ ਪਿੰਡਾਂ ਦੇ ਕਿਸਾਨਾਂ ਨੂੰ ਟਰੱਕਾਂ ਨਾਲ ਉਗਰਾਹੀ ਕਰਨ ਲਈ ਹੇਠ ਲਿਖਿਆ ਇਕ ਹੋਰ ਰਾਹ ਕੱਢਿਆ—

'ਸੰਨ ੧੯੮੪ ਵਿਚ ਜਿਹੜੇ ਦਿੱਲੀ ਵਿਚ ਮਜ਼ਹਬੀ ਦੰਗੇ ਹੋਏ ਸਨ ਤੇ ਕੁਝ ਸਿੱਖ ਪਰਿਵਾਰ ਉਹਨਾਂ ਦੰਗਿਆਂ ਦੇ ਕਾਰਨ ਦਿੱਲੀ ਤੋਂ ਉੱਜੜ ਕੇ ਪਟਿਆਲਾ ਸ਼ਹਿਰ ਵਿਚ ਆਏ ਸਨ ਉਹਨਾਂ ਵਾਸਤੇ ਸ਼ਹਿਰ ਦੇ ਪਤਵੰਤੇ ਬੰਦਿਆਂ ਨੇ ਦੋ ਕਮੇਟੀਆਂ ਬਣਾਈਆਂ ਸਨ ਤੇ ਉਹਨਾਂ ਦੀ ਸੇਵਾ ਲਈ ਮਾਇਆ ਇਕੱਠੀ ਕੀਤੀ ਸੀ । ਦੰਗਾਂ ਪੀੜਿਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀਆਂ ਇਮਾਰਤਾਂ ਵਿਚ ਕੀਤਾ ਗਿਆ ਸੀ । ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੀਆਂ ਸਾਰੀਆਂ ਕੋਠੜੀਆਂ ਦੰਗਾ ਪੀੜਿਤ ਪਰਿਵਾਰਾਂ ਨੂੰ ਦਿੱਤੀਆਂ ਗਈਆਂ ਸਨ । ਉਹ ਕੋਠੜੀਆਂ ਤੀਹ ਤੋਂ ਘੱਟ ਨਹੀਂ ਹੋਣਗੀਆਂ । ਮੋਹਣ ਸਿੰਘ ਨੇ ਇਸ਼ਤਿਹਾਰ ਛਾਪ ਕੇ ਪੰਜਾਬ ਵਿਚ ਵੰਡਵਾਏ ਕਿ ਪਿੰਗਲਾ-ਆਸ਼ਰਮ ਪਟਿਆਲਾ ਵਿਚ ਪੰਜਾਹ (੫੦) ਦੰਗਾ ਪੀੜਿਤਾਂ ਨੂੰ ਸੰਭਾਲਣ ਦਾ ਪੂਰਾ-ਪੂਰਾ ਪ੍ਰਬੰਧ ਹੈ । ਉਸ ਨੇ ਦੰਗਾ ਪੀੜਿਤਾਂ ਦਾ ਨਾਮ ਵਰਤ ਕੇ ਟਰੱਕਾਂ ਨਾਲ ਪਿੰਡਾਂ ਵਿਚੋਂ ਕਣਕ, ਚਾਵਲ, ਚਾਦਰਾਂ, ਖੇਸੀਆਂ ਸਭ ਇਕੱਠੇ ਕਰਵਾਏ । ਉਹ ਸੜਕ ਦੇ ਕੰਢੇ 'ਤੇ ਝੁੱਗੀਆਂ ਪਾ ਕੇ ਬੈਠਾ ਸੀ ਤੇ ਦੰਗਾ ਪੀੜਿਤਾਂ ਨੂੰ ਰੱਖਣ ਲਈ ਉਸ ਪਾਸ ਫਾਲਤੂ ਜਗ੍ਹਾ ਕਿੱਥੋਂ ਆਉਣੀ ਸੀ ? ਇਹ ਤਾਂ ਨਿਰਾ ਪਾਖੰਡ ਸੀ । ਜੇ ਸਰਕਾਰ ਚਾਹੇ ਤਾਂ ਬਲਾਕ ਅਫ਼ਸਰਾਂ ਰਾਹੀਂ ਪੜਤਾਲ ਕਰ ਸਕਦੀ ਹੈ ਕਿ ਉਸ ਨੇ ਕਿੱਥੋਂ ਕਿੱਥੋਂ ਕੱਪੜੇ ਤੇ ਅਨਾਜ ਇਕੱਠਾ ਕੀਤਾ ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਦ ਪਟਿਆਲਾ ਸ਼ਹਿਰ ਦੇ ਪਤਵੰਤੇ ਬੰਦਿਆਂ ਦੀਆਂ ਦੋ ਕਮੇਟੀਆਂ ਬਣੀਆਂ ਹੋਈਆਂ ਸਨ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੀ ਸਰਾਂ ਵਿਚ ਦੁੱਧ-ਚਾਹ ਦਾ ਵੱਖਰਾ ਲੰਗਰ ਲੱਗਾ ਹੋਇਆ ਸੀ, ਤੇ ਰੋਟੀ ਦਾ ਲੰਗਰ ਤਾਂ ਹੋਣਾ ਹੀ ਸੀ । ਦੰਗਾ ਪੀੜਿਤਾਂ ਨੂੰ ਕੱਪੜਾ, ਬਿਸਤਰਾ, ਮੰਜਾ ਸਭ ਵਸਤਾਂ ਮਿਲਦੀਆਂ ਸਨ, ਡਾਕਟਰ ਬਾਕਾਇਦਾ ਰੋਜ਼ ਇਲਾਜ ਕਰਨ ਤੇ ਦਵਾਈਆਂ ਦੇਣ ਲਈ ਆਉਂਦਾ ਸੀ । ਦੰਗਾ ਪੀੜਤਾਂ ਨੂੰ ਸੰਭਾਲਣ ਦਾ ਦੂਸਰਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ 'ਤੇ ਵੱਖਰਾ ਸੀ । ਦੋਹਾਂ ਥਾਵਾਂ 'ਤੇ ਲੰਗਰ ਚਲਦਾ ਸੀ । ਜੀਵਨ ਨਿਰਬਾਹ



ਦੀਆਂ ਸਭ ਵਸਤਾਂ ਉਹਨਾਂ ਨੂੰ ਮਿਲਦੀਆਂ ਸਨ ਫਿਰ ਮੋਹਣ ਸਿੰਘ ਦਾ ਸਾਰੇ ਪੰਜਾਬ ਵਿਚੋਂ ਦੰਗਾ ਪੀੜਤਾਂ ਲਈ ਟਰੱਕਾਂ ਨਾਲ ਉਗਰਾਹੀ ਕਰਨ ਦਾ ਹੌਂਸਲਾ ਕਿਉਂ ਪਿਆ ? ਕੀ ਅਜਿਹੀ ਅੰਨ੍ਹੀ ਲੁੱਟ ਬਾਰੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਨਹੀਂ ਸੀ ?

## ਮੋਹਣ ਸਿੰਘ ਦੀ ਕਮੇਟੀ ਸੁੱਤੀ ਕਿਉਂ ਪਈ ਰਹੀ

ਮੋਹਣ ਸਿੰਘ ਨੇ ਆਪਣੇ ਡੇਰੇ ਦੇ ਪ੍ਰਬੰਧ ਲਈ ਇਕ ਕਮੇਟੀ ਬਣਾਈ ਹੋਈ ਹੈ ਜਿਸ ਨੂੰ ਉਸ ਨੇ ਸਰਕਾਰੀ ਕਾਗ਼ਜ਼ਾਂ ਵਿਚ ਰਜਿਸਟਰਡ ਕਰਾਇਆ ਹੋਇਆ ਹੈ । ਉਸ ਕਮੇਟੀ ਦੇ ਪ੍ਰਧਾਨ ਤੇ ਹੋਰਨਾਂ ਮੈਂਬਰਾਂ ਤੋਂ ਪੁੱਛ-ਗਿੱਛ ਹੋਣੀ ਚਾਹੀਦੀ ਹੈ ਕਿ ਕੀ ਉਹਨਾਂ ਨੇ ਇਕੱਤਰਤਾ ਕਰਕੇ ਮੋਹਣ ਸਿੰਘ ਨੂੰ ਦੰਗਾ ਪੀੜਿਤਾਂ ਨੂੰ ਸਾਂਭਣ ਤੇ ਇਸ਼ਤਿਹਾਰਾਂ ਰਾਹੀਂ ਇਹ ਐਲਾਨ ਕਰਨ ਲਈ ਮਤੇ ਰਾਹੀਂ ਪ੍ਰਵਾਨਗੀ ਦਿੱਤੀ ਸੀ ਕਿ ਪਿੰਗਲਾ-ਆਸ਼ਰਮ ਪਟਿਆਲਾ ਵਿਚ ੫੦ ਪੀੜਿਤਾਂ ਨੂੰ ਰੱਖਣ ਦਾ ਪ੍ਰਬੰਧ ਹੈ । ਹਰ ਰੋਜ਼ ਦਸ-ਦਸ (੧੦-੧੦), ਵੀਹ-ਵੀਹ (੨੦-੨੦) ਟਰੱਕ ਪਿੰਡਾਂ ਨੂੰ ਭਿਜਵਾ ਕੇ ਜਿਣਸਾਂ ਕਣਕ, ਚਾਵਲ, ਆਟਾ, ਗੁੜ, ਖੇਸੀਆਂ, ਦਰੀਆਂ, ਸਿਰਹਾਣੇ, ਆਦਿ ਇਕੱਠੇ ਕਰਨ ਲਈ ਮੋਹਣ ਸਿੰਘ ਟਰੱਕਾਂ ਨੂੰ ਭੇਜਦਾ ਰਿਹਾ । ਮੋਹਣ ਸਿੰਘ ਦੇ ਡੇਰੇ ਦਾ ਸਾਰਾ ਪ੍ਰਬੰਧ ਉਹ ਆਪ ਤੇ ਉਸ ਦੇ ਦੋ ਜਵਾਨ ਪੁੱਤਰਾਂ ਸਾਧੂ ਸਿੰਘ ਤੇ ਬਲਬੀਰ ਸਿੰਘ ਦੇ ਹੱਥਾਂ ਵਿਚ ਸੀ । ਕੋਈ ਤੀਸਰਾ ਜ਼ਿੰਮੇਵਾਰ ਬੰਦਾ ਕਮੇਟੀ ਨੇ ਮੈਨੇਜਰ ਦੇ ਤੌਰ 'ਤੇ ਨਿਯੁਕਤ ਨਹੀਂ ਕੀਤਾ ਸੀ, ਜੋ ਦਾਨ ਦੀ ਨਿਗਰਾਨੀ ਕਰਦਾ ਕਿ ਕਿੰਨਾ ਦਾਨ ਆ ਰਿਹਾ ਹੈ, ਕੀ ਉਹ ਦਾਨ ਕਾਗ਼ਜ਼ਾਂ ਵਿਚ ਦਰਜ ਹੋ ਰਿਹਾ ਹੈ ਜਾਂ ਨਹੀਂ ? ਇਕ ਪੂਰਬੀਆ ਸੀ ਜਿਸ ਨੂੰ ਉਹਨਾਂ ਨੇ ਖ਼ਜ਼ਾਨਚੀ ਬਣਾ ਕੇ ਰੱਖਿਆ ਸੀ ਤੇ ਜਿਹੜੇ ਇਕ ਦੋ ਸੇਵਾਦਾਰ ਹੋਰ ਵੀ ਉਹਨਾਂ ਨੇ ਰੱਖੇ ਹੋਏ ਸਨ ਉਹ ਵੀ ਉਹਨਾਂ ਦੇ ਘਰ ਦੇ ਹੀ ਸਨ । ਸਾਰਾ ਉਹਨਾਂ ਦੇ ਘਰ ਦੇ ਜੀਆਂ ਤੇ ਰਿਸ਼ਤੇਦਾਰਾਂ ਦਾ ਟੋਲਾ ਸੀ । ਹੋ ਸਕਦਾ ਹੈ ਕਿ ਦੋ-ਤਿੰਨ ਤਨਖ਼ਾਹਦਾਰ ਸੇਵਾਦਾਰ ਵੀ ਹੋਣ; ਪਰ ਬਾਕੀ ਸਭ ਆਪਣਾ ਹੀ ਇਹਨਾਂ ਦਾ ਪਰਿਵਾਰ ਸੀ ਤੇ ਦਾਨ ਦੀ ਸਾਰੀ ਆਮਦਨ ਇਹਨਾਂ ਦੇ ਆਪਣੇ ਹੱਥਾਂ ਵਿਚ ਸੀ । ਪਰ ਉਸ ਕਮੇਟੀ ਦਾ ਪ੍ਰਧਾਨ ਤੇ ਮੈਂਬਰ ਅੱਖਾਂ ਮੀਟ ਕੇ ਘਰਾਂ ਵਿਚ ਬੈਠੇ ਰਹੇ ਤੇ ਮੋਹਣ ਸਿੰਘ ਦੀਆਂ ਲੁੱਟਾਂ ਵੱਲ ਉਹਨਾਂ ਨੇ ਕੋਈ ਧਿਆਨ ਨਾ ਦਿੱਤਾ । ਸਰਕਾਰ ਦਾ ਕਰਤੱਵ ਹੈ ਕਿ ਇਸ ਮਾਮਲੇ ਬਾਰੇ ਵੀ ਪੂਰੀ ਤਹਿਕੀਕਾਤ ਕਰੇ । ਮੋਹਣ ਸਿੰਘ ਦੀ ਲੁੱਟ ਦੀ ਕਹਾਣੀ ਸੁਣ ਕੇ ਲੋਕੀਂ ਮੂੰਹ ਵਿਚ ਉਂਗਲੀਆਂ ਪਾ ਲੈਣਗੇ । ਉਸ ਇਤਿਹਾਸਕ ਲੁੱਟ ਬਾਰੇ ਉਸ ਕਮੇਟੀ ਦੇ ਪ੍ਰਧਾਨ ਤੇ ਮੈਂਬਰਾਂ ਤੋਂ ਵੀ ਪੁੱਛ-ਗਿੱਛ ਕਰਨ ਦੀ ਲੋੜ ਹੈ ਕਿ ਉਹਨਾਂ ਨੇ ਮੋਹਣ ਸਿੰਘ ਦੀਆਂ ਲੁੱਟਾਂ

ਬਾਰੇ ਅੱਖੀਆਂ ਕਿਉਂ ਮੀਟ ਰੱਖੀਆਂ, ਉਸ ਦੀਆਂ ਲੁੱਟਾਂ ਉੱਤੇ ਉਹਨਾਂ ਨੇ ਨਿਗਾਹ ਕਿਉਂ ਨਾ ਰੱਖੀ ।

ਨੋਟ:- ਪਿੰਗਲਾ-ਘਰ ਨਾਲ ਸੰਬੰਧਤ ਬਾਵਾ ਪਰਮਜੀਤ ਸਿੰਘ ਤੇ ਪਿੰਗਲਾ-ਆਸ਼ਰਮ ਪਟਿਆਲਾ ਨਾਲ ਸੰਬੰਧਤ ਮੋਹਣ ਸਿੰਘ ਅਕਾਲ ਚਲਾਣਾ ਕਰ ਚੁੱਕੇ ਹਨ, ਪਰ ਨਾਵਾਂ ਦੀ ਵਰਤੋਂ ਬਾ-ਦਸਤੂਰ ਜਾਰੀ ਹੈ । —ਸੰਪਾਦਕ

## ਪਾਗਲਪਨ ਦੀ ਸਮੱਸਿਆ

ਪਿੰਗਲਵਾੜਾ ਸ਼ਬਦ ਪਿੰਗਲਵਾੜੇ ਦੇ ਕਾਰਜ ਖੇਤਰ ਨੂੰ ਪ੍ਰਗਟ ਨਹੀਂ ਕਰਦਾ, ਇਹ ਨਾਮ ਤਾਂ ਮੇਰੇ ਜੀਵਨ ਦੇ ਇਕ ਇਤਿਹਾਸਕ ਸੇਵਾ ਦੇ ਕਾਰਜ ਦੀ ਯਾਦ ਨੂੰ ਕਾਇਮ ਰੱਖਣ ਵਾਲਾ ਹੈ । ਉਹ ਕਾਰਜ ਇਕ ਲਾਵਾਰਸ ਲੂਲ੍ਹੇ ਬੱਚੇ ਦੀ ਸੇਵਾ-ਸੰਭਾਲ ਦਾ ਕਾਰਜ ਹੈ ਜਿਸ ਨੂੰ ਮੈਂ ਸੰਨ ੧੯੩੪ ਵਿਚ ਆਪਣੀ ਸੰਭਾਲ ਵਿਚ ਲਿਆ ਸੀ ਤੇ ਉਸ ਦੀ ਉਮਰ ਉਸ ਸਮੇਂ ਚਾਰ ਸਾਲ ਦੀ ਸੀ ਤੇ ਪਿੰਗਲਵਾੜਾ ਬਣਨ ਤੋਂ ੧੪ ਸਾਲ ਪਹਿਲਾਂ ਮੈਂ ਉਸ ਨੂੰ ਆਪਣੀ ਪਿੱਠ ਅਤੇ ਗੋਦੀ ਵਿਚ ਚੁੱਕੀ ਫਿਰਦਾ ਰਿਹਾ । ਮੇਰੀ ੧੯੮੭ ਦੀ ੮੩ ਸਾਲ ਦੀ ਉਮਰ ਤਕ ਉਹ ਲੂਲ੍ਹਾ ਮੇਰੇ ਗਲੇ ਦਾ ਹਾਰ ਤੇ ਜਿਗਰ ਦਾ ਟੋਟਾ ਬਣਿਆ ਹੋਇਆ ਹੈ । ਭਾਰਤ ਵਿਚ ਜਿੰਨੀਆਂ ਰਿਆਸਤਾਂ ਹਨ ਉਹਨਾਂ ਵਿਚ ਸਾਰੇ ੪੨ ਦਿਮਾਗੀ ਹਸਪਤਾਲ ਹਨ । ਉਹਨਾਂ ਦਿਮਾਗੀ ਹਸਪਤਾਲਾਂ ਵਿਚ ਕੁੱਲ ੨੦,੦੦੦ ਪਾਗਲ ਸਾਂਭੇ ਜਾਂਦੇ ਹਨ । ਪਰ ਪਿੰਗਲਵਾੜੇ ਵਿਚ ਮੇਰੇ ਪਾਸ ਪੌਣੇ ਤਿੰਨ ਸੌ ਦੇ ਕਰੀਬ ਪਾਗਲ ਮਰਦ ਤੇ ਇਸਤਰੀਆਂ ਹਨ । ਉਹਨਾਂ ਦੀ ਗਿਣਤੀ ਹੇਠ ਲਿਖੀ ਹੈ :-

| | | | |
|---|---|---|---|
| ਪਾਗਲ ਇਸਤਰੀਆਂ | ੧੨੫ | ਪਾਗਲ ਮੁੰਡੇ | ੪੦ |
| ਪਾਗਲ ਮਰਦ | ੫੦ | ਪਾਗਲ ਕੁੜੀਆਂ | ੫੩ |
| ਪੜ੍ਹਨ ਵਾਲੇ ਬੱਚੇ | ੧੦ | ਲੂਲ੍ਹੇ ਮਰਦ | ੦੭ |
| ਦੁੱਧ ਤੇ ਪਲਣ ਵਾਲੇ ਬੱਚੇ | ੦੭ | ਲੂਲ੍ਹੀਆਂ ਇਸਤਰੀਆਂ | ੦੯ |
| ਜ਼ਖ਼ਮਾਂ ਵਾਲੇ ਰੋਗੀ | ੧੦ | ਪਲਸਤਰ ਵਾਲੇ ਰੋਗੀ | ੦੩ |
| ਅਧਰੰਗ ਵਾਲੇ ਮਰਦ | ੦੫ | ਬਿਰਧ ਮਰਦ ਤੇ ਇਸਤਰੀਆਂ | ੨੯ |
| ਅਧਰੰਗ ਵਾਲੀਆਂ ਇਸਤਰੀਆਂ | ੦੪ | | |
| | | ਕੁੱਲ ਜੋੜ | ੩੪੯* |

***ਉਪਰੋਕਤ ਮਰੀਜ਼ਾਂ ਦੀ ਗਿਣਤੀ ਸੰਨ ੧੯੮੭ ਅਨੁਸਾਰ ਦੱਸੀ ਗਈ ਹੈ ਜਿਹੜੀ ਹੁਣ ਜਨਵਰੀ ੨੦੧੭ ਵਿਚ ੧੭੯੪ ਤਕ ਪੁੱਜ ਚੁੱਕੀ ਹੈ । ਸੰਸਥਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੱਧ ਹੈ ।**



ਪਾਗਲ ਇਸਤਰੀਆਂ ਵਿਚ ਦੋ ਅਜਿਹੀਆਂ ਪਾਗਲ ਜਵਾਨ ਇਸਤਰੀਆਂ ਹਨ ਜਿਨ੍ਹਾਂ ਨੂੰ ਗੁਪਤ ਰੋਗ ਲੱਗੇ ਹੋਏ ਹਨ ।

ਪਿੰਗਲਵਾੜਾ ਸੰਸਥਾ ਦੇਸ਼ ਦੀ ਸਰਹੱਦ ਦੇ ਸ਼ਹਿਰ ਅੰਮ੍ਰਿਤਸਰ ਵਿਚ ਚਲ ਰਹੀ ਹੈ । (*ਇਸ ਸੰਸਥਾ ਦਾ ਇਕ ਦਿਨ ਦਾ ਖ਼ਰਚਾ ੧੧,੦੦੦/- ਰੁਪਏ ਹੈ )।

ਸਾਨੂੰ ਜੋ ਦਾਨ ਅੰਮ੍ਰਿਤਸਰ ਸ਼ਹਿਰ ਵਿਚੋਂ ਆਉਂਦਾ ਹੈ ਉਹ ਸੌ ਵਿਚੋਂ ਪੰਦਰਾਂ ਪੈਸਿਆਂ ਦੇ ਹਿਸਾਬ ਨਾਲ ਆਉਂਦਾ ਹੈ । ਸੌ ਵਿਚੋਂ ੮੫ ਹਿੱਸੇ ਦਾਨ ਸਾਨੂੰ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ, ਹੋਰਨਾਂ ਰਿਆਸਤਾਂ ਤੇ ਹੋਰਨਾਂ ਦੇਸ਼ਾਂ ਤੋਂ ਆਉਂਦਾ ਹੁੰਦਾ ਹੈ । ਮੈਨੂੰ ਕੇਂਦਰੀ ਸਮਾਜ ਕਲਿਆਣ ਬੋਰਡ ਦਿੱਲੀ ਤੋਂ ਪਤਾ ਲੱਗਿਆ ਸੀ ਕਿ ਭਾਰਤ ਵਿਚ ਉਸ ਬੋਰਡ ਪਾਸੋਂ ਜਿਹੜੀਆਂ ਸੰਸਥਾਵਾਂ ਸਹਾਇਤਾ ਲੈਂਦੀਆਂ ਹਨ ਉਹਨਾਂ ਦੀ ਗਿਣਤੀ ੩੫ ਹੈ । ਉਹਨਾਂ ਸੰਸਥਾਵਾਂ ਵਿਚ ਕੇਵਲ ਇਕ ਸੰਸਥਾ ਦੀ ਦਾਨ ਦੀ ਆਮਦਨ ਇਕ ਲੱਖ ਰੁਪਏ ਸਾਲਾਨਾ ਹੈ ਬਾਕੀ ਦੀਆਂ ਸੰਸਥਾਵਾਂ ਦੀ ਦਾਨ ਦੀ ਆਮਦਨ ਸਾਢੇ ਚਾਰ ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਹੈ । ਮੋਹਣ ਸਿੰਘ ਨੇ ਪਟਿਆਲਾ ਸ਼ਹਿਰ ਤੇ ਸਾਰੇ ਪੰਜਾਬ ਵਿਚ, ਦਿੱਲੀ ਵਿਚ ਤੇ ਦਿੱਲੀ ਤੋਂ ਪਰੇ ਹੋਰ ਥਾਵਾਂ 'ਤੇ ਵੀ ਲੋਕਾਂ ਨੂੰ ਦੱਸਣਾ ਸੀ ਕਿ ਪਿੰਗਲਾ-ਆਸ਼ਰਮ ਨੂੰ ਦਾਨ ਦਿਓ ; ਇਸ ਵਿਚ ਪਾਗਲ ਇਸਤਰੀਆਂ ਸੰਭਾਲੀਆਂ ਜਾਂਦੀਆਂ ਹਨ । ਕੀ ਇਕ ਪਾਗਲ ਇਸਤਰੀ ਨੂੰ ਰੱਖਣ ਨਾਲ ਵੀ ਇਹ ਐਲਾਨ ਕਰਨ ਦਾ ਅਧਿਕਾਰ ਬੰਦੇ ਨੂੰ ਪ੍ਰਾਪਤ ਹੋ ਜਾਂਦਾ ਹੈ ਕਿ ਉਹ ਕਹੇ ਕਿ ਮੇਰੀ ਸੰਸਥਾ ਪਾਗਲ ਇਸਤਰੀਆਂ ਨੂੰ ਭੀ ਸੰਭਾਲ ਰਹੀ ਹੈ ? ਇਸ ਲਈ ਉਸ ਨੇ ਇਕ ਖ਼ੂਬਸੂਰਤ ਜਵਾਨ ਪਾਗਲ ਇਸਤਰੀ ਪਟਿਆਲਾ ਸ਼ਹਿਰ ਦੇ ਸੜਕ ਦੇ ਕੰਢੇ ਦੇ ਡੇਰੇ ਵਿਚ ਰੱਖੀ ਤੇ ਨੌ ਕੁ ਸਾਲਾਂ ਦੀ ਲੁਧਿਆਣਾ ਸ਼ਹਿਰ ਦੀ ਇਕ ਪਾਗਲ ਕੁੜੀ ਭੀ ਸੜਕ ਦੇ ਕੰਢੇ 'ਤੇ ਰੱਖੀ ਜਿੱਥੇ ਕੋਈ ਮਕਾਨ ਨਹੀਂ ਸੀ, ਕੇਵਲ ਇਕ ਛੌਲਦਾਰੀ ਹੀ ਤਾਣੀ ਹੋਈ ਸੀ । ਸਾਰੇ ਸੱਤ ਕੁ ਅਪਾਹਿਜ ਸਨ, ਕੋਈ ਇਸਤਰੀ ਸੇਵਾਦਾਰਨੀ ਨਹੀਂ ਸੀ । ਵੀਹ-ਵੀਹ ਸਾਲ ਦੇ ਦੋ ਜਵਾਨ ਮੁੰਡੇ ਸਨ··· ਇਕ ਸਫ਼ਾਈ ਮਜ਼ਦੂਰ ਹੋਵੇਗਾ ਤੇ ਇਕ ਰੋਟੀ ਪਕਾਉਣ ਵਾਲਾ । ਪਿੰਗਲਵਾੜੇ ਵਿਚ ਸਭ ਤੋਂ ਵੱਧ ਮਹੱਤਤਾ ਦਾ ਕੰਮ ਪਾਗਲ ਜਵਾਨ ਇਸਤਰੀਆਂ ਤੇ ਪਾਗਲ ਕੁੜੀਆਂ ਦੀ ਸੇਵਾ-ਸੰਭਾਲ ਦਾ ਹੈ । ਮੋਹਣ ਸਿੰਘ ਆਪਣੇ ਸੜਕ ਦੇ ਡੇਰੇ 'ਤੇ ਯੂ.ਪੀ. ਦੀ ਜਵਾਨ ਪਾਗਲ ਇਸਤਰੀ ਨੂੰ ਆਪਣੇ ਸਵਾਰਥਾਂ ਲਈ ਰੱਖਣ ਤੋਂ ਨਾ ਟਲਿਆ ਤੇ ਉਸ ਜਵਾਨ ਪਾਗਲ ਇਸਤਰੀ ਨਾਲ ਬਲਾਤਕਾਰ ਵੀ ਹੋਇਆ ਜਿਹੜਾ ਉਸ ਦੇ ਰਿਸ਼ਤੇਦਾਰ ਨੇ

ਕੀਤਾ, ਜਿਸ ਨੂੰ ਠੇਕੇਦਾਰ ਕਹਿੰਦੇ ਹਨ ਤੇ ਉਹ ਮੋਹਣ ਸਿੰਘ ਦਾ ਸਾਲਾ ਹੈ। ਅਜਿਹਾ ਹੋਣਾ ਹੀ ਸੀ; ਕਿਉਂਕਿ ਉਹ ਇਸਤਰੀ ਮਰਦ ਅਪਾਹਿਜਾਂ ਵਿਚ ਰੱਖੀ ਗਈ ਸੀ ਤੇ ਪਾਗਲ ਇਸਤਰੀਆਂ ਦੀ ਇੱਜ਼ਤ ਦੀ ਰੱਖਿਆ ਦਾ ਕੋਈ ਪ੍ਰਬੰਧ ਉਸ ਥਾਂ 'ਤੇ ਨਹੀਂ ਸੀ। ਜਵਾਨ ਪਾਗਲ ਇਸਤਰੀਆਂ ਨੂੰ ਰੱਖਣ ਲਈ ਵੱਖਰਾ ਮਕਾਨ ਚਾਹੀਦਾ ਹੁੰਦਾ ਹੈ ਤੇ ਮਕਾਨ ਵੀ ਅਜਿਹਾ ਚਾਹੀਦਾ ਹੈ ਜਿਸ ਦਾ ਦਰਵਾਜ਼ਾ ਰਾਤ ਨੂੰ ਬੰਦ ਹੋ ਸਕੇ ਤੇ ਦਿਨ ਨੂੰ ਪਹਿਰੇਦਾਰ ਬੂਹੇ ਅੱਗੇ ਖੜ੍ਹੇ ਰਹਿਣ। ਉਹਨਾਂ ਦੀ ਸੇਵਾ-ਸੰਭਾਲ ਲਈ ਇਸਤਰੀ ਸੇਵਾਦਾਰਨੀਆਂ ਚਾਹੀਦੀਆਂ ਹੁੰਦੀਆਂ ਹਨ। ਦਿਨ-ਰਾਤ ਵਿਚ ਦਿਮਾਗੀ ਰੋਗੀਆਂ ਨੂੰ ਖੁੱਲ੍ਹਾ ਵੀ ਛੱਡਣਾ ਚਾਹੀਦਾ ਹੁੰਦਾ ਹੈ। ਫਿਰ ਉਹਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਣ ਦੀ ਲੋੜ ਹੁੰਦੀ ਹੈ ਜਿੱਥੇ ਉਹਨਾਂ ਨੂੰ ਬਿਜਲੀ ਦੇ ਝਟਕੇ ਲੱਗਦੇ ਹੋਣ ਤੇ ਟੀਕੇ ਵੀ ਲੱਗਦੇ ਹੋਣ ਤੇ ਉਹਨਾਂ ਨੂੰ ਮੋੜ ਕੇ ਵਾਪਸ ਵੀ ਲਿਆਉਣਾ ਹੁੰਦਾ ਹੈ। ਮੋਹਣ ਸਿੰਘ ਨੇ ਜਿਹੜੇ ਇਕ ਦੋ ਪਾਗਲ ਮਰਦ-ਇਸਤਰੀਆਂ ਰੱਖੇ ਹੋਣਗੇ ਉਹਨਾਂ ਨੂੰ ਉਹ ੨੪ ਘੰਟੇ ਸੰਗਲੀ-ਜਿੰਦਰੇ ਨਾਲ ਦਿਨ-ਰਾਤ ਬੰਨ੍ਹ ਕੇ ਰੱਖਦਾ ਸੀ ਕਿਉਂਕਿ ਉਹਨਾਂ ਨੂੰ ਖੁੱਲ੍ਹੀ ਥਾਂ 'ਤੇ ਰੱਖਿਆ ਗਿਆ ਸੀ। ਮਕਾਨ ਕੋਈ ਹੈ ਨਹੀਂ ਸੀ। ਪਾਗਲ ਇਸਤਰੀਆਂ ਨੂੰ ਹਸਪਤਾਲ ਲਿਜਾਣ ਤੇ ਵਾਪਸ ਲਿਆਉਣ ਲਈ ਵੀ ਇਸਤਰੀ ਸੇਵਾਦਾਰਨੀ ਦਾ ਨਾਲ ਜਾਣਾ ਜ਼ਰੂਰੀ ਹੁੰਦਾ ਹੈ; ਪਰ ਮੋਹਣ ਸਿੰਘ ਨੇ ਕਦੇ ਕੋਈ ਬੀਮਾਰ ਹਸਪਤਾਲ ਨਹੀਂ ਭੇਜਿਆ ਹੋਵੇਗਾ। ਉਸ ਨੂੰ ਪੁੱਛਣ ਵਾਲਾ ਕੌਣ ਸੀ। ਜਦ ਪਿੰਗਲਵਾੜਾ ਅੰਮ੍ਰਿਤਸਰ ਵਿਚ ਪਾਗਲਾਂ ਨੂੰ ਸੰਭਾਲਣ ਦਾ ਪੂਰਾ ਪੂਰਾ ਪ੍ਰਬੰਧ ਹੈ ਤੇ ਦਿਮਾਗੀ ਹਸਪਤਾਲ ਨੂੰ ਉਹਨਾਂ ਨੂੰ ਇਲਾਜ ਕਰਾਉਣ ਲਈ ਵਾਰੀ ਸਿਰ ਲਿਜਾਇਆ ਜਾਂਦਾ ਹੈ ਤਾਂ ਉਸ ਨੇ ਪਾਗਲ ਇਸਤਰੀ ਤੇ ਪਾਗਲ ਕੁੜੀ ਕਿਉਂ ਰੱਖੀਆਂ।

ਜਦ ਮੋਹਣ ਸਿੰਘ ਨੇ ਆਪਣਾ ਠੱਗੀ ਦਾ ਅੱਡਾ ਪਟਿਆਲਾ ਸ਼ਹਿਰ ਵਿਚ ਖੜ੍ਹਾ ਕੀਤਾ ਸੀ ਤਾਂ ਮੈਂ ਉਹਨਾਂ ਦਿਨਾਂ ਵਿਚ ਪਟਿਆਲੇ ਦੇ ਡਿਪਟੀ ਕਮਿਸ਼ਨਰ ਨੂੰ ਮਿਲਿਆ ਸੀ ਤੇ ਉਸ ਨੂੰ ਮੈਂ ਹੇਠ ਲਿਖੀਆਂ ਗੱਲਾਂ ਦੱਸੀਆਂ ਸਨ :-

"ਪਟਿਆਲਾ ਸ਼ਹਿਰ ਵਿਚ ਪਹਿਲਾਂ ਹੀ ਪਤਵੰਤੇ ਬੰਦੇ ਇਕ ਆਸ਼ਰਮ ਚਲਾ ਰਹੇ ਹਨ ਤੇ ਨਵੇਂ ਆਸ਼ਰਮ ਦੀ ਲੋੜ ਨਹੀਂ—ਤੇ ਨਾ ਹੀ ਸਮਾਜ ਕਲਿਆਣ ਦੇ ਨਿਯਮ ਇਹ ਆਗਿਆ ਦਿੰਦੇ ਹਨ ਕਿ ਜਿਸ ਸ਼ਹਿਰ ਵਿਚ ਪਹਿਲਾਂ ਸਮਾਜ ਕਲਿਆਣ ਦੇ ਕਿਸੇ ਕੰਮ ਨੂੰ ਕਰਨ ਲਈ ਕੋਈ ਸੰਸਥਾ ਚਲ ਰਹੀ ਹੋਵੇ ਉਸ ਕੰਮ ਨੂੰ ਕਰਨ ਲਈ ਕੋਈ ਦੂਸਰੀ ਸੰਸਥਾ ਉਸ ਸ਼ਹਿਰ ਵਿਚ ਨਹੀਂ ਚਲਣੀ ਚਾਹੀਦੀ। ਪਟਿਆਲਾ ਸ਼ਹਿਰ ਵਿਚ ਬਹੁਤ ਸਾਲ ਪਹਿਲਾਂ ਤੋਂ



ਇਕ ਆਸ਼ਰਮ ਚਲ ਰਿਹਾ ਹੈ ਜਿਸ ਦਾ ਨਾਮ ਵੀਰ ਦਸੋਂਧੀ ਰਾਮ ਯਾਦਵਿੰਦਰਾ ਅਪਾਹਿਜ ਆਸ਼ਰਮ ਹੈ। ਪਿੰਗਲਵਾੜਾ ਨਾਮ ਦੀ ਰਜਿਸਟਰੀ ਪਹਿਲਾਂ ਹੀ ਹੋਈ ਹੋਈ ਹੈ ਤੇ ਕੋਈ ਦੂਜਾ ਆਦਮੀ ਉਸ ਨਾਮ ਨੂੰ ਵਰਤ ਨਹੀਂ ਸਕਦਾ। ਮੋਹਣ ਸਿੰਘ ਤੇ ਉਸ ਦੇ ਦੋ ਪੁੱਤਰ ਡੱਬੇ ਨਾਲ ਦਾਨ ਇਕੱਠਾ ਕਰਦੇ ਰਹੇ ਹਨ। ਉਹਨਾਂ ਨੇ ਆਪਣੀ ਉਗਰਾਹੀ ਵਿਚ ਗਬਨ ਦੇ ਦੋ ਰਾਹ ਕੱਢੇ ਸਨ—ਇਕ ਇਹ ਕਿ ਰਸੀਦ ਉਸ ਬੰਦੇ ਦੀ ਕੱਟਣੀ ਜਿਸ ਨੇ ਪੰਜ-ਦਸ ਰੁਪਏ ਦਾਨ ਦੇਣਾ ਹੋਵੇ ਪਰ ਦਫ਼ਤਰਾਂ ਵਿਚ ਤੇ ਸਕੂਲਾਂ ਵਿਚ ਉਹ ਡੱਬੇ ਨਾਲ ਹੀ ਦਾਨ ਇਕੱਠਾ ਕਰਦੇ ਸਨ। ਪਟਿਆਲਾ ਸ਼ਹਿਰ ਵਿਚ ਬਿਜਲੀ ਦੇ ਮਹਿਕਮੇ ਦਾ ਸਭ ਤੋਂ ਵੱਡਾ ਦਫ਼ਤਰ ਹੈ, ਸ਼ਾਇਦ ੬੦੦ ਕਰਮਚਾਰੀ ਹੋਣ। ਉਹ ੬੦੦ ਬੰਦਿਆਂ ਪਾਸੋਂ ਡੱਬੇ ਵਿਚ ਦਾਨ ਪੁਆਉਂਦੇ ਸਨ, ਉਹ ਸਾਰੀ ਉਗਰਾਹੀ ਚੋਰੀ ਦੀ ਉਗਰਾਹੀ ਸੀ। ਦੂਜੀ ਠੱਗੀ ਇਹ ਸੀ ਕਿ ਮੋਹਣ ਸਿੰਘ ਗੁਰਦੁਆਰਿਆਂ ਦੇ ਬਾਹਰ ਪਏ ਹੋਏ ਦਾਨ-ਪਾਤਰਾਂ ਨੂੰ ਇਕੱਲਾ ਖੋਲ੍ਹਦਾ ਸੀ। ਦੋ ਦਾਨ-ਪਾਤਰ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਪਟਿਆਲਾ ਦੇ ਸਾਹਮਣੇ ਪਏ ਹਨ ਜਿੱਥੋਂ ਦੀ ਸੰਗਤਾਂ ਸਾਰਾ ਦਿਨ ਲੰਘਦੀਆਂ ਹਨ, ਤਿੰਨ ਦਾਨ-ਪਾਤਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਦੇ ਵਲਗਣ ਅੰਦਰ ਪਏ ਹਨ। ਸ੍ਰੀ ਕੀਰਤਪੁਰ ਸਾਹਿਬ ਦੇ ਗੁਰਦੁਆਰੇ ਦੇ ਵਲਗਣ ਅੰਦਰ ਦੋ ਦਾਨ-ਪਾਤਰ ਹੋਣਗੇ। ਇਕ ਦਾਨ-ਪਾਤਰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਆਨੰਦਪੁਰ ਸਾਹਿਬ, ਇਕ ਦਾਨ-ਪਾਤਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਸਰਹੰਦ ਹੈ। ਪਤਾ ਹੀ ਨਹੀਂ ਕਿੰਨੇ ਦਾਨ-ਪਾਤਰ ਹੋਰ ਗੁਰਦੁਆਰਿਆਂ ਦੇ ਬਾਹਰ ਰੱਖੇ ਹੋਣਗੇ। ਸਾਰੇ ਦਾਨ-ਪਾਤਰਾਂ ਨੂੰ ਮੋਹਣ ਸਿੰਘ ਆਪ ਇਕੱਲਾ ਖੋਲ੍ਹਦਾ ਸੀ। ਸਕੂਲਾਂ, ਦਫ਼ਤਰਾਂ ਤੋਂ ਡੱਬੇ ਨਾਲ ਦਾਨ ਉਗਰਾਹ ਕੇ ਗਬਨ ਕਰਦਾ ਸੀ। ਇਸ ਤਰ੍ਹਾਂ ਉਹਨਾਂ ਤਿੰਨਾਂ ਜਣਿਆਂ ਨੇ ਪਿੰਗਲਵਾੜੇ ਦੀ ਥਾਂ ਆਪਣੇ ਘਰ ਨੂੰ ਦਾਨ ਦਾ ਅਧਿਕਾਰੀ ਬਣਾ ਛੱਡਿਆ ਸੀ, ਇਹੋ ਲਾਲਚ ਸਨ ਜਿਨ੍ਹਾਂ ਦੇ ਕਾਰਨ ਉਸ ਨੇ ਆਪਣਾ ਅਡੰਬਰ ਰਚਾਇਆ ਸੀ। ਇਹੋ ਜਿਹੀਆਂ ਕਈ ਗੱਲਾਂ ਮੈਂ ਉਸ ਨੂੰ ਦੱਸੀਆਂ ਸਨ। ਡਿਪਟੀ ਕਮਿਸ਼ਨਰ ਬਹੁਤ ਨੇਕ ਆਦਮੀ ਸੀ ਤੇ ਉਹ ਮੇਰੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਦਾ ਰਿਹਾ ਸੀ ਪਰ ਉਸ ਨੇ ਉੱਤਰ ਕੋਈ ਨਾ ਦਿੱਤਾ। ਸਾਲ ਡੇਢ ਸਾਲ ਪਿੱਛੋਂ ਜਦੋਂ ਮੈਂ ਉਸ ਨੂੰ ਗੁੱਸੇ ਨਾਲ ਟੈਲੀਫੋਨ 'ਤੇ ਪੁੱਛਿਆ ਕਿ ਤੁਸੀਂ ਮੋਹਣ ਸਿੰਘ ਨੂੰ ਸਰਕਾਰੀ ਜ਼ਮੀਨ ਤੋਂ ਹੁਣ ਤਕ ਕਿਉਂ ਨਹੀਂ ਉਠਾਇਆ ਤੇ ਇੰਨੀ ਢਿੱਲ ਕਿਉਂ ਵਰਤੀ ਤਾਂ ਉਸ ਨੇ ਮੈਨੂੰ ਉੱਤਰ ਦਿੱਤਾ ਸੀ ਕਿ ਭਗਤ ਜੀ ਤੁਸੀਂ ਬਜ਼ੁਰਗ ਆਦਮੀ ਹੋ। ਮੈਨੂੰ ਗੁੱਸੇ ਨਾ

ਹੋਵੇ, ਮੇਰਾ ਕੋਈ ਕਸੂਰ ਨਹੀਂ । ਮੈਂ ਮੋਹਣ ਸਿੰਘ ਨੂੰ ਸਰਕਾਰੀ ਜ਼ਮੀਨ ਤੋਂ ਉਠਾਉਣਾ ਤਾਂ ਚਾਹੁੰਦਾ ਸਾਂ ਪਰ ਮੋਹਣ ਸਿੰਘ ਨੇ ਮੇਰੇ 'ਤੇ ਰਾਜਸੀ ਬੰਦਿਆਂ ਦਾ ਦਬਾਅ ਪੁਆ ਦਿੱਤਾ ਹੈ । ਉਸ ਨੇ ਕਿਹਾ ਕਿ ਭਗਤ ਜੀ ਤੁਸੀਂ ਕਾਨੂੰਨੀ ਤੌਰ 'ਤੇ ਮੇਰੇ ਹੱਥ ਮਜਬੂਤ ਕਰੋ ਤੇ ਲਿਖ ਕੇ ਐਸੀਆਂ ਗੱਲਾਂ ਦਿਉ ਜਿਨ੍ਹਾਂ ਨਾਲ ਮੈਂ ਮੋਹਣ ਸਿੰਘ ਨੂੰ ਕਾਨੂੰਨੀ ਤੌਰ 'ਤੇ ਉਠਾਵਾਂ । ਮੋਹਣ ਸਿੰਘ ਦਾ ਡੇਰਾ ਖੁੱਲ੍ਹੇ ਨੂੰ ਤਿੰਨ ਕੁ ਸਾਲ ਹੋ ਗਏ ਸਨ ਤਾਂ ਮੈਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਠਹਿਰਿਆ ਹੋਇਆ ਸੀ, ਤਾਂ ਇਕ ਬੰਦੇ ਨੇ ਦੱਸਿਆ ਕਿ ਮੋਹਣ ਸਿੰਘ ਦੇ ਡੇਰੇ 'ਤੇ ਇਕ ਖ਼ੂਬਸੂਰਤ ਪਾਗਲ ਜਵਾਨ ਇਸਤਰੀ ਹੈ ਤੇ ਉਹ ਕਹਿੰਦੀ ਹੈ ਕਿ ਮੇਰੇ ਨਾਲ ਬਲਾਤਕਾਰ ਹੋਇਆ ਹੈ । ਮੈਂ ਤੇ ਸੋਚ ਹੀ ਰਿਹਾ ਸੀ ਕਿ ਕਿਸ ਤਰ੍ਹਾਂ ਇਸਤਰੀ ਦੇ ਉਸ ਮਾਮਲੇ ਨੂੰ ਡਿਪਟੀ ਕਮਿਸ਼ਨਰ ਪਾਸ ਲਿਜਾਇਆ ਜਾਵੇ ਪਰ ਉਹ ਇਸਤਰੀ ਆਪ ਹੀ ਇਕ ਦੋ ਦਿਨਾਂ ਦੇ ਅੰਦਰ ਹੀ ਆਪਣਾ ਰੱਸਾ ਤੁੜਵਾ ਕੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਵੱਡੇ ਬੂਹੇ ਦੇ ਲਾਗੇ ਰਾਤ ਦੇ ਅੱਠ ਕੁ ਵਜੇ ਰੌਲਾ ਪਾਉਣ ਲੱਗ ਪਈ ਕਿ ਮੇਰੇ ਨਾਲ ਬਲਾਤਕਾਰ ਹੋਇਆ ਹੈ । ਮੈਂ ਉਸੇ ਵਕਤ ਉਸ ਇਸਤਰੀ ਨੂੰ ਨਾਲ ਲੈ ਕੇ ਠਾਣੇ ਗਿਆ ਤੇ ਉਸ ਦੀ ਰਿਪੋਰਟ ਦਰਜ ਕਰਵਾਈ । ਉਸੇ ਵੇਲੇ ਇਕ ਠਾਣੇਦਾਰ ਮੇਰੇ ਨਾਲ ਮੋਹਣ ਸਿੰਘ ਦੇ ਡੇਰੇ ਆਇਆ । ਉਸ ਨੂੰ ਪਤਾ ਲੱਗਾ ਕਿ ਉੱਥੋਂ ਮੋਹਣ ਸਿੰਘ ਦੇ ਜਿਸ ਰਿਸ਼ਤੇਦਾਰ ਨੇ ਬਲਾਤਕਾਰ ਕੀਤਾ ਸੀ ਉਹ ਬਲਾਤਕਾਰ ਕਰਕੇ ਉੱਥੋਂ ਭੱਜ ਚੁੱਕਾ ਸੀ । ਦੂਸਰੇ ਦਿਨ ਮੈਂ ਮੋਹਣ ਸਿੰਘ ਦੀ ਕਮੇਟੀ ਦੇ ਪ੍ਰਧਾਨ ਦੇ ਘਰ ਗਿਆ ਤੇ ਉਸ ਨੂੰ ਮੈਂ ਇਸਤਰੀ ਨਾਲ ਹੋਏ ਬਲਾਤਕਾਰ ਬਾਰੇ ਦੱਸਿਆ । ਉਸ ਨੇ ਉਸੇ ਵੇਲੇ ਪੁਲਿਸ ਦੇ ਇਕ ਅਫ਼ਸਰ ਨੂੰ ਟੈਲੀਫ਼ੋਨ ਕੀਤਾ ਪਰ ਮੋਹਣ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਨਾ ਹੋਈ । ਦੂਸਰੇ ਦਿਨ ਰਿਪੋਰਟ ਕਰਨ ਵੇਲੇ ਮੈਂ ਸੋਚਿਆ ਸੀ ਕਿ ਅਗਲੇ ਦਿਨ ਮੈਂ ਬਲਾਤਕਾਰ ਦੀ ਸ਼ਿਕਾਰ ਇਸਤਰੀ ਦੀ ਫੋਟੋ ਖਿੱਚਵਾ ਲਵਾਂ ਪਰ ਦੂਸਰੇ ਦਿਨ ਮੈਨੂੰ ਅੰਮ੍ਰਿਤਸਰ ਪਿੰਗਲਵਾੜੇ ਤੋਂ ਸੱਦਾ ਆ ਗਿਆ ਤੇ ਅੰਮ੍ਰਿਤਸਰ ਆਉਣ ਲਈ ਮੈਨੂੰ ਗੁਰਦੁਆਰੇ ਤੋਂ ਨਿਕਲਣਾ ਪਿਆ । ਪ੍ਰਧਾਨ ਦਾ ਫ਼ਰਜ਼ ਬਣਦਾ ਸੀ ਕਿ ਉਹ ਮੋਹਣ ਸਿੰਘ ਨੂੰ ਕਹਿ ਦਿੰਦਾ ਕਿ ਉਸ ਪਾਗਲ ਇਸਤਰੀ ਦੀ ਬਲਾਤਕਾਰ ਦੀ ਰਿਪੋਰਟ ਥਾਣੇ ਦਰਜ ਹੋ ਚੁੱਕੀ ਹੈ, ਇਸ ਲਈ ਉਸ ਨੂੰ ਭਜਾਇਆ ਨਾ ਜਾਵੇ । ਪਾਗਲ ਇਸਤਰੀ ਤਾਂ ਮੋਹਣ ਸਿੰਘ ਦੇ ਡੇਰੇ ਨਹੀਂ ਰੱਖੀ ਜਾਣੀ ਚਾਹੀਦੀ ਸੀ ਕਿਉਂਕਿ ਮੋਹਣ ਸਿੰਘ ਪਾਗਲ ਰੋਗੀਆਂ ਨੂੰ ਇਲਾਜ ਲਈ ਹਰ ਰੋਜ਼ ਹਸਪਤਾਲ ਨਹੀਂ ਭੇਜ ਸਕਦਾ ਸੀ, ਨਾ ਹੀ ਮਕਾਨ ਹੋਣ ਕਾਰਨ ਉਹ ਉਹਨਾਂ ਨੂੰ ਖੁੱਲ੍ਹਾ ਛੱਡ ਸਕਦਾ ਸੀ, ਨਾ ਹੀ ਉਹ ਉਹਨਾਂ ਦੀ



ਇੱਜ਼ਤ ਦੀ ਰੱਖਿਆ ਕਰ ਸਕਦਾ ਸੀ ਕਿਉਂਕਿ ਜਵਾਨ ਇਸਤਰੀਆਂ ਦੀ ਇੱਜ਼ਤ ਦੀ ਰੱਖਿਆ ਦਾ ਪ੍ਰਬੰਧ ਉਸ ਦੇ ਡੇਰੇ 'ਤੇ ਨਹੀਂ ਸੀ, ਉਸ ਨੇ ਮਰਦ ਤੇ ਇਸਤਰੀਆਂ ਨੂੰ ਇਕੋ ਛਤਨੇ ਹੇਠ ਰੱਖਿਆ ਹੋਇਆ ਸੀ । ਮੋਹਣ ਸਿੰਘ ਨੂੰ ਪੁੱਛਦਾ ਕੌਣ ਜਦ ਡਿਪਟੀ ਕਮਿਸ਼ਨਰ 'ਤੇ ਉਸ ਨੇ ਰਾਜਸੀ ਬੰਦਿਆਂ ਦਾ ਦਬਾਅ ਪੁਆ ਦਿੱਤਾ ਸੀ । ਜ਼ਿਲ੍ਹੇ ਦਾ ਵੱਡਾ ਅਫ਼ਸਰ ਡਿਪਟੀ ਕਮਿਸ਼ਨਰ ਹੀ ਹੁੰਦਾ ਹੈ । ਜਦ ਉਸ ਨੇ ਉਸ 'ਤੇ ਹੀ ਰਾਜਸੀ ਦਬਾਅ ਪੁਆ ਦਿੱਤਾ ਤਾਂ ਮੋਹਣ ਸਿੰਘ ਨੂੰ ਪੁੱਛਣ ਵਾਲਾ ਕੌਣ ਰਹਿ ਗਿਆ । ਮੋਹਣ ਸਿੰਘ ਨੇ ਉਸ ਇਸਤਰੀ ਨੂੰ ਭਜਾ ਦਿੱਤਾ । ਇਹ ਉਸ ਇਸਤਰੀ ਨਾਲ ਬੜਾ ਭਾਰੀ ਜ਼ੁਲਮ ਸੀ । ਮੋਹਣ ਸਿੰਘ ਦਾ ਫ਼ਰਜ਼ ਬਣਦਾ ਸੀ ਕਿ ਉਹ ਪਾਗਲ ਇਸਤਰੀ ਨੂੰ ਆਪਣੇ ਪਾਸ ਨਾ ਰੱਖਦਾ ਤੇ ਪਿੰਗਲਵਾੜਾ ਅੰਮ੍ਰਿਤਸਰ ਨੂੰ ਭੇਜ ਦਿੰਦਾ । ਪਰ ਉਸ ਨੇ ਤਾਂ ਰਾਜਸੀ ਸ਼ਕਤੀਆਂ ਵਾਲੇ ਬੰਦਿਆਂ ਦੀ ਤਾਕਤ ਨੂੰ ਵਰਤ ਕੇ ਮੇਰੀ ਛਾਤੀ 'ਤੇ ਮੂੰਗੀ ਦਲਣੀ ਸੀ ਤੇ ਆਪਣੀਆਂ ਲੁੱਟਾਂ ਕਰਨੀਆਂ ਸਨ ਜਿਹੜੀਆਂ ਉਸ ਨੇ ਦਸ ਤੋਂ ਵੱਧ ਟਰੱਕਾਂ ਨੂੰ ਪਿੰਡਾਂ ਨੂੰ ਹਾੜੀ ਸਾਉਣੀ ਦੇ ਦੋਹਾਂ ਅਵਸਰਾਂ 'ਤੇ ਜਿਣਸਾਂ ਦੀ ਉਗਰਾਹੀ ਲਈ ਭੇਜ ਕੇ ਪਿੰਗਲਵਾੜੇ ਦੇ ਨਾਮ 'ਤੇ ਪਿੰਗਲਵਾੜੇ ਦਾ ਭੁਲੇਖਾ ਪਾਉਣ ਵਾਲੇ ਨਾਮ ਪਿੰਗਲਾ-ਆਸ਼ਰਮ ਨਾਲ ਕੀਤੀਆਂ ।

ਜਿਸ ਤਰ੍ਹਾਂ ਬਾਂਦਰ ਬਿਜੜਿਆਂ ਦੇ ਆਲ੍ਹਣੇ ਨੂੰ ਤਾਰ-ਤਾਰ ਕਰਕੇ ਖ਼ੁਸ਼ ਹੋਇਆ ਕਰਦਾ ਹੈ ਇਸ ਤਰ੍ਹਾਂ ਉਹ ਮੇਰੀ ਸੰਸਥਾ ਨੂੰ ਤਬਾਹ ਕਰਕੇ ਖ਼ੁਸ਼ ਹੋਣਾ ਚਾਹੁੰਦਾ ਹੈ । ਜੇ ਉਸ ਇਸਤਰੀ ਦਾ ਇਲਾਜ ਨਾ ਵੀ ਹੋਣ ਵਾਲਾ ਹੋਵੇ, ਘੱਟ ਤੋਂ ਘੱਟ ਉਸ ਦੀ ਇੱਜ਼ਤ ਤਾਂ ਬਚੀ ਰਹਿਣੀ ਚਾਹੀਦੀ ਹੈ, ਜਿਹੜੀ ਅਵਾਰਾ ਫਿਰਨ ਨਾਲ ਖ਼ਤਰੇ ਵਿਚ ਪੈਂਦੀ ਹੈ । ਇਹ ਵੀ ਪਤਾ ਲੱਗਾ ਹੈ ਕਿ ਸਾਲ ਡੇਢ ਸਾਲ ਦਾ ਸਮਾਂ ਲੰਘ ਜਾਣ ਪਿੱਛੋਂ ਮੋਹਣ ਸਿੰਘ ਨੇ ਪਾਗਲ ਇਸਤਰੀ ਨਾਲ ਬਲਾਤਕਾਰ ਕਰਨ ਵਾਲੇ ਆਪਣੇ ਰਿਸ਼ਤੇਦਾਰ ਨੂੰ ਫਿਰ ਨੌਕਰੀ 'ਤੇ ਰੱਖ ਲਿਆ ਹੈ । ਜਦ ਤਕ ਰਾਜਸੀ ਸ਼ਕਤੀ ਵਾਲੇ ਬੰਦੇ ਸੇਵਾ ਦੇ ਕੰਮਾਂ ਵਿਚ ਦਖ਼ਲ ਦੇਣਗੇ ਉਦੋਂ ਤਕ ਮੋਹਣ ਸਿੰਘ ਵਰਗੇ ਲੁਟੇਰੇ ਪੂਰੀ ਨਿਡਰਤਾ ਨਾਲ ਸਰਕਾਰੀ ਥਾਵਾਂ 'ਤੇ ਸੜਕਾਂ ਦੇ ਕੰਢਿਆਂ 'ਤੇ ਬੈਠ ਕੇ ਵੱਡੇ ਤੋਂ ਵੱਡਾ ਇਖ਼ਲਾਕ ਤੋਂ ਗਿਰਿਆ ਹੋਇਆ ਅਪਰਾਧ ਕਰਦੇ ਰਹਿਣਗੇ । ਪਿੰਗਲਵਾੜੇ ਵਿਚ ਜਿਹੜੇ ਰੋਗੀ ਤੇ ਅਪਾਹਿਜ ਸਾਂਭੇ ਜਾਂਦੇ ਹਨ ਉਹਨਾਂ ਵਿਚੋਂ ਸਭ ਤੋਂ ਵੱਡੀ ਗਿਣਤੀ ਪਾਗਲ ਇਸਤਰੀਆਂ, ਪਾਗਲ ਕੁੜੀਆਂ ਤੇ ਪਾਗਲ ਮੁੰਡਿਆਂ ਦੀ ਹੈ ਜਿਹੜੀ ਉੱਪਰ ਦੱਸੀ ਗਈ ਹੈ । ਇਤਨੀ ਵੱਡੀ ਗਿਣਤੀ ਵਿਚ ਪਾਗਲ ਇਸਤਰੀਆਂ, ਪਾਗਲ ਕੁੜੀਆਂ ਤੇ ਪਾਗਲ ਮੁੰਡਿਆਂ ਨੂੰ ਦੇਖ ਕੇ ਲੋਕਾਂ ਦੇ ਦਿਲਾਂ ਵਿਚ ਪਿੰਗਲਵਾੜੇ ਨੂੰ ਦਾਨ ਦੇਣ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਖਾਸ ਤੌਰ 'ਤੇ ਇਸਤਰੀਆਂ ਦੇ ਹਿਰਦਿਆਂ ਵਿਚ। ਪਿੰਗਲਵਾੜੇ ਵਿਚ

ਪਾਗਲ ਮਰਦ ਤੇ ਇਸਤਰੀਆਂ ਦਾ ਨਾ ਕੇਵਲ ਇਲਾਜ ਕਰਾਇਆ ਜਾਂਦਾ ਹੈ ਬਲਕਿ ਪਾਗਲ ਇਸਤਰੀਆਂ ਦੀਆਂ ਇੱਜ਼ਤਾਂ ਦੀ ਰੱਖਿਆ ਵੀ ਕੀਤੀ ਜਾਂਦੀ ਹੈ ਜਿਹੜੀਆਂ ਬਾਜ਼ਾਰਾਂ ਵਿਚ ਫਿਰਦੀਆਂ ਹੋਈਆਂ ਆਪਣੀਆਂ ਜਾਨਾਂ ਤੇ ਇੱਜ਼ਤਾਂ ਨੂੰ ਖ਼ਤਰੇ ਵਿਚ ਪਾਉਂਦੀਆਂ ਹੁੰਦੀਆਂ ਹਨ । ਇਹ ਕਾਰਜ ਬਹੁਤ ਵੱਡੀ ਮਹੱਤਤਾ ਵਾਲਾ ਹੈ । ਇਸਤਰੀ ਦੀ ਇੱਜ਼ਤ ਦੀ ਰੱਖਿਆ ਕਰਨ ਨਾਲੋਂ ਹੋਰ ਵੱਧ ਮਹਤੱਤਾ ਵਾਲਾ ਕੰਮ ਕੋਈ ਨਹੀਂ ਹੁੰਦਾ । ਪਿੰਗਲਵਾੜੇ ਵਿਚ ਬੱਚਿਆਂ ਨੂੰ ਜਨਮ ਦੇਣ ਵਾਲੀਆਂ ਪਾਗਲ ਇਸਤਰੀਆਂ ਵੀ ਹੁੰਦੀਆਂ ਹਨ । ਮੁਸੀਬਤ ਵਿਚ ਪਈਆਂ ਗਰਭਵਤੀ ਇਸਤਰੀਆਂ ਵੀ ਆ ਜਾਂਦੀਆਂ ਹਨ ਜਿਨ੍ਹਾਂ ਨੇ ਬੱਚਿਆਂ ਨੂੰ ਜਨਮ ਦੇਣਾ ਹੁੰਦਾ ਹੈ ।

ਪਾਗਲ ਇਸਤਰੀਆਂ ਨੂੰ ਰੱਖਣ ਲਈ ਖਾਸ ਪ੍ਰਬੰਧ ਦੀ ਲੋੜ ਹੁੰਦੀ ਹੈ । ਦਿਮਾਗੀ ਰੋਗੀਆਂ ਨੂੰ ਉਸ ਸ਼ਹਿਰ ਵਿਚ ਰੱਖਣ ਦੀ ਲੋੜ ਹੁੰਦੀ ਹੈ ਜਿਸ ਵਿਚ ਉਹਨਾਂ ਦਾ ਇਲਾਜ ਕਰਨ ਵਾਲਾ ਦਿਮਾਗੀ ਹਸਪਤਾਲ ਹੋਵੇ । ਸਜਾਏ ਬੱਚਿਆਂ ਨੂੰ ਸਾਂਭਣ ਦੀ ਵੀ ਲੋੜ ਹੁੰਦੀ ਹੈ । ਜੇਕਰ ਪਿੰਗਲਵਾੜੇ ਨੂੰ ਆਉਣ ਵਾਲੇ ਦਾਨ ਨੂੰ ਵੇਖ ਕੇ ਠੱਗਾਂ ਨੂੰ ਸੜਕਾਂ ਦੇ ਕੰਢਿਆਂ ’ਤੇ ਥਾਂ-ਥਾਂ ’ਤੇ ਪਾਗਲ ਇਸਤਰੀਆਂ ਨੂੰ ਤੇ ਸਜਾਏ ਬੱਚਿਆਂ ਨੂੰ ਰੱਖਣ ਤੋਂ ਨਾ ਰੋਕਿਆ ਗਿਆ ਤਾਂ ਪਾਗਲ ਇਸਤਰੀਆਂ ਦੀਆਂ ਜਾਨਾਂ ਤੇ ਇੱਜ਼ਤਾਂ ਤੇ ਸਜਾਏ ਬੱਚਿਆਂ ਦੀਆਂ ਜਾਨਾਂ ਭਾਰੇ ਖ਼ਤਰਿਆਂ ਵਿਚ ਪੈਂਦੀਆਂ ਰਹਿਣਗੀਆਂ ।

ਠੱਗੀ ਦੇ ਅੱਡੇ ਤਾਂ ਕਈ ਖੁੱਲ੍ਹ ਰਹੇ ਹਨ । ਇਕ ਠੱਗੀ ਦਾ ਅੱਡਾ ਸਤਲੁਜ ਦਰਿਆ ਦੇ ਸੜਕ ਦੇ ਲਾਗੇ ਦੋ ਝੁੱਗੀਆਂ ਨਾਲ ਖੋਲ੍ਹਿਆ ਗਿਆ ਸੀ ਤੇ ਇਕ ਠੱਗੀ ਦਾ ਅੱਡਾ ਟਾਂਡਾ ਰੋਡ ਤੇ ਜਲੰਧਰ ਸ਼ਹਿਰ ਦੀ ਇਕ ਸੜਕ ’ਤੇ ਜਸਵੰਤ ਸਿੰਘ ਨਾਂ ਦੇ ਇਕ ਬੰਦੇ ਨੇ ਖੋਲ੍ਹਿਆ ਸੀ । ਕੁਝ ਬੰਦੇ ਹਰਿਦਵਾਰ ਦੇ ਨਾਂ ’ਤੇ ਰੇੜ੍ਹੀਆਂ ਚਲਾ ਰਹੇ ਹਨ ਤੇ ਦਾਨ ਇਕੱਠਾ ਕਰ ਰਹੇ ਹਨ । ਚਾਰ ਪਹੀਆਂ ਵਾਲੀਆਂ ਗੱਡੀਆਂ ਵੀ ਫੇਰ ਰਹੇ ਹਨ ਤੇ ਮੂੰਹ ਤੋਂ ਕਹਿ ਰਹੇ ਹਨ ਕਿ ਅਸੀਂ ਪਿੰਗਲਵਾੜੇ ਤੋਂ ਆ ਰਹੇ ਹਾਂ ਤੇ ਜੇ ਕੋਈ ਪੁੱਛੇ ਤੇ ਕਾਗ਼ਜ਼ ਆਦਿ ਦੇਖੇ ਤਾਂ ਕਹਿੰਦੇ ਹਨ ਕਿ ਅਸੀਂ ਹਰਿਦਵਾਰ ਦੇ ਪਿੰਗਲਵਾੜੇ ਤੋਂ ਆਏ ਹਾਂ । ਪਰ ਗੱਡੀ ’ਤੇ ਲਿਖਿਆ ਹੁੰਦਾ ਹੈ ‘ਬੇਆਸਰੇ ਅਪਾਹਿਜ ਤੇ ਰੋਗੀ’। ਚੌਦਾਂ-ਚੌਦਾਂ ਸਾਲ ਦੇ ਮੁੰਡੇ ਹੁੰਦੇ ਹਨ ਤੇ ਪਿੰਗਲਵਾੜੇ ਦੇ ਨਾਂ ’ਤੇ ਦਾਨ ਮੰਗ ਰਹੇ ਹੁੰਦੇ ਹਨ । ਕਿਸੇ ਨੇ ਦਸ ਪੈਸੇ ਦੇਣੇ ਹੁੰਦੇ ਹਨ ਤੇ ਕਿਸੇ ਨੇ ਪੰਜ ਪੈਸੇ ਦੇਣੇ ਹੁੰਦੇ ਹਨ । ਮਾਈਆਂ ਚੌਦਾਂ-ਚੌਦਾਂ, ਪੰਦਰਾਂ-ਪੰਦਰਾਂ ਸਾਲ ਦੇ ਬੱਚਿਆਂ ਨੂੰ ਦੇਖ ਕੇ ਦਾਨ ਦੇ ਦਿੰਦੀਆਂ ਹਨ ।

ਪਿੰਗਲਵਾੜੇ ਦਾ ਤਜਰਬਾ ਬੇਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਤੇ ਇਲਾਜ ਦਾ ਦੇਸ਼ ਵਿਚ ਇਕ ਨਵਾਂ ਤਜਰਬਾ ਹੈ । ਮੈਂ ਇਸ



ਕਾਰਜ ਨੂੰ ਇਕ ਤਪੱਸਿਆ ਦੇ ਰੂਪ ਵਿਚ ਕੀਤਾ ਪਰ ਇਸ ਕਾਰਜ ਦੇ ਨਾਂ ’ਤੇ ਦਾਨ ਵੀ ਇਕੱਠਾ ਹੁੰਦਾ ਹੈ । ਜਦ ਪਿੰਗਲਵਾੜਾ ਨਾਮ ਦੀ ਪ੍ਰਸਿੱਧੀ ਅਸਮਾਨ ਦੇ ਤਾਰਾ-ਮੰਡਲ ਵਾਂਗ ਆਪਣਾ ਪਸਾਰਾ ਕਰ ਚੁੱਕੀ ਹੈ ਤਾਂ ਲੁਟੇਰਿਆਂ ਨੇ ਵੀ ਆਪਣਾ ਕੰਮ ਕਰਨਾ ਹੀ ਸੀ । ਉਹਨਾਂ ਨੇ ਵੀ ਆਪਣੀਆਂ ਖੇਡਾਂ ਖੇਡਣੀਆਂ ਹੀ ਸਨ । ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਹੈ ਕਿ ਪਿੰਡ ਅਜੇ ਬੱਝਿਆ ਨਹੀਂ ਉਚੱਕੇ ਪਹਿਲੇ ਹੀ ਆ ਗਏ । ਅਜਿਹਾ ਹੋਣਾ ਹੀ ਸੀ । ਜਦ ਤਕ ਸੰਸਾਰ ਵਿਚ ਅਗਿਆਨੀ ਬੰਦੇ ਤੇ ਲੁੱਟ-ਖਸੁੱਟ ਨੂੰ ਬੁਰਾ ਨਾ ਸਮਝਣ ਵਾਲੇ ਬੰਦੇ ਮੌਜੂਦ ਹਨ ਉਦੋਂ ਤਕ ਭਗਤਾਂ ਦੇ ਕਾਰਜਾਂ ਵਿਚ ਲੁਟੇਰਿਆਂ ਵੱਲੋਂ ਵਿਘਨ ਪਾਏ ਜਾਂਦੇ ਰਹਿਣਗੇ ।

ਪਾਗਲਪਨ ਦੇ ਇਲਾਜ ਦੀ ਸੰਭਾਵਨਾ ਪਹਿਲੇ ਸਾਲ ਵਿਚ ੧੦੦ ਵਿਚੋਂ ੭੦ ਤੋਂ ੮੦ ਹਿੱਸਿਆਂ ਤਕ ਹੁੰਦੀ ਹੈ ਤੇ ਜੇ ਰੋਗ ਲੱਗਣ ਤੋਂ ਪਹਿਲੇ ਸਾਲ ਵਿਚ ਇਲਾਜ ਨਾ ਕਰਾਇਆ ਜਾਵੇ ਤਾਂ ਉਹ ਸੰਭਾਵਨਾ ੧੦੦ ਵਿਚੋਂ ਘੱਟ ਕੇ ੩੦ ਤੋਂ ੪੦ ਹਿੱਸਿਆਂ ਤਕ ਰਹਿ ਜਾਂਦੀ ਹੈ ਤੇ ਜੇ ਦੋ ਸਾਲ ਇਲਾਜ ਨਾ ਕਰਾਇਆ ਜਾਵੇ ਤਾਂ ਉਹ ਸੰਭਾਵਨਾ ਘਟ ਕੇ ੧੦੦ ਵਿਚੋਂ ੧੦ ਤੋਂ ੨੦ ਹਿੱਸਿਆਂ ਤਕ ਰਹਿ ਜਾਂਦੀ ਹੈ । ਜੇ ਤਿੰਨ ਸਾਲ ਇਲਾਜ ਨਾ ਕਰਾਇਆ ਜਾਵੇ ਤਾਂ ਰੋਗ ਬੇਇਲਾਜਾ ਹੋ ਜਾਂਦਾ ਹੈ । ਇਸ ਰੋਗ ਦੇ ਲੱਗਣ ਦੇ ਪਿੱਛੋਂ ਤਿੰਨਾਂ ਸਾਲਾਂ ਤਕ ਜਿਹੜਾ ਦਿਨ ਬੀਤਦਾ ਹੈ ਉਹ ਰੋਗ ਦੇ ਇਲਾਜ ਦੀ ਸੰਭਾਵਨਾ ਨੂੰ ਘਟਾਉਂਦਾ ਹੈ । ਇਸ ਲਈ ਉਸ ਰੋਗ ਦਾ ਇਲਾਜ ਰੋਗ ਲੱਗਣ ਦੇ ਪਿੱਛੋਂ ਜਿੰਨੀ ਛੇਤੀ ਕਰਾਇਆ ਜਾਵੇ ਉਨਾ ਹੀ ਰੋਗ ਦੇ ਰਾਜ਼ੀ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ ।

## ਮੋਹਣ ਸਿੰਘ ਦਾ ੩੦ ਸਾਲ ਪਿੰਗਲਵਾੜਾ ਦਾ ਸੇਵਾਦਾਰ ਰਹਿਣ ਦਾ ਫਰੇਬੀ ਐਲਾਨ

ਬਲਾਤਕਾਰ ਦਾ ਸ਼ਿਕਾਰ ਹੋਈ ਜਿਸ ਜਵਾਨ ਬੀਬੀ ਨੂੰ ਮੋਹਣ ਸਿੰਘ ਨੇ ਸਜ਼ਾ ਦੇ ਡਰ ਤੋਂ ਭਜਾਇਆ ਉਸ ਨੂੰ ਭਜਾ ਕੇ ਉਸ ਨੇ ਉਸ ਦੀ ਇੱਜ਼ਤ ਨੂੰ ਵੀ ਖ਼ਤਰੇ ਵਿਚ ਪਾਇਆ । ਪਰ ਉਸ ਬੀਬੀ ਦੇ ਸੰਬੰਧ ਵਿਚ ਸੋਚਣ ਵਾਲੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇ ਉਸ ਬੀਬੀ ਨੂੰ ਪਾਗਲਪਨ ਦਾ ਰੋਗ

ਨੋਟ:- ਸਤਲੁਜ ਦਰਿਆ ਨਾਲ ਜਿਹੜਾ ਅੱਡਾ ਖੋਲ੍ਹਿਆ ਹੋਇਆ ਸੀ ਉਸ ਨੂੰ ਲੁਧਿਆਣਾ ਡਿਪਟੀ ਕਮਿਸ਼ਨਰ ਵੱਲੋਂ ਖਤਮ ਕਰ ਦਿੱਤਾ ਗਿਆ ਹੈ ਤੇ ਦਾਖ਼ਲ ਮਰੀਜ਼ਾਂ ਨੂੰ ਪਿੰਗਲਵਾੜਾ ਵਿਖੇ ਭੇਜ ਦਿੱਤਾ ਗਿਆ ਸੀ ।

ਲੱਗੇ ਨੂੰ ਅਜੇ ਪਹਿਲਾ ਮਹੀਨਾ ਹੀ ਹੋਇਆ ਹੁੰਦਾ ਜਾਂ ਪਹਿਲਾ ਸਾਲ ਹੀ ਹੁੰਦਾ ਤਾਂ ਮੋਹਣ ਸਿੰਘ ਨੇ ਉਸ ਨੂੰ ਰੋਗ ਦੇ ਇਲਾਜ ਤੋਂ ਵਾਂਿਵਆਂ ਰੱਖ ਕੇ ਉਸ ਨਾਲ ਬਹੁਤ ਜ਼ੁਲਮ ਕੀਤਾ, ਕਿਉਂਕਿ ਪਿੰਗਲਵਾੜੇ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਦਿਮਾਗੀ ਹਸਪਤਾਲ ਨੂੰ ਹਰ ਰੋਜ਼ ਦਿਮਾਗੀ ਰੋਗੀ ਇਲਾਜ ਲਈ ਭੇਜੇ ਜਾਂਦੇ ਹਨ ਤੇ ਹਰ ਰੋਗੀ ਦਾ ਇਲਾਜ ਨਿਰਵਿਘਨ ਤੌਰ 'ਤੇ ਲਗਾਤਾਰ ਉਸ ਹਸਪਤਾਲ ਤੋਂ ਕਰਾਇਆ ਜਾਂਦਾ ਹੈ । ਮੋਹਣ ਸਿੰਘ ਨੇ ਉਸ ਪਾਗਲ ਜਵਾਨ ਇਸਤਰੀ ਨੂੰ ਪਿੰਗਲਵਾੜਾ ਅੰਮ੍ਰਿਤਸਰ ਵਿਚ ਕਿਉਂ ਨਾ ਭੇਜਿਆ ਜਿੱਥੇ ਉਸ ਦਾ ਇਲਾਜ ਵਿਧੀ ਅਨੁਸਾਰ ਕਰਾਇਆ ਜਾਂਦਾ— ਤੇ ਜੇਕਰ ਉਸ ਬੀਬੀ ਦਾ ਇਲਾਜ ਦਾ ਸਮਾਂ ਟੱਪ ਗਿਆ ਹੁੰਦਾ ਤਾਂ ਵੀ ਉਸ ਦੀ ਇੱਜ਼ਤ ਤੇ ਜਾਨ ਦੀ ਰੱਖਿਆ ਲਈ ਉਸ ਦਾ ਕਿਸੇ ਸੰਸਥਾ ਵਿਚ ਰੱਖਿਆ ਜਾਣਾ ਬਹੁਤ ਜ਼ਰੂਰੀ ਸੀ । ਭਾਵੇਂ ਮੋਹਣ ਸਿੰਘ ਉਸ ਨੂੰ ਆਪ ਰੱਖਦਾ ਜਾਂ ਸਾਡੇ ਪਾਸ ਪਿੰਗਲਵਾੜੇ ਅੰਮ੍ਰਿਤਸਰ ਨੂੰ ਭੇਜ ਦਿੰਦਾ । ਅਜਿਹਾ ਕਰਨਾ ਉਸ ਦਾ ਕਰਤੱਵ ਬਣਦਾ ਸੀ ਕਿਉਂਕਿ ਮੋਹਣ ਸਿੰਘ ਇਹ ਦਾਅਵਾ ਕਰਦਾ ਹੈ ਕਿ ਮੈਂ ਪਿੰਗਲਵਾੜੇ ਅੰਮ੍ਰਿਤਸਰ ਵਿਚ ੩੦ ਸਾਲ ਸੇਵਾਦਾਰ ਰਿਹਾ ਹਾਂ । ਉਸ ਦਾ ਸੇਵਾਦਾਰ ਰਹਿਣ ਦਾ ਦਾਅਵਾ ਭੁਲੇਖਾ ਪਾਉਣ ਵਾਲਾ ਹੈ ਜਿਸ 'ਤੇ ਮੈਂ ਅੱਗੇ ਚੱਲ ਕੇ ਚਾਨਣਾ ਪਾਵਾਂਗਾ । ਪਿੰਗਲਵਾੜਾ ਦੇ ਕਾਰਜ ਖੇਤਰ ਵਿਚ ਸਭ ਤੋਂ ਵੱਧ ਮਹੱਤਤਾ ਵਾਲਾ ਕੰਮ ਪਾਗਲ ਇਸਤਰੀਆਂ ਦਾ ਇਲਾਜ ਕਰਾਉਣਾ ਤੇ ਉਹਨਾਂ ਨੂੰ ਸੰਭਾਲਣਾ ਹੈ । ਇਸ ਬਾਰੇ ਮੋਹਣ ਸਿੰਘ ਨੇ ੩੦ ਸਾਲਾਂ ਵਿਚ ਕੀ ਸਿੱਖਿਆ ਜਾਂ ਕੀ ਨਾ ਸਿੱਖਿਆ । ਇਸ ਗੱਲ ਦਾ ਅਨੁਮਾਨ ਉਸ ਦੀ ਕਾਲੀ ਕਰਤੂਤ ਤੋਂ ਲੱਗਦਾ ਹੈ ਜਿਹੜੀ ਉੱਪਰ ਪਾਗਲ ਜਵਾਨ ਇਸਤਰੀ ਬਾਰੇ ਬਿਆਨ ਕੀਤੀ ਗਈ ਹੈ ।

## ਪਿੰਗਲਵਾੜੇ ਨੇ ਰੋਗ ਦੀ ਸਮੱਸਿਆ ਨੂੰ ਹੱਲ ਕਰਨ ਦਾ ਸਸਤੇ ਤੋਂ ਸਸਤਾ ਰਾਹ ਕੱਢਿਆ

ਪਿੰਗਲਵਾੜਾ ਅੰਮ੍ਰਿਤਸਰ ਦੇਸ਼ ਦੀ ਪਹਿਲੀ ਸੰਸਥਾ ਹੈ ਜਿਸ ਨੇ ਰੋਗ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕ ਨਵਾਂ ਰਾਹ ਕੱਢਿਆ ਤੇ ਉਹ ਰਾਹ ਸਸਤੇ ਤੋਂ ਸਸਤਾ ਹੈ ਤੇ ਉਸ ਰਾਹ ਅਨੁਸਾਰ ਸੜਕ ਦੇ ਕੰਢੇ 'ਤੇ ਡੇਰਾ ਲਗਾ ਕੇ ਇਕ ਨਿਰਧਨ ਬੰਦਾ ਵੀ ਆਪਣਾ ਹਿੱਸਾ ਪਾ ਸਕਦਾ ਹੈ । ਪਿੰਗਲਵਾੜੇ ਦੇ ਕਾਰਜ ਦੀ ਮਹੱਤਤਾ ਦਾ ਪਤਾ ਤਾਂ ਲੱਗ ਸਕਦਾ ਹੈ ਜੇ ਅਸੀਂ ਇਹ ਪਤਾ ਕਰੀਏ ਕਿ ਭਾਰਤ ਦੀਆਂ ਸਾਰੀਆਂ ਰਿਆਸਤਾਂ ਵਿਚ ਜਿਹੜੇ ਸਰਕਾਰੀ ਦਿਮਾਗੀ ਹਸਪਤਾਲ ਹਨ ਉਹ ਕਿੰਨੇ ਹਨ ਤੇ ਉਹਨਾਂ ਹਸਪਤਾਲਾਂ ਵਿਚ ਕਿੰਨੇ ਪਾਗਲ ਮਰਦ ਤੇ ਇਸਤਰੀਆਂ ਨੂੰ ਸੰਭਾਲਣ ਦਾ ਪ੍ਰਬੰਧ ਹੈ । ਭਾਰਤ ਦੀਆਂ



ਸਾਰੀਆਂ ਰਿਆਸਤਾਂ ਵਿਚ ਕੁੱਲ ੪੫ ਦਿਮਾਗੀ ਹਸਪਤਾਲ ਹਨ ਤੇ ਇਹਨਾਂ ਹਸਪਤਾਲਾਂ ਵਿਚ ਜਿਹੜਾ ਪ੍ਰਬੰਧ ਪਾਗਲ ਮਰਦਾਂ ਤੇ ਇਸਤਰੀਆਂ ਨੂੰ ਸੰਭਾਲਣ ਦਾ ਹੈ ਉਹ ਕੇਵਲ ੨੦,੦੦੦ (ਵੀਹ ਹਜ਼ਾਰ) ਪਾਗਲਾਂ ਲਈ ਹੈ; ਪਰ ਭਾਰਤ ਵਿਚ ਜਿਨ੍ਹਾਂ ਪਾਗਲ ਮਰਦਾਂ, ਇਸਤਰੀਆਂ ਤੇ ਬੱਚਿਆਂ ਨੂੰ ਦਿਮਾਗੀ ਹਸਪਤਾਲਾਂ ਵਿਚ ਦਾਖ਼ਲ ਹੋ ਕੇ ਇਲਾਜ ਕਰਾਉਣ ਦੀ ਲੋੜ ਹੈ ਉਹ ਲੱਖਾਂ ਹਨ ।

ਪਿੰਗਲਵਾੜੇ ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਹਰ ਬੰਦਾ ਇਹ ਸਮਝਦਾ ਸੀ ਕਿ ਰੋਗ ਦੀ ਸਮੱਸਿਆ ਨੂੰ ਹੱਲ ਕਰਨ ਦਾ ਇਕੋ ਇਕ ਢੰਗ ਇਹ ਹੈ ਕਿ ਨਵੇਂ ਹਸਪਤਾਲ ਖੋਲ੍ਹੇ ਜਾਣ ਤੇ ਰੋਗੀਆਂ ਦਾ ਇਲਾਜ ਉਹਨਾਂ ਹਸਪਤਾਲਾਂ ਵਿਚ ਕੀਤਾ ਜਾਵੇ । ਪਰ ਇਹ ਕਿਸੇ ਨੂੰ ਨਾ ਸੁਝਿਆ ਕਿ ਰੋਗ ਦੀ ਸਮੱਸਿਆ ਨੂੰ ਹੱਲ ਕਰਨ ਦਾ ਸਸਤੇ ਤੋਂ ਸਸਤਾ ਤੇ ਸੁਖਾਲੇ ਤੋਂ ਸੁਖਾਲਾ ਇਕ ਢੰਗ ਇਹ ਵੀ ਹੈ ਕਿ ਕਿਸੇ ਪੂਰੇ ਦਰਜੇ ਦੇ ਹਸਪਤਾਲ ਦੇ ਸ਼ਹਿਰ ਵਿਚ ਅਜਿਹੀ ਸੰਸਥਾ ਖੜ੍ਹੀ ਕੀਤੀ ਜਾਵੇ ਜਿਹੜੀ ਰੋਗੀਆਂ ਦੀ ਸੇਵਾ-ਸੰਭਾਲ ਆਪ ਕਰੇ ਤੇ ਉਹਨਾਂ ਰੋਗੀਆਂ ਦਾ ਇਲਾਜ ਹਸਪਤਾਲ ਤੋਂ ਕਰਾਵੇ । ਮੈਨੂੰ ਇਹ ਰਸਤਾ ਇਸ ਲਈ ਸੁਝਿਆ ਕਿਉਂਕਿ ਮੈਂ ਇਕ ਨਿਰਧਨ ਬੰਦੇ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਇਕੱਲੇ ਨੇ ਆਪ ਹੀ ਉੱਦਮ ਕਰਨਾ ਸੀ ।

ਪਿੰਗਲਵਾੜਾ ਦੇਸ਼ ਦੀ ਸਰਹੱਦ ਦੇ ਸ਼ਹਿਰ ਅੰਮ੍ਰਿਤਸਰ ਵਿਚ ਹੈ ਤੇ ਇਸ ਸੰਸਥਾ ਵਿਚ ਪਾਗਲ ਮਰਦਾਂ ਤੇ ਇਸਤਰੀਆਂ ਦੀ ਗਿਣਤੀ ੨੯੮ ਹੈ । ਇਸ ਗਿਣਤੀ ਵਿਚ ਜਮਾਂਦਰੂ ਦਿਮਾਗੀ ਕਮਜ਼ੋਰੀ ਵਾਲੇ ਮੁੰਡੇ-ਕੁੜੀਆਂ ਦੀ ਗਿਣਤੀ ੯੩ ਹੈ । ਜਮਾਂਦਰੂ ਦਿਮਾਗੀ ਕਮਜ਼ੋਰੀ ਵਾਲੇ ਬੱਚਿਆਂ ਨੂੰ ਸੰਭਾਲਣਾ ਬਹੁਤ ਔਖਾ ਹੁੰਦਾ ਹੈ । ਪਿੰਗਲਵਾੜੇ ਵਿਚ ਸੰਭਾਲੇ ਜਾਣ ਵਾਲੇ ਵੱਖੋ-ਵੱਖ ਰੋਗਾਂ ਦੇ ਰੋਗੀਆਂ ਦਾ ਜੋ ਵੇਰਵਾ ਇਸ ਕਿਤਾਬਚੇ ਦੇ ਪੰਨਾ ੬੩ 'ਤੇ ਦਿੱਤਾ ਗਿਆ ਹੈ ਉਸ ਵੇਰਵੇ ਵਿਚ ਦਿੱਤੇ ਗਏ ਸਾਰੇ ਰੋਗਾਂ ਦੇ ਵੱਖੋ-ਵੱਖ ਨਾਮਾਂ ਨੂੰ ਪ੍ਰਗਟ ਕਰਨ ਵਾਲਾ ਕੋਈ ਨਾਮ ਨਹੀਂ ਘੜਿਆ ਜਾ ਸਕਦਾ ਸੀ ਕਿਉਂਕਿ ਉਹ ਨਾਮ ਬਹੁਤ ਵੱਡਾ ਹੋ ਸਕਦਾ ਹੈ ਤੇ ਨਾਮ ਛੋਟਾ ਹੁੰਦਾ ਹੈ, ਵੱਡਾ ਨਾਮ ਨਾਮ ਨਹੀਂ ਰਹਿ ਜਾਂਦਾ, ਉਹ ਤਾਂ ਕੁਝ ਹੋਰ ਹੀ ਬਣ ਜਾਂਦਾ ਹੈ । ਪਿੰਗਲਵਾੜਾ ਨਾਮ ਰੋਗੀਆਂ ਦੇ ਵੱਖੋ-ਵੱਖ ਰੋਗਾਂ ਨੂੰ ਬਿਆਨ ਕਰਨ ਲਈ ਨਹੀਂ ਘੜਿਆ ਗਿਆ ਸੀ ਬਲਕਿ ਇਸ ਨਾਮ ਨੂੰ ਮੈਂ ਆਪਣੇ ਜੀਵਨ ਦੇ ਇਕ ਇਤਿਹਾਸਕ ਕਾਰਜ ਦੀ ਯਾਦ ਨੂੰ ਕਾਇਮ ਰੱਖਣ ਲਈ ਘੜਿਆ ਸੀ । ਉਹ ਕਾਰਜ ਇਕ ਚਾਰ ਸਾਲ ਦੇ ਲੂਲ੍ਹੇ ਬੱਚੇ ਦੀ ਸੰਭਾਲ ਦਾ ਕਾਰਜ ਸੀ, ਜਿਸ ਨੂੰ ਸੰਨ ੧੯੩੪ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਬੂਹੇ ਦੇ ਸਾਹਮਣੇ ਲਾਵਾਰਸੀ ਦੀ ਹਾਲਤ ਵਿਚ ਛੱਡ ਦਿੱਤਾ ਗਿਆ ਸੀ । ਮੈਂ ਉਦੋਂ ੩੦ ਸਾਲਾਂ ਦਾ ਸਾਂ । ਸੰਨ

੧੯੯੭ ਦੇ ਮਹੀਨਾ ਮਈ ਵਿਚ ਮੈਂ ਆਪਣੀ ਉਮਰ ਦੇ ੯੩ਵੇਂ ਸਾਲ ਵਿਚੋਂ ਲੰਘ ਰਿਹਾ ਹਾਂ ਤੇ ਪਿਛਲੇ ੫੩ ਸਾਲਾਂ ਤੋਂ ਮੈਂ ਉਸ ਨੂੰ ਸੰਭਾਲ ਰਿਹਾ ਹਾਂ। ਉਸ ਲੂਲ੍ਹੇ ਬੱਚੇ ਤੋਂ ਪਿੰਗਲਵਾੜਾ ਹੋਂਦ ਵਿਚ ਆਇਆ।

ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਕਰਨ ਵਾਲੀ ਸੰਸਥਾ ਦੇ ਪ੍ਰਬੰਧਕਾਂ ਨੂੰ ਵਡਿਆਈ ਵੀ ਮਿਲਦੀ ਹੈ ਤੇ ਦਾਨ ਵੀ ਮਿਲਦਾ ਹੈ। ਇਸ ਲਈ ਦਾਨ ਇਕੱਠਾ ਕਰਨ ਦੇ ਲਾਲਚ ਨਾਲ ਤੇ ਵਡਿਆਈ ਦੇ ਲਾਲਚ ਨਾਲ ਅਨੇਕਾਂ ਬੰਦੇ ਰਿਆਸਤ ਦੇ ਵੱਖੋ-ਵੱਖ ਸ਼ਹਿਰਾਂ ਦੀਆਂ ਸੜਕਾਂ ਦੇ ਕੰਢਿਆਂ 'ਤੇ ਦਸਾਂ-ਦਸਾਂ ਅਪਾਹਿਜਾਂ ਦੇ ਡੇਰੇ ਖੋਲ੍ਹ ਕੇ ਆਪਣਾ ਸਵਾਰਥ ਪੂਰਾ ਕਰ ਸਕਦੇ ਹਨ ਜੈਸਾ ਕਿ ਪਟਿਆਲਾ ਸ਼ਹਿਰ ਵਿਚ ਮੋਹਣ ਸਿੰਘ ਨੇ ਤੇ ਫਗਵਾੜਾ ਸ਼ਹਿਰ ਵਿਚ ਇਕ ਹੋਰ ਬੰਦੇ ਨੇ ਕੀਤਾ ਹੈ। ਪਿੰਗਲਵਾੜਾ ਸ਼ਬਦ ਤਾਂ ਇਹੋ ਪ੍ਰਗਟ ਕਰਦਾ ਹੈ ਕਿ ਪਿੰਗਲਵਾੜੇ ਵਿਚ ਕੋਈ ਦਸ-ਵੀਹ ਪਿੰਗਲੇ ਹੋਣਗੇ। ਇਸ ਲਈ ਜਿਹੜਾ ਬੰਦਾ ਕਿਸੇ ਸ਼ਹਿਰ ਦੀ ਕਿਸੇ ਸੜਕ ਦੇ ਕੰਢੇ 'ਤੇ ਦਸ-ਪੰਦਰਾਂ ਅਪਾਹਿਜ ਰੱਖੇਗਾ, ਲੋਕੀਂ ਇਹੋ ਸਮਝਣਗੇ ਕਿ ਪਿੰਗਲਵਾੜਾ ਅੰਮ੍ਰਿਤਸਰ ਤੇ ਉਸ ਡੇਰੇ ਦੇ ਨਾ ਕੰਮ-ਕਾਜ ਵਿਚ ਕੋਈ ਫ਼ਰਕ ਹੈ ਤੇ ਨਾ ਹੀ ਖ਼ਰਚ ਵਿਚ। ਕੇਵਲ ਉਹ ਬੰਦਾ ਹੀ ਪਿੰਗਲਵਾੜੇ ਦੇ ਕਾਰਜ-ਖੇਤਰ ਦੇ ਫ਼ਰਕ ਤੇ ਖ਼ਰਚ ਦੇ ਫ਼ਰਕ ਨੂੰ ਸਮਝ ਸਕੇਗਾ ਜਿਸ ਨੇ ਪਿੰਗਲਵਾੜੇ ਦੇ ਕਾਰਜ-ਖੇਤਰ ਦੇ ਕਾਜ ਬਾਰੇ ਕਿਸੇ ਪਾਸੋਂ ਵਿਸਥਾਰ ਨਾਲ ਸੁਣਿਆ ਹੋਵੇ ਜਾਂ ਮੇਰੇ ਲਿਖੇ ਹੋਏ ਕਿਤਾਬਚਿਆਂ ਤੇ ਇਸ਼ਤਿਹਾਰਾਂ ਨੂੰ ਪੜ੍ਹਿਆ ਹੋਵੇ ਜਾਂ ਪਿੰਗਲਵਾੜੇ ਨੂੰ ਆਪ ਆ ਕੇ ਅੱਖੀਂ ਦੇਖਿਆ ਹੋਵੇ।

## ਮੋਹਣ ਸਿੰਘ ਦੀ ਨੌਕਰੀ ਦਾ ਰੂਪ ਕੀ ਸੀ

ਪਿੰਗਲਵਾੜੇ ਦੀ ਮੋਹਣ ਸਿੰਘ ਦੀ ਸਾਰੀ ਨੌਕਰੀ ੨੫ ਕੁ ਸਾਲਾਂ ਦੀ ਸੀ। ਇਸ ਨੌਕਰੀ ਦੇ ਆਰੰਭ ਵਿਚ ਉਹ ਵੱਧ ਤੋਂ ਵੱਧ ਦੋ ਸਾਲ ਅੰਮ੍ਰਿਤਸਰ ਪਿੰਗਲਵਾੜੇ ਵਿਚ ਰਿਹਾ ਹੋਵੇਗਾ। ਉਸ ਦੋ ਸਾਲ ਦੇ ਸਮੇਂ ਵਿਚ ਉਸ ਨੂੰ ਹਸਪਤਾਲ ਵਿਚ ਇਕ ਬਿਮਾਰ ਇਸਤਰੀ ਦੀ ਸੇਵਾ ਲਈ ਭੇਜਿਆ ਗਿਆ ਸੀ। ਉਸ ਇਸਤਰੀ ਦਾ ਨਾਮ ਸਵਰਨ ਕੌਰ ਸੀ। ਉਹ ਪਟਿਆਲਾ ਰਿਆਸਤ ਦੇ ਕਸਬਾ ਸਮਾਣਾ ਦੇ ਲਾਗੇ ਦੇ ਇਕ ਪਿੰਡ ਦੀ ਇਸਤਰੀ ਸੀ। ਉਸ ਦੇ ਦੋ ਭਰਾ ਪਟਿਆਲਾ ਸ਼ਹਿਰ ਦੇ ਲਾਗੇ ਦੇ ਕਿਸੇ ਪਿੰਡ ਵਿਚ ਰਹਿੰਦੇ ਸਨ। ਉਸ ਦੀ ਉਮਰ ੪੫ ਕੁ ਸਾਲ ਦੀ ਹੋਵੇਗੀ। ਮੋਹਣ ਸਿੰਘ ਉਸ ਨੂੰ ਵਰਗਲਾ ਕੇ ਹਸਪਤਾਲ ਤੋਂ ਸਿੱਧਾ ਆਪਣੇ ਘਰ ਨੂੰ ਲੈ ਗਿਆ। ਮੋਹਣ ਸਿੰਘ ਦੇ ਆਪਣੇ ਤਿੰਨ ਪੁੱਤਰ ਸਨ। ਉਸ ਦੀ ਆਪਣੀ ਵਹੁਟੀ ਮਰ ਚੁੱਕੀ ਸੀ। ਜਦ ਅਸੀਂ ਉਸ ਤੋਂ ਗੁੱਸੇ ਨਾਲ ਪੁੱਛ-ਗਿੱਛ ਕੀਤੀ ਕਿ ਤੂੰ ਇਲਾਜ ਕਰਾਉਣ



ਲਈ ਪਿੰਗਲਵਾੜੇ ਵੱਲੋਂ ਹਸਪਤਾਲ ਨੂੰ ਭੇਜੀ ਇਸਤਰੀ ਨੂੰ ਆਪਣੇ ਘਰ ਨੂੰ ਕਿਉਂ ਲੈ ਆਇਆ ਹੈਂ ਤਾਂ ਉਸ ਨੇ ਸਾਨੂੰ ਡਰਾਉਣਾ ਚਾਹਿਆ। ਸਾਡੇ ਲਾਗੇ ਅਕਾਲੀ ਫੂਲਾ ਸਿੰਘ ਦਾ ਬੁਰਜ ਹੈ ਜਿਹੜਾ ਨਿਹੰਗ ਸਿੰਘਾਂ ਦਾ ਡੇਰਾ ਹੈ। ਮੋਹਣ ਸਿੰਘ ਸਾਨੂੰ ਡਰਾਉਣ ਲਈ ਉੱਥੋਂ ਦੋ ਸਿੰਘ ਲੈ ਆਇਆ। ਉਹਨਾਂ ਸਾਨੂੰ ਡਰਾਵੇ ਦਿੱਤੇ ਕਿ ਤੁਸੀਂ ਮੋਹਣ ਸਿੰਘ ਨੂੰ ਤੰਗ ਕਰ ਰਹੇ ਹੋ, ਜੇ ਇਸ ਨੂੰ ਤੰਗ ਕਰੋਗੇ ਤਾਂ ਤੁਸੀਂ ਵੀ ਤੰਗ ਹੋਵੋਗੇ। ਉਹਨਾਂ ਦੋਹਾਂ ਸਿੰਘਾਂ ਦੇ ਆਉਣ 'ਤੇ ਦੇਸ ਰਾਜ ਥਾਣੇ ਇਤਲਾਹ ਦੇਣ ਲਈ ਗਿਆ। ਉਸ ਦੇ ਥਾਣੇ ਜਾਣ ਦੇ ਪਿੱਛੋਂ ਮੈਂ ਮੋਹਣ ਸਿੰਘ ਨੂੰ ਕਿਹਾ ਕਿ ਅਸੀਂ ਇਹ ਮਾਮਲਾ ਪੁਲਿਸ ਨੂੰ ਨਹੀਂ ਦਿਆਂਗੇ ਬਲਕਿ ਤੇਰੇ ਪਿੰਡ ਦੀ ਪੰਚਾਇਤ ਅੱਗੇ ਰੱਖਾਂਗੇ, ਤੂੰ ਪਿੰਡ ਨੂੰ ਚਲਾ ਜਾ। ਦੇਸ ਰਾਜ ਦੋ ਸਿਪਾਹੀਆਂ ਨੂੰ ਨਾਲ ਲੈ ਕੇ ਆ ਗਿਆ। ਮੈਂ ਸਿਪਾਹੀਆਂ ਨੂੰ ਵਾਪਸ ਭੇਜ ਦਿੱਤਾ। ਦੇਸ ਰਾਜ ਨੂੰ ਮੈਂ ਮੋਹਣ ਸਿੰਘ ਦੇ ਘਰ ਭੇਜ ਦਿੱਤਾ। ਉਹ ਦੋ ਸੇਵਾਦਾਰਾਂ ਨੂੰ ਨਾਲ ਲੈ ਕੇ ਉਸ ਦੇ ਘਰ ਨੂੰ ਗਿਆ। ਉਸਦੇ ਘਰ ਵਿਚ ਪਹਿਲਾਂ ਹੀ ਪਿੰਡ ਦੇ ਕੁਝ ਬੰਦੇ ਆ ਚੁੱਕੇ ਸਨ। ਦੇਸ ਰਾਜ ਨੇ ਉਹਨਾਂ ਨਾਲ ਗੱਲਬਾਤ ਕੀਤੀ। ਉਹਨਾਂ ਸਾਰਿਆਂ ਨੇ ਮੋਹਣ ਸਿੰਘ ਨੂੰ ਕਿਹਾ ਕਿ ਤੂੰ ਬੁਰਾ ਕੰਮ ਕੀਤਾ ਹੈ। ਮੋਹਣ ਸਿੰਘ ਦੇ ਪੁੱਤਰਾਂ ਨੇ ਵੀ ਕਿਹਾ ਕਿ ਤੂੰ ਇਸਤਰੀ ਨੂੰ ਘਰ ਲਿਆ ਕੇ ਬੁਰਾ ਕੰਮ ਕੀਤਾ ਹੈ। ਇਸ ਨੂੰ ਘਰੋਂ ਕੱਢ ਦੇ। ਉਸ ਵੇਲੇ ਮੋਹਣ ਸਿੰਘ ਨੇ ਕਹਿ ਦਿੱਤਾ ਕਿ ਮੈਂ ਇਸਤਰੀ ਨੂੰ ਘਰੋਂ ਕੱਢ ਦਿੰਦਾ ਹਾਂ ਪਰ ਉਸ ਨੇ ਉਸ ਨੂੰ ਘਰੋਂ ਨਾ ਕੱਢਿਆ ਤੇ ਪਾਸ ਹੀ ਰੱਖਿਆ। ਉਹਨਾਂ ਦਿਨਾਂ ਵਿਚ ਹੀ ਮੈਂ ਮੋਹਣ ਸਿੰਘ ਦੀ ਬਦਲੀ ਲੁਧਿਆਣਾ ਸ਼ਹਿਰ ਦੀ ਕਰ ਦਿੱਤੀ। ਮੋਹਣ ਸਿੰਘ ਉਸ ਇਸਤਰੀ ਨੂੰ ਲੁਧਿਆਣੇ ਨੂੰ ਨਾਲ ਲੈ ਗਿਆ ਤੇ ਉੱਥੇ ਜਾ ਕੇ ਉਹ ਮੁਹੱਲਾ ਫੀਲਡ ਗੰਜ ੧੩ ਨੰਬਰ ਕੂਚੇ ਵਿਚ ਗਿਆਨੀ ਸ਼ਮਸ਼ੇਰ ਸਿੰਘ ਦੇ ਮਕਾਨ ਵਿਚ ਕਿਰਾਏ 'ਤੇ ਰਹਿਣ ਲੱਗ ਪਿਆ। ਉੱਥੇ ਉਹ ਤਿੰਨ ਸਾਲ ਰਿਹਾ। ਅਸੀਂ ਸਵਰਨ ਕੌਰ ਨੂੰ ਇਹ ਆਗਿਆ ਦੇ ਦਿੱਤੀ ਸੀ ਕਿ ਉਹ ਹਰ ਰੋਜ਼ ਗੁਰਦੁਆਰਾ ਕਲਗੀਧਰ ਤੇ ਗੁਰਦੁਆਰਾ ਮੰਜੀ ਸਾਹਿਬ ਦੁਹਾਂ ਗੁਰਦੁਆਰਿਆਂ ਦੇ ਬੂਹਿਆਂ ਅੱਗੇ ਡੱਬਾ ਲੈ ਕੇ ਬੈਠ ਜਾਇਆ ਕਰੇ ਤੇ ਸੰਗਤਾਂ ਪਾਸੋਂ ਡੱਬੇ ਵਿਚ ਦਾਨ ਪੁਆਈ ਜਾਇਆ ਕਰੇ। ਬੀਬੀ ਸਵੇਰ ਦੇ ਆਸਾ ਦੀ ਵਾਰ ਦੇ ਦੀਵਾਨ ਦੇ ਸਮੇਂ ਤੇ ਸ਼ਾਮ ਨੂੰ ਰਹਿਰਾਸ ਦੇ ਦੀਵਾਨ ਦੇ ਸਮੇਂ ਦੋਹਾਂ ਗੁਰਦੁਆਰਿਆਂ ਦੇ ਬੂਹਿਆਂ ਅੱਗੇ ਖੜ੍ਹੀ ਹੋ ਕੇ ਡੱਬੇ ਵਿਚ ਦਾਨ ਪੁਆਉਣ ਲੱਗ ਪਈ ਸੀ। ਸਵਰਨ ਕੌਰ ਨੂੰ ਮੋਹਣ ਸਿੰਘ ਦੋ ਮਹੀਨਿਆਂ ਪਿੱਛੋਂ ਕੁੱਟਣ ਲੱਗ ਪਿਆ ਸੀ। ਪਹਿਲਾਂ ਤਾਂ ਉਹ ਮੋਹਣ ਸਿੰਘ ਦੀ ਹਰ ਰੋਜ਼ ਦੀ ਮਾੜੀ ਮੋਟੀ ਮਾਰ ਕੁਟਾਈ ਕੁਝ ਸਮਾਂ ਸਹਿੰਦੀ ਰਹੀ ਸੀ,

ਪਰ ਜਦ ਮੋਹਣ ਸਿੰਘ ਨੇ ਉਸ ਨੂੰ ਸੋਟੀਆਂ ਨਾਲ ਕੁੱਟਿਆ ਤਾਂ ਉਸ ਦੀ ਸੋਟੀਆਂ ਦੀ ਮਾਰ ਨੂੰ ਨਾ ਸਹਾਰਦੀ ਹੋਈ ਉਹ ਉਸ ਪਾਸੋਂ ਜੁਦਾ ਹੋ ਗਈ । ਮੋਹਣ ਸਿੰਘ ਪਾਸੋਂ ਜੁਦਾ ਹੋ ਕੇ ਸਵਰਨ ਕੌਰ ਗਿਆਨੀ ਸ਼ਮਸ਼ੇਰ ਸਿੰਘ ਦੇ ਸਕੇ ਭਰਾ ਗਿਆਨੀ ਹਰਨਾਮ ਸਿੰਘ ਪਾਸ ਗਈ ਤੇ ਉਸ ਨੂੰ ਦੱਸਿਆ ਕਿ ਮੈਨੂੰ ਮੋਹਣ ਸਿੰਘ ਨੇ ਸੋਟੀਆਂ ਨਾਲ ਕੁੱਟਿਆ ਹੈ, ਇਸ ਲਈ ਮੈਂ ਉਸ ਪਾਸੋਂ ਜੁਦਾ ਹੋ ਕੇ ਆਪਣੇ ਭਰਾਵਾਂ ਦੇ ਪਿੰਡ ਨੂੰ ਚੱਲੀ ਹਾਂ । ਉਸ ਨੇ ਆਪਣੇ ਭਰਾਵਾਂ ਦੇ ਪਿੰਡ ਦਾ ਪਤਾ ਗਿਆਨੀ ਹਰਨਾਮ ਸਿੰਘ ਨੂੰ ਲਿਖਾ ਦਿੱਤਾ ਸੀ । ਉਸ ਨੇ ਹਰਨਾਮ ਸਿੰਘ ਨੂੰ ਦੱਸਿਆ ਕਿ ਮੋਹਣ ਸਿੰਘ ਮੇਰਾ ਡੱਬਾ ਹਰ ਰੋਜ਼ ਆਪ ਖੋਲ੍ਹ ਲੈਂਦਾ ਹੈ ਤੇ ਦੋਹਾਂ ਡੱਬਿਆਂ ਦੇ ਪੈਸੇ ਆਪਣੇ ਪਾਸ ਰੱਖ ਲੈਂਦਾ ਹੈ, ਸੀਲ ਮੋਹਰ ਲਾ ਕੇ ਦੋਹਾਂ ਡੱਬਿਆਂ ਨੂੰ ਉਹ ਬੰਦ ਕਰ ਦਿੰਦਾ ਹੈ । ਬੀਬੀ ਪਿੰਡ ਨੂੰ ਜਾਂਦੀ ਹੋਈ ਆਪਣਾ ਡੱਬਾ ਨਾਲ ਲੈ ਗਈ ਸੀ ।

ਮੋਹਣ ਸਿੰਘ ਆਪ ਲੁਧਿਆਣਾ ਸ਼ਹਿਰ ਦੇ ਬਾਜ਼ਾਰਾਂ ਵਿਚ ਡੱਬਾ ਫੇਰਦਾ ਸੀ । ਉਸ ਬਾਰੇ ਸਵਰਨ ਕੌਰ ਨੇ ਦੱਸਿਆ ਕਿ ਉਸ ਦੇ ਡੱਬੇ ਵਿਚ ਹਰ ਰੋਜ਼ ਲਗਭਗ ੭੦ ਰੁਪਏ ਦੇ ਕਰੀਬ ਪੈ ਜਾਂਦੇ ਹਨ ਤੇ ਮੇਰੇ ਡੱਬੇ ਵਿਚ ੩੦-੩੫ ਰੁਪਏ ਹਰ ਰੋਜ਼ ਪੈ ਜਾਂਦੇ ਰਹੇ ਹਨ । ਮੋਹਣ ਸਿੰਘ ਨੂੰ ਡੱਬਾ ਫੇਰਨ ਦੀ ਆਗਿਆ ਨਹੀਂ ਸੀ । ਬੀਬੀ ਨੇ ਦੱਸਿਆ ਕਿ ਉਹ ਡੱਬਿਆਂ ਦੇ ਸਾਰੇ ਰੁਪਏ ਆਪਣੇ ਪਾਸ ਰੱਖਦਾ ਸੀ । ਰਸੀਦ ਨਹੀਂ ਕੱਟਦਾ । ਉਹ ਸਾਰੇ ਪੈਸਿਆਂ ਦਾ ਗਬਨ ਕਰਦਾ ਹੈ । ਗਿਆਨੀ ਹਰਨਾਮ ਸਿੰਘ ਦੇ ਭਰਾ ਸਤਨਾਮ ਸਿੰਘ ਨੂੰ ਮੈਂ ਤਿੰਨ ਸਾਲ ਪੜ੍ਹਾਈ ਦਾ ਖ਼ਰਚ ਲਾਹੌਰ ਸ਼ਹਿਰ ਵਿਚ ਦਾਨ ਇਕੱਠਾ ਕਰ ਕੇ ਦਿੱਤਾ ਸੀ । ਉਸ ਨੇ ਮੇਰੀ ਸਹਾਇਤਾ ਨਾਲ ਦਸਵੀਂ ਜਮਾਤ ਦੀ ਪੜ੍ਹਾਈ ਇਕ ਸਾਲ, ਬੁੱਧੀਮਾਨੀ ਤੇ ਗਿਆਨੀ ਦੀ ਪੜ੍ਹਾਈ ਦੋ ਸਾਲ ਕੀਤੀ ਸੀ, ਸਾਰਾ ਖ਼ਰਚ ਮੈਂ ਦਿੱਤਾ ਸੀ । ਗਿਆਨੀ ਹਰਨਾਮ ਸਿੰਘ ਦੀ ਸੱਤ ਸਾਲ ਦੀ ਪੜ੍ਹਾਈ ਦਾ ਖ਼ਰਚ ਵੀ ਮੈਂ ਦਾਨ ਇਕੱਠਾ ਕਰਕੇ ਲਾਹੌਰ ਸ਼ਹਿਰ ਵਿਚ ਦਿੱਤਾ ਸੀ । ਉਹ ਮੋਹਣ ਸਿੰਘ ਤੇ ਸਵਰਨ ਕੌਰ ਨੂੰ ਡੱਬਿਆਂ ਨਾਲ ਦਾਨ ਇਕੱਠਾ ਕਰਦਿਆਂ ਨੂੰ ਦੇਖਦਾ ਰਹਿੰਦਾ ਸੀ । ਉਸ ਨੇ ਮੋਹਣ ਸਿੰਘ ਨੂੰ ਕਈ ਵਾਰ ਪੁੱਛਿਆ ਸੀ ਕਿ ਤੁਸੀਂ ਮੇਰੇ ਪਾਸੋਂ ਡੱਬੇ ਕਿਉਂ ਨਹੀਂ ਖੁਲ੍ਹਾਉਂਦੇ ? ਮੋਹਣ ਸਿੰਘ ਉੱਤਰ ਦਿੰਦਾ ਹੁੰਦਾ ਸੀ ਕਿ ਮੈਂ ਅੱਠੀਂ ਦਿਨੀਂ ਅੰਮ੍ਰਿਤਸਰ ਜਾਂਦਾ ਹਾਂ ਤੇ ਦੋਵੇਂ ਡੱਬੇ ਖੁਲ੍ਹਾ ਆਉਂਦਾ ਹਾਂ । ਇਹ ਉਸ ਨੇ ਝੂਠ ਬੋਲਿਆ ਸੀ ।

ਸਵਰਨ ਕੌਰ ਦੇ ਜੁਦਾ ਹੋ ਕੇ ਚਲੇ ਜਾਣ ਪਿੱਛੋਂ ਮੋਹਣ ਸਿੰਘ ਨੇ ਸਾਨੂੰ ਕਿਹਾ ਕਿ ਮੇਰੀਆਂ ਦੋ ਰਸੀਦ ਬੁੱਕਾਂ ਗੁੰਮ ਹੋ ਗਈਆਂ ਹਨ ਤੇ ਉਹਨਾਂ ਨੂੰ ਸਵਰਨ ਕੌਰ ਚੁਰਾ ਕੇ ਲੈ ਗਈ ਹੈ । ਪਿੰਗਲਵਾੜੇ ਦੇ ਦਫ਼ਤਰ ਸਕੱਤਰ



ਨੇ ਬੀਬੀ ਸਵਰਨ ਕੌਰ ਦੇ ਵਿਰੁੱਧ ਉਸ ਦੇ ਪਿੰਡ ਦੇ ਨੇੜੇ ਦੇ ਥਾਣੇ ਵਿਚ ਰਿਪੋਰਟ ਭੇਜੀ ਕਿ ਸਵਰਨ ਕੌਰ ਡੱਬਾ ਤੇ ਰਸੀਦ ਬੁੱਕਾਂ ਚੁਰਾ ਕੇ ਲੈ ਗਈ ਹੈ । ਸਿਪਾਹੀਆਂ ਦੇ ਉਸ ਦੇ ਘਰ ਜਾਣ ਦੇ ਕਾਰਨ ਉਹ ਬੀਬੀ ਡੱਬਾ ਲੈ ਕੇ ਲੁਧਿਆਣੇ ਆਈ, ਗਿਆਨੀ ਹਰਨਾਮ ਸਿੰਘ ਨੂੰ ਉਸ ਨੇ ਉਹ ਡੱਬਾ ਦੇਣਾ ਚਾਹਿਆ ਪਰ ਉਸ ਨੇ ਡੱਬਾ ਨਾ ਲਿਆ । ਉਹ ਗਿਆਨੀ ਸ਼ਮਸ਼ੇਰ ਸਿੰਘ ਦੇ ਘਰ ਦੇ ਲਾਗੇ ਗੁਰਦੁਆਰੇ ਡੱਬਾ ਛੱਡ ਕੇ ਚਲੀ ਗਈ । ਉਸ ਨੇ ਹਰਨਾਮ ਸਿੰਘ ਨੂੰ ਦੱਸਿਆ ਕਿ ਰਸੀਦ ਬੁੱਕਾਂ ਮੋਹਣ ਸਿੰਘ ਦੇ ਪਾਸ ਹੀ ਹਨ ਤੇ ਰਸੀਦ ਬੁੱਕਾਂ ਬਾਰੇ ਉਹ ਝੂਠ ਬੋਲਦਾ ਹੈ । ਸਵਰਨ ਕੌਰ ਦੇ ਆਪਣੇ ਚਾਰ ਪੁੱਤਰ ਸਨ । ਉਸ ਇਸਤਰੀ ਨੂੰ ਮੋਹਣ ਸਿੰਘ ਨੇ ਆਪਣੇ ਘਰ ਰੱਖ ਕੇ ਬੜਾ ਭਾਰੀ ਜ਼ੁਲਮ ਕੀਤਾ ਕਿਉਂਕਿ ਉਸ ਦੇ ਪੁੱਤਰ ਉਸ ਨੂੰ ਇਸ ਅਪਰਾਧ ਕਾਰਨ ਕਤਲ ਵੀ ਕਰ ਸਕਦੇ ਸਨ । ਸਵਰਨ ਕੌਰ ਦਾ ਚਾਰ ਪੁੱਤਰਾਂ ਦੀ ਮਾਂ ਹੋਣ ਦਾ ਪਤਾ ਸਾਨੂੰ ਬੜੀ ਦੇਰ ਬਾਅਦ ਲੱਗਿਆ ਸੀ । ਉਸ ਵੇਲੇ ਨਹੀਂ ਲੱਗਿਆ ਸੀ ਜਦੋਂ ਮੋਹਣ ਸਿੰਘ ਨੇ ਉਸ ਨੂੰ ਘਰ ਰੱਖਿਆ ਸੀ । ਮੋਹਣ ਸਿੰਘ ਨੇ ਉਸ ਇਸਤਰੀ 'ਤੇ ਰਸੀਦਾਂ ਚੋਰੀ ਕਰਨ ਦਾ ਜੋ ਦੂਸ਼ਣ ਲਾਇਆ ਉਹ ਬੜਾ ਹਾਸੋ-ਹੀਣਾ ਸੀ । ਜਿਸ ਇਸਤਰੀ ਨੇ ਪਿੰਡ ਦੇ ਪਰਿਵਾਰ ਵਿਚ ਰਹਿਣਾ ਸੀ ਉਹ ਰਸੀਦ ਬੁੱਕਾਂ ਲੈ ਕੇ ਕਿਨ੍ਹਾਂ ਸ਼ਹਿਰਾਂ ਨੂੰ ਉਗਰਾਹੀ ਲਈ ਜਾ ਸਕਦੀ ਸੀ, ਪਰ ਠੱਗ ਨੇ ਝੂਠ ਬੋਲ ਕੇ ਆਪਣੀ ਠੱਗੀ ਛੁਪਾਉਣੀ ਹੁੰਦੀ ਹੈ । ਮੋਹਣ ਸਿੰਘ ਨੇ ਆਪਣੀ ਨੌਕਰੀ ਸੰਨ ੧੯੮੨ ਵਿਚ ਛੱਡੀ । ਨੌਕਰੀ ਛੱਡਣ ਤੋਂ ਕੁਝ ਮਹੀਨੇ ਪਹਿਲਾਂ ਉਸ ਨੇ ਸਾਡੇ ਦਫ਼ਤਰ ਨੂੰ ਇਤਲਾਹ ਦਿੱਤੀ ਕਿ ਮੈਂ ਅੰਮ੍ਰਿਤਸਰ ਦੇ ਬੱਸ ਅੱਡੇ ਤੋਂ ਪਟਿਆਲਾ ਜਾਣ ਲਈ ਬੱਸ ਵਿਚ ਬੈਠ ਗਿਆ ਸਾਂ । ਮੈਂ ਬੱਸ ਦੀ ਸੀਟ 'ਤੇ ਰਸੀਦ ਬੁੱਕਾਂ ਵਾਲਾ ਥੈਲਾ ਛੱਡ ਕੇ ਪਿਸ਼ਾਬ ਕਰਨ ਚਲਾ ਗਿਆ ਸਾਂ, ਪਰ ਪਿਸ਼ਾਬ ਕਰਕੇ ਜਦੋਂ ਮੈਂ ਆਇਆ ਤਾਂ ਝੋਲਾ ਸੀਟ ਤੋਂ ਚੁਰਾ ਲਿਆ ਗਿਆ ਸੀ । ਤਿੰਨਾਂ ਰਸੀਦ ਬੁੱਕਾਂ ਵਿਚ ੩੦੦ ਰਸੀਦਾਂ ਸੀ । ਤਿੰਨਾਂ ਰਸੀਦ ਬੁੱਕਾਂ ਦਾ ਭਾਰ ਕਿੰਨਾ ਕੁ ਹੁੰਦਾ ਹੈ, ਪਿਸ਼ਾਬ ਕਰਨ ਲਈ ਜਾਂਦਾ ਹੋਇਆ ਉਹ ਆਸਾਨੀ ਨਾਲ ਰਸੀਦ ਬੁੱਕਾਂ ਨੂੰ ਨਾਲ ਲਿਜਾ ਸਕਦਾ ਸੀ । ਰਸੀਦ ਬੁੱਕਾਂ ਦਾ ਫ਼ਿਕਰ ਤਾਂ ਨੋਟਾਂ ਵਾਂਗ ਕਰਨਾ ਹੁੰਦਾ ਹੈ । ਪਰ ਮੋਹਣ ਸਿੰਘ ਨੂੰ ਝੂਠ ਬੋਲਣਾ ਔਖਾ ਨਹੀਂ ਸੀ । ਉਸ ਨੂੰ ਤਾਂ ਜ਼ਿੰਦਗੀ ਵਿਚ ਹੇਰ-ਫੇਰ ਦਾ ਗਿਆਨ ਹੀ ਪ੍ਰਾਪਤ ਹੋਇਆ ਸੀ । ਇਸ ਵਿਚ ਉਸ ਦਾ ਕੀ ਕਸੂਰ ਹੈ ? ਇਹ ਸਭ ਰੱਬ ਦੀਆਂ ਖੇਡਾਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਹੈ :-

**ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥**

## ਮੋਹਣ ਸਿੰਘ ਦੀ ਬਦਲੀ ਪਟਿਆਲੇ ਕੀਤੀ ਗਈ

ਮੈਂ ਮੋਹਣ ਸਿੰਘ ਦੀ ਬਦਲੀ ਲੁਧਿਆਣਾ ਤੋਂ ਪਟਿਆਲਾ ਸ਼ਹਿਰ ਕਰ ਦਿੱਤੀ । ਉਹ ਲੁਧਿਆਣੇ ਤਿੰਨ ਸਾਲ ਰਿਹਾ ਸੀ । ਬਾਕੀ ਦੀ ਸਾਰੀ ਨੌਕਰੀ ਉਸ ਨੇ ਪਟਿਆਲਾ ਸ਼ਹਿਰ ਦੇ ਟਿਕਾਣੇ ਤੋਂ ਕੀਤੀ । ਪਟਿਆਲੇ ਉਸ ਨੂੰ ਭੇਜਣ ਦਾ ਹੌਂਸਲਾ ਸਾਨੂੰ ਤਾਂ ਪਿਆ ਸੀ ਕਿਉਂਕਿ ਪਟਿਆਲਾ ਸ਼ਹਿਰ ਦੇ ਸਭ ਤੋਂ ਵੱਡੇ ਇਕ ਇਤਿਹਾਸਕ ਗੁਰਦੁਆਰੇ 'ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ' ਵਿਚ ਸਾਨੂੰ ਇਕ ਮਕਾਨ ਕਿਰਾਏ ਤੋਂ ਬਿਨਾਂ ਰਹਿਣ ਲਈ ਮੁਫ਼ਤ ਮਿਲ ਗਿਆ ਸੀ । ਇਸ ਲਈ ਪਟਿਆਲੇ ਰਹਿ ਕੇ ਉਹ ਉਗਰਾਹੀ ਕਰਨ ਲੱਗ ਪਿਆ ਸੀ । ਫਿਰ ਇਸ ਦਾ ਪੁੱਤ ਸਾਧੂ ਸਿੰਘ ਵੱਡਾ ਹੋ ਗਿਆ; ਉਸ ਨੂੰ ਵੀ ਅਸੀਂ ਉਸ ਦੇ ਪਾਸ ਪਟਿਆਲਾ ਸ਼ਹਿਰ ਵਿਚ ਉਗਰਾਹੀ ਕਰਨ ਲਈ ਭੇਜ ਦਿੱਤਾ । ਫਿਰ ਇਸ ਦਾ ਦੂਜਾ ਪੁੱਤ ਮਾਧੋ ਸਿੰਘ ਵੱਡਾ ਹੋ ਗਿਆ, ਉਸ ਨੂੰ ਵੀ ਅਸੀਂ ਨੌਕਰ ਰੱਖ ਕੇ ਇਸ ਦੇ ਪਾਸ ਉਗਰਾਹੀ ਲਈ ਪਟਿਆਲੇ ਭੇਜ ਦਿੱਤਾ । ਤੀਜਾ ਪੁੱਤਰ ਬਲਬੀਰ ਸਿੰਘ ਵੱਡਾ ਹੋਇਆ ਤਾਂ ਉਸ ਨੂੰ ਵੀ ਅਸੀਂ ਮੋਹਣ ਸਿੰਘ ਪਾਸ ਪਟਿਆਲੇ ਹੀ ਦਾਨ ਦੀ ਉਗਰਾਹੀ ਲਈ ਭੇਜ ਦਿੱਤਾ । ਮੋਹਣ ਸਿੰਘ ਆਪਣੇ ਤਿੰਨਾਂ ਪੁੱਤਾਂ ਦੀ ਤਨਖ਼ਾਹ ਤਾਂ ਸਾਡੇ ਪਾਸੋਂ ਪਟਿਆਲੇ ਦੇ ਹਿਸਾਬ ਨਾਲ ਲੈਂਦਾ ਰਿਹਾ ਪਰ ਉਸ ਨੇ ਉਹਨਾਂ ਵਿਚੋਂ ਦੋ ਜਣਿਆਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਇਕ ਸੰਗਮਰਮਰ ਦੀ ਦੁਕਾਨ 'ਤੇ ਕੰਮ ਸਿੱਖਣ 'ਤੇ ਲਗਾ ਦਿੱਤਾ । ਜਦ ਸਾਨੂੰ ਉਹਨਾਂ ਬਾਰੇ ਪਤਾ ਲੱਗਿਆ ਤਾਂ ਅਸੀਂ ਉਹਨਾਂ ਨੂੰ ਪੁੱਛਿਆ ਤੇ ਉਹਨਾਂ ਨੂੰ ਮੋਹਣ ਸਿੰਘ ਪਾਸ ਪਟਿਆਲੇ ਹੀ ਭੇਜ ਦਿੱਤਾ ਪਰ ਨੌਕਰੀ ਤੋਂ ਨਾ ਕੱਢਿਆ । ਅਜਿਹਾ ਕਰਨ ਵਿਚ ਸਾਡੀ ਬੇਵੱਸੀ ਸੀ ਕਿਉਂਕਿ ਦਾਨ ਇਕੱਠਾ ਕਰਨ ਲਈ ਸਾਨੂੰ ਸੇਵਾਦਾਰ ਬਹੁਤ ਘੱਟ ਮਿਲਦੇ ਰਹੇ ਹਨ ਤੇ ਜੇ ਇਹ ਵੀ ਕਿਹਾ ਜਾਵੇ ਕਿ ਉਗਰਾਹੀ ਲਈ ਸੇਵਾਦਾਰ ਸਾਨੂੰ ਮਿਲਦੇ ਹੀ ਨਹੀਂ ਤਾਂ ਇਹ ਵੀ ਸੱਚ ਹੈ ।

## ਪਿੰਗਲਵਾੜੇ ਦੀ ਨੌਕਰੀ ਘਟੀਆ ਕੰਮ ਸਮਝਿਆ ਜਾਂਦਾ ਰਿਹਾ ਹੈ

ਪਿੰਗਲਵਾੜੇ ਦੀ ਨੌਕਰੀ ਨੂੰ ਘਟੀਆ ਕੰਮ ਵੀ ਸਮਝਿਆ ਜਾਂਦਾ ਹੈ । ਕੋਈ ਪੜ੍ਹਿਆ ਲਿਖਿਆ ਬੰਦਾ ਪਿੰਗਲਵਾੜੇ ਦੀ ਉਗਰਾਹੀ ਤਾਂ ਹੀ ਕਰੇ ਜੇ ਉਸ ਦੇ ਹਿਰਦੇ ਵਿਚ ਬੇਆਸਰੇ, ਅਪਾਹਿਜਾਂ ਤੇ ਰੋਗੀਆਂ ਲਈ ਦਰਦ ਹੋਵੇ ਜਾਂ ਉਸ ਨੂੰ ਮੇਰੇ ਪ੍ਰਚਾਰ ਦੇ ਉਸ ਕਾਰਜ ਦੀ ਕੋਈ ਕਦਰ ਹੋਵੇ ਜਿਹੜਾ ਮੈਂ ਦੇਸ਼-ਵਾਸੀਆਂ ਨੂੰ ਪਾਣੀ, ਹਵਾ ਤੇ ਧਰਤੀ ਦੀ ਕੀਤੀ ਜਾ ਰਹੀ ਤਬਾਹੀ ਜੈਸੀਆਂ ਅਨੇਕਾਂ ਚਿੰਤਾਜਨਕ ਸਮੱਸਿਆਵਾਂ ਬਾਰੇ ਵੰਡੇ ਜਾਣ ਵਾਲੇ ਅੰਗਰੇਜ਼ੀ,



ਹਿੰਦੀ ਤੇ ਪੰਜਾਬੀ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮੁਫ਼ਤ ਵੰਡਾਈ ਦੁਆਰਾ ਕਰ ਰਿਹਾ ਹਾਂ । ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਪਾਸ ਹੋਏ ਕਈ ਮੁੰਡੇ ਘਰਾਂ ਵਿਚ ਭਾਵੇਂ ਵਿਹਲੇ ਬੈਠੇ ਰਹਿਣ ਪਰ ਪਿੰਗਲਵਾੜੇ ਦੀ ਨੌਕਰੀ ਕਰਨ ਨੂੰ ਉਹ ਤਿਆਰ ਨਹੀਂ ਹੁੰਦੇ, ਕੇਵਲ ਇਕ ਸੁਰਜੀਤ ਸਿੰਘ ਰਾਹੀ ਹੀ ਤਿਆਰ ਹੋਇਆ ਹੈ । ਪਿੰਗਲਵਾੜੇ ਦੇ ਸੇਵਾਦਾਰਾਂ 'ਤੇ ਇਹ ਸ਼ਰਤ ਵੀ ਲਾਈ ਗਈ ਕਿ ਤੁਸੀਂ ਪਿੰਗਲਵਾੜੇ ਦੀ ਨੌਕਰੀ ਛੱਡੋ, ਤਾਂ ਤੁਹਾਡੇ ਨਾਲ ਅਸੀਂ ਆਪਣੀ ਲੜਕੀ ਵਿਆਹਵਾਂਗੇ । ਇਕ ਕਰਮਚਾਰੀ ਦੀ ਧੀ ਦਾ ਨਾਤਾ ਇਸ ਲਈ ਛੱਡਿਆ ਗਿਆ ਕਿਉਂਕਿ ਉਹ ਪਿੰਗਲਵਾੜੇ ਨੌਕਰੀ ਕਰਦਾ ਸੀ । ਕਈ ਬੰਦੇ ਸਾਡੇ ਚੜ੍ਹਦੀਆਂ ਜਵਾਨੀਆਂ ਵਾਲੇ ਉਗਰਾਹੀ ਕਰਨ ਵਾਲੇ ਦਸਵੀਂ ਜਮਾਤ ਪਾਸ ਮੁੰਡਿਆਂ ਨੂੰ ਕਹਿ ਦਿੰਦੇ ਹਨ ਕਿ ਤੁਸੀਂ ਕੋਈ ਹੋਰ ਕੰਮ ਕਰ ਲਵੋ, ਇਹ ਕਿਸ ਕੰਮ ਵਿਚ ਤੁਸੀਂ ਲੱਗੇ ਹੋਏ ਹੋ ।

## ਮਸ਼ੀਨੀ ਯੁੱਗ ਮਨੁੱਖ ਦੇ ਮਨ ਨੂੰ ਨਾ ਸੋਚਣ ਵਾਲੀ ਮਸ਼ੀਨ ਬਣਾ ਰਿਹਾ ਹੈ ।

ਮਸ਼ੀਨੀ ਯੁੱਗ ਵਿਚ ਮਨੁੱਖ ਦੇ ਮਨ ਦੇ ਅੰਦਰੋਂ (initiative) ਪਹਿਲਕਾਰੀ ਕਰਨ ਦਾ ਜਜ਼ਬਾ ਸਮਾਪਤ ਹੋ ਰਿਹਾ ਹੈ । ਉਹ ਕਿਸੇ ਦੇ ਪਿੱਛੇ ਲੱਗ ਕੇ ਕੰਮ ਕਰ ਸਕਦਾ ਹੈ, ਆਪਣੇ ਆਪ ਤੋਂ ਕਰਨ ਵਾਲੇ ਨਵੇਂ ਕੰਮ ਉਸ ਨੂੰ ਨਾ ਸੁਝਦੇ ਹਨ ਤੇ ਨਾ ਹੀ ਉਹ ਉਨ੍ਹਾਂ ਕੰਮਾਂ ਨੂੰ ਕਰਨ ਨੂੰ ਤਿਆਰ ਹੁੰਦਾ ਹੈ, ਕਿਉਂਕਿ ਨਵੇਂ ਕੰਮਾਂ ਨੂੰ ਕਰਨ ਵਿਚ ਔਖਿਆਈਆਂ ਆਉਂਦੀਆਂ ਹੁੰਦੀਆਂ ਹਨ ਤੇ ਕਈਆਂ ਹਾਲਤਾਂ ਵਿਚ ਦੇਖਣ ਵਾਲਿਆਂ ਲੋਕਾਂ ਨੂੰ ਹਾਸੋ-ਹੀਣੇ ਵੀ ਲੱਗਿਆ ਕਰਦੇ ਹਨ ਤੇ ਕਈਆਂ ਪਾਸਿਆਂ ਤੋਂ ਵਿਰੋਧਤਾ ਵੀ ਹੋਣ ਲੱਗ ਪੈਂਦੀ ਹੈ । ਨਵੇਂ ਕੰਮ ਕਰਨ ਵਾਲੇ ਮਹਾਂਪੁਰਸ਼ਾਂ ਨੂੰ ਤਿੰਨ ਹਾਲਤਾਂ ਵਿਚੋਂ ਲੰਘਣਾ ਪਿਆ ਕਰਦਾ ਹੈ ।

'Every great man has to pass through three stages — Ridicule, Opposition and acceptance.'

ਅਰਥਾਤ — ਹਰੇਕ ਮਹਾਂਪੁਰਸ਼ ਨੂੰ ਤਿੰਨਾਂ ਹਾਲਤਾਂ ਵਿਚੋਂ ਦੀ ਲੰਘਣਾ ਪੈਂਦਾ ਹੈ—ਹਾਸੋਹੀਣਾ ਹੋਣਾ, ਵਿਰੋਧਤਾ ਹੋਣਾ ਤੇ ਅਖੀਰ ਵਿਚ ਪ੍ਰਵਾਨ ਹੋਣਾ ।

ਕਿਸੇ ਅੰਗਰੇਜ਼ ਵਿਦਵਾਨ ਦਾ ਖ਼ਿਆਲ ਹੈ ਕਿ ਹਰ ਨਵੇਂ ਖ਼ਿਆਲ ਨੂੰ ਦੁਨੀਆਂ ਵਿਚ ਪਰਵਾਨ ਹੋਣ ਲਈ ਘੱਟ ਤੋਂ ਘੱਟ ੨੫ ਸਾਲ ਲੱਗਦੇ ਹਨ, ਕਿਸੇ ਨਵੇਂ ਮਹਾਨ ਖ਼ਿਆਲ ਦੇ ਦੁਨੀਆਂ ਵਿਚ ਪੇਸ਼ ਹੋਣ ਤੋਂ ਪਹਿਲੇ ੨੫ ਸਾਲਾਂ ਵਿਚ ਲੋਕੀਂ ਸੁਭਾਵਿਕ ਤੌਰ 'ਤੇ ਹੀ ਉਸ ਦੀ ਵਿਰੋਧਤਾ ਕਰਦੇ ਹਨ । ੨੫ ਸਾਲਾਂ ਮਗਰੋਂ ਲੋਕਾਂ ਦਾ ਦਿਮਾਗ ਤਾਂ ਉਸ ਖ਼ਿਆਲ ਨੂੰ ਮੰਨਣ ਲੱਗ ਪੈਂਦਾ

ਹੈ ਪਰ ਮਨ ਨਹੀਂ ਮੰਨਣ ਲੱਗਿਆ ਕਰਦੇ ਹੁੰਦੇ । ੫੦ ਸਾਲ ਪਿੱਛੋਂ ਲੋਕਾਂ ਦਾ ਮਨ ਵੀ ਉਸ ਖ਼ਿਆਲ ਨੂੰ ਮੰਨਣ ਲੱਗ ਪੈਂਦਾ ਹੈ । ੭੫ ਸਾਲ ਪੂਰੇ ਹੋਣ ਉੱਤੇ ਸਭ ਲੋਕੀਂ ਉਸ ਨਵੇਂ ਖ਼ਿਆਲ ਨੂੰ ਪੂਰੀ ਤਰ੍ਹਾਂ ਮੰਨਣ ਲੱਗ ਪੈਂਦੇ ਹਨ ।

## ਮੋਹਣ ਸਿੰਘ ਨੇ ਪਿੰਗਲਵਾੜੇ ਦੀ ਨੌਕਰੀ ਕਿਉਂ ਛੱਡੀ ?

ਪਿੰਗਲਵਾੜੇ ਦੇ ਸੇਵਾਦਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਵਲਗਣ ਅੰਦਰ ਦੋ ਥਾਵਾਂ ’ਤੇ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਦੇ ਇਸ਼ਤਿਹਾਰ ਤੇ ਕਿਤਾਬਚੇ ਸਵੇਰ ਦੇ ਛੇ ਵਜੇ ਤੋਂ ਲੈ ਕੇ ਰਾਤ ਦੇ ਨੌਂ ਵਜੇ ਤਕ ਵੰਡਦੇ ਰਹਿੰਦੇ ਹਨ । ਸਾਡਾ ਪ੍ਰਚਾਰ ਦਾ ਇਕ ਅੱਡਾ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਦੇ ਬਾਹਰਲੇ ਬੂਹੇ ਨਾਲ ਅੰਦਰਲੇ ਪਾਸੇ ਲੱਗਾ ਹੋਇਆ ਹੈ । ਦੂਜਾ ਅੱਡਾ ਗੁਰਦੁਆਰਾ ਮੰਜੀ ਸਾਹਿਬ ਵਾਲੇ ਪਾਸੇ ਜੋੜਾ ਘਰ ਦੇ ਲਾਗੇ ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਸਾਹਮਣੇ ਲੱਗਾ ਹੋਇਆ ਹੈ । ਇਸ਼ਤਿਹਾਰ ਵੰਡਣ ਵਾਲੇ ਸੇਵਾਦਾਰਾਂ ਦੀ ਗਿਣਤੀ ਆਮ ਤੌਰ ’ਤੇ ਛੇ ਹੁੰਦੀ ਹੈ । ਐਤਵਾਰ, ਸੰਗਰਾਂਦ, ਮੱਸਿਆ ਤੇ ਗੁਰਪੁਰਬਾਂ ਵਾਲੇ ਦਿਨਾਂ ’ਤੇ ਇਹ ਗਿਣਤੀ ਦੂਣੀ ਹੁੰਦੀ ਹੈ । ਜਿਹੜੇ ਸੇਵਾਦਾਰ ਇਸ਼ਤਿਹਾਰ ਵੰਡਦੇ ਹਨ ਉਹਨਾਂ ਵਿਚ ਦਸਵੀਂ ਪਾਸ ਮੁੰਡੇ ਵੀ ਹਨ ਤੇ ਇਕ ਬੀ.ਏ. ਪਾਸ ਵੀ ਹੈ । ਕਈ ਘੱਟ ਪੜ੍ਹੇ ਵੀ ਹੁੰਦੇ ਹਨ । ਸੰਨ ੧੯੮੦-੮੧ ਵਿਚ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਇਕ ਅਜਿਹਾ ਦਸਵੀਂ ਪਾਸ ਮੁੰਡਾ ਇਸ਼ਤਿਹਾਰ ਵੰਡਣ ਦਾ ਕੰਮ ਕਰ ਰਿਹਾ ਸੀ ਜਿਸ ਨੇ ਮੈਨੂੰ ਕਿਹਾ ਕਿ ਉਸ ਨੂੰ ਪੁਲਿਸ ਦੇ ਮਹਿਕਮੇ ਵਿਚ ਨੌਕਰੀ ਮਿਲ ਰਹੀ ਹੈ ਜਿੱਥੇ ਉਸ ਦੀ ਤਨਖ਼ਾਹ ਪਿੰਗਲਵਾੜੇ ਦੀ ਤਨਖਾਹ ਨਾਲੋਂ ਕਾਫ਼ੀ ਵੱਧ ਹੋਣੀ ਸੀ । ਪਤਾ ਨਹੀਂ ਉਸ ਨੇ ਸੱਚ ਬੋਲਿਆ ਸੀ ਜਾਂ ਝੂਠ ਪਰ ਉਸ ਗੱਲ ਤੋਂ ਮੇਰੇ ’ਤੇ ਉਸ ਦੀ ਕਾਠੀ ਪੈ ਗਈ ਸੀ ਤੇ ਮੈਨੂੰ ਉਸ ਦੀਆਂ ਮੰਗਾਂ ਮੰਨਣੀਆਂ ਪੈ ਗਈਆਂ ਸਨ । ਉਹ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਮੰਗਾਂ ਮਨਾਉਣ ਲੱਗ ਪਿਆ ਸੀ ਜਿਵੇਂ ਕਦੇ ਕਹਿਣਾ ਗਊ ਮਰ ਗਈ, ਕਦੇ ਕਹਿਣਾ ਸਾਡੇ ਮਕਾਨ ਦੀ ਕੰਧ ਢਹਿ ਗਈ ਹੈ, ਆਦਿ । ਇਸ ਤਰ੍ਹਾਂ ਨਵੀਂ ਤੋਂ ਨਵੀਂ ਕੋਈ ਨਾ ਕੋਈ ਮੰਗ ਉਹ ਕਰਨ ਲੱਗ ਪਿਆ ਸੀ । ਉਹ ਦਿਨ ਗਿਣਦਾ ਰਹਿੰਦਾ ਸੀ ਕਿ ਇੰਨੇ ਦਿਨ ਹੋ ਗਏ ਹਨ ਤੇ ਕੋਈ ਨਵੀਂ ਮੰਗ ਕਰਾਂ । ਉਹ ਦਿਨਾਂ ਦੇ ਹਿਸਾਬ ਨਾਲ ਨਵੀਂ ਮੰਗ ਕਰੀ ਗਿਆ ਸੀ ਤੇ ਕੋਈ ਨਾਗਾ ਨਹੀਂ ਪਾਉਂਦਾ ਸੀ । ਉਸ ਮੁੰਡੇ ਦੀ ਡਿਊਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਵਲਗਣ ਅੰਦਰ ਇਸ਼ਤਿਹਾਰ ਵੰਡਣ ਦੀ ਸੀ । ਇਕ ਹੋਰ ਦਸਵੀਂ ਪਾਸ ਸੇਵਾਦਾਰ ਵੀ ਉਸ ਦੇ ਰਾਹ ’ਤੇ ਤੁਰ ਪਿਆ ਸੀ ਤੇ ਉਹ ਵੀ ਨਵੀਂ ਤੋਂ ਨਵੀਂ ਮੰਗ ਕਰਨ ਲੱਗ ਪਿਆ ਸੀ । ਮੈਂ ਸੋਚਿਆ ਕਿ ਜੇ ਦਸਵੀਂ ਪਾਸ ਸੇਵਾਦਾਰਾਂ



ਨੇ ਨਿੱਤ ਨਵੀਆਂ ਮੰਗਾਂ ਕਰ ਕਰ ਕੇ ਮੈਨੂੰ ਤੰਗ ਕਰਦੇ ਰਹਿਣਾ ਹੈ ਤਾਂ ਫਿਰ ਮੈਂ ਕਿਉਂ ਨਾ ਘੱਟ ਪੜ੍ਹੇ ਜਾਂ ਨਿਰੇ ਪੰਜਾਬੀ ਪੜ੍ਹੇ ਸੇਵਾਦਾਰਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਵਲਗਣ ਅੰਦਰ ਇਸ਼ਤਿਹਾਰ ਵੰਡਣ ’ਤੇ ਲਾ ਦੇਵਾਂ । ਸੇਵਾਦਾਰਾਂ ਨੂੰ ਮੈਂ ਸਰਕਾਰੀ ਨੌਕਰੀ ਵਾਲੀ ਤਨਖ਼ਾਹ ਤਾਂ ਨਹੀਂ ਦੇ ਸਕਦਾ ਕਿਉਂਕਿ ਮੈਂ ਸੜਕਾਂ ਦੇ ਕੰਢਿਆਂ ’ਤੇ ਖਲੋ ਕੇ ਲੋਕਾਂ ਕੋਲੋਂ ਟੱਲੀ ਵਜਾ-ਵਜਾ ਕੇ ਡੱਬੇ ਨਾਲ ਦਾਨ ਮੰਗਦਾ ਰਿਹਾ ਹਾਂ ਤੇ ਸੜਕਾਂ ਦੇ ਕੰਢਿਆਂ ’ਤੇ ਦਾਨ ਲੈਣ ਲਈ ਬੈਠ ਜਾਣਾ ਮੇਰਾ ਸਾਰੀ ਉਮਰ ਦਾ ਕੰਮ ਰਿਹਾ ਹੈ । ਮੈਨੂੰ ਖ਼ਿਆਲ ਸੁਝਿਆ ਕਿ ਕਿਉਂ ਨਾ ਮੈਂ ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਸਾਧੂ ਸਿੰਘ ਤੇ ਬਲਬੀਰ ਨੂੰ ਪਟਿਆਲਾ ਸ਼ਹਿਰ ਤੋਂ ਅੰਮ੍ਰਿਤਸਰ ਮੰਗਵਾ ਲਵਾਂ ਤੇ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਇਸ਼ਤਿਹਾਰ ਵੰਡਣ ’ਤੇ ਲਾ ਦੇਵਾਂ, ਕਿਉਂਕਿ ਮੋਹਣ ਸਿੰਘ ਤੇ ਉਸ ਦਾ ਵੱਡਾ ਪੁੱਤਰ ਸਾਧੂ ਸਿੰਘ ਮਾੜੀ ਮੋਟੀ ਪੰਜਾਬੀ ਜਾਣਦੇ ਸਨ ਤੇ ਛੋਟਾ ਪੁੱਤਰ ਬਲਬੀਰ ਸਿੰਘ ਅੱਠ ਕੁ ਜਮਾਤਾਂ ਹੀ ਪੜ੍ਹਿਆ ਹੋਇਆ ਸੀ—ਤੇ ਅਜਿਹਾ ਕਰਕੇ ਦਸਵੀਂ ਜਮਾਤ ਪਾਸ ਮੁੰਡਿਆਂ ਦੀਆਂ ਨਿੱਤ ਨਵੀਆਂ ਮੰਗਾਂ ਤੋਂ ਛੁਟਕਾਰਾ ਪਾ ਲਵਾਂ । ਇਸ਼ਤਿਹਾਰਾਂ ਦੇ ਪ੍ਰਚਾਰ ਦੁਆਰਾ ਹੀ ਸਾਨੂੰ ਦਾਨ ਆਉਂਦਾ ਹੈ । ਸ੍ਰੀ ਦਰਬਾਰ ਸਾਹਿਬ ਤੋਂ ਬਿਨਾਂ ਪਟਿਆਲਾ ਸ਼ਹਿਰ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਨਵੀਂ ਦਿੱਲੀ, ਦੇ ਵਲਗਣਾਂ ਅੰਦਰ ਵੀ ਇਸ਼ਤਿਹਾਰ ਤੇ ਕਿਤਾਬਚੇ ਵੰਡੇ ਜਾਂਦੇ ਹਨ । ਇਸ਼ਤਿਹਾਰਾਂ ਤੇ ਕਿਤਾਬਚਿਆਂ ਦੇ ਪ੍ਰਚਾਰ ਦੁਆਰਾ ਹੀ ਦੇਸ਼ ਦੀ ਸਰਹੱਦ ਦੇ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਚ ਜਨਤਾ ਦੇ ਦਿਨ-ਪ੍ਰਤੀ-ਦਿਨ ਦੇ ਦਾਨ ਨਾਲ ਚੱਲਣ ਵਾਲੀ ਸੰਸਥਾ ਪਿੰਗਲਵਾੜੇ ਦਾ ਸਾਢੇ ਗਿਆਰਾਂ ਹਜ਼ਾਰ ਰੁਪਏ ਤੋਂ ਵੱਧ ਦਾ ਰੋਜ਼ ਦਾ ਖ਼ਰਚਾ ਚਲਦਾ ਰਿਹਾ ਹੈ । ਜੇ ਮੈਨੂੰ ਇਕ ਦਸਵੀਂ ਜਮਾਤ ਪਾਸ ਮੁੰਡੇ ਨੇ ਨਿੱਤ ਨਵੀਆਂ ਮੰਗਾਂ ਨਾਲ ਨਾ ਸਤਾਇਆ ਹੁੰਦਾ ਤਾਂ ਮੋਹਣ ਸਿੰਘ ਤੇ ਉਸਦੇ ਪੁੱਤਰਾਂ ਨੂੰ ਅੰਮ੍ਰਿਤਸਰ ਬੁਲਾਉਣ ਦਾ ਖ਼ਿਆਲ ਹੀ ਮੈਨੂੰ ਨਾ ਆਉਂਦਾ । ਉਸ ਵੇਲੇ ਤਕ ਮੈਨੂੰ ਇਹ ਪਤਾ ਵੀ ਨਹੀਂ ਲੱਗਿਆ ਸੀ ਕਿ ਮੋਹਣ ਸਿੰਘ ਤੇ ਉਸ ਦੇ ਦੋਵੇਂ ਪੁੱਤਰ ਸਾਰੇ ਦਫ਼ਤਰਾਂ ਤੇ ਸਕੂਲਾਂ ਵਿਚ ਡੱਬਿਆਂ ਨਾਲ ਉਗਰਾਹੀ ਕਰਕੇ ਗਬਨ ਕਰਦੇ ਹਨ ਤੇ ਗੁਰਦੁਆਰਿਆਂ ਦੇ ਬੂਹਿਆਂ ਅੱਗੇ ਪਏ ਦਾਨ-ਪਾਤਰਾਂ ਨੂੰ ਮੋਹਣ ਸਿੰਘ ਚੋਰੀਓਂ ਖੋਲ੍ਹਦਾ ਹੈ ।

ਮੋਹਣ ਸਿੰਘ ਤੇ ਉਸ ਦੇ ਪੁੱਤਰ ਜਦੋਂ ਉਗਰਾਹੀ ਦਾ ਹਿਸਾਬ ਦੇਣ ਪਿੰਗਲਵਾੜੇ ਦੇ ਦਫ਼ਤਰ ਅੰਮ੍ਰਿਤਸਰ ਆਉਂਦੇ ਹੁੰਦੇ ਸਨ ਉਹਨਾਂ ਤਿੰਨਾਂ ਵਿਚੋਂ ਕੋਈ ਵੀ ਮੈਨੂੰ ਕਦੇ ਮਿਲਦਾ ਨਹੀਂ ਹੁੰਦਾ ਸੀ । ਜਦੋਂ ਉਹ ਆਏ ਹੋਏ ਹੁੰਦੇ ਜੇ ਕਿਤੇ ਮੇਰੇ ਵੱਲ ਉਹਨਾਂ ਦੀ ਨਿਗਾਹ ਪੈ ਜਾਂਦੀ ਸੀ ਜਾਂ ਮੈਂ ਉਹਨਾਂ ਦੇ ਸਾਹਮਣੇ

ਹੋ ਜਾਂਦਾ ਸਾਂ ਤਾਂ ਉਹ ਤਿੰਨੇ ਜਣੇ ਅੱਖ ਚੁਰਾ ਕੇ ਜਾਂ ਨੀਵੀਂ ਪਾ ਕੇ ਮੇਰੇ ਅੱਗੇ ਤੋਂ ਲੰਘ ਜਾਂਦੇ ਸਨ । ਗੱਲ ਤਾਂ ਉਹ ਤਾਂ ਹੀ ਕਰਦੇ ਜੇ ਉਹਨਾਂ ਨੇ ਨਵੇਂ ਚੰਦੇ ਲਾਏ ਹੁੰਦੇ, ਨਵੇਂ ਬੰਦਿਆਂ ਨੂੰ ਮਿਲੇ ਹੁੰਦੇ, ਇਸ਼ਤਿਹਾਰ ਤੇ ਕਿਤਾਬਚੇ ਵੰਡੇ ਹੁੰਦੇ ਤੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀਆਂ ਸਿਫ਼ਤਾਂ ਸੁਣ ਕੇ ਆਏ ਹੁੰਦੇ ਜਾਂ ਨਵੇਂ ਇਸ਼ਤਿਹਾਰਾਂ ਤੇ ਕਿਤਾਬਚਿਆਂ ਬਾਰੇ ਮੈਥੋਂ ਪੁੱਛ-ਗਿੱਛ ਕਰਨੀ ਹੁੰਦੀ, ਪਤਾ ਕਰਨਾ ਹੁੰਦਾ ਕਿ ਕਿਹੜਾ ਕਿਹੜਾ ਨਵਾਂ ਇਸ਼ਤਿਹਾਰ ਛਪਿਆ ਹੈ ਤੇ ਉਹ ਕਿਸ ਸਮੱਸਿਆ ਬਾਰੇ ਹੈ । ਇਸ਼ਤਿਹਾਰ ਤੇ ਕਿਤਾਬਚੇ ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਤਿੰਨਾਂ ਜ਼ਬਾਨਾਂ ਵਿਚ ਹੁੰਦੇ ਹਨ । ਅੰਗਰੇਜ਼ੀ ਤੇ ਹਿੰਦੀ ਦੇ ਇਸ਼ਤਿਹਾਰਾਂ ਬਾਰੇ ਖ਼ਾਸ ਤੌਰ ’ਤੇ ਦੱਸਣਾ ਹੁੰਦਾ ਹੈ ਕਿ ਉਹ ਕਿਸ-ਕਿਸ ਚਿੰਤਾਜਨਕ ਸਮੱਸਿਆ ਬਾਰੇ ਹਨ । ਫਿਰ ਨਵੇਂ ਤੇ ਵਧਾਏ ਹੋਏ ਕੰਮ ਦੇ ਆਧਾਰ ’ਤੇ ਹੀ ਸੇਵਾਦਾਰ ਨੇ ਸਾਨੂੰ ਤਨਖ਼ਾਹ ਵਧਾਉਣ ਲਈ ਕਹਿਣਾ ਹੁੰਦਾ ਹੈ ਜਾਂ ਕਿਸੇ ਕਾਰਨ ਤੋਂ ਉਚੇਚੀ ਸਹਾਇਤਾ ਦੀ ਮੰਗ ਕਰਨੀ ਹੁੰਦੀ ਹੈ ਪਰ ਉਹਨਾਂ ਤਿੰਨਾਂ ਜਣਿਆਂ ਨੇ ਜਿਹੜਾ ਗਬਨ ਕਰਨ ਦਾ ਲੰਬਾ-ਚੌੜਾ ਪਸਾਰਾ ਕੀਤਾ ਹੋਇਆ ਸੀ, ਉਸ ਨਾਲ ਉਹ ਹਰ ਮਹੀਨੇ ਐਨਾ ਰੁਪਿਆ ਬੇਈਮਾਨੀ ਨਾਲ ਇਕੱਠਾ ਕਰਦੇ ਸਨ ਕਿ ਤਨਖ਼ਾਹ ਦਾ ਵਾਧਾ ਤਾਂ ਉਸ ਠੱਗੀ ਦੇ ਪੈਸੇ ਦੇ ਮੁਕਾਬਲੇ ਵਿਚ ਬਹੁਤ ਥੋੜ੍ਹਾ ਹੋਣਾ ਸੀ । ਇਸ ਲਈ ਉਹਨਾਂ ਨੂੰ ਤਨਖ਼ਾਹ ਵਧਾਉਣ ਦੀ ਲੋੜ ਨਹੀਂ ਰਹਿ ਗਈ ਸੀ । ਵੱਡੀ ਗੱਲ ਤਾਂ ਇਹ ਹੋਈ ਕਿ ਉਹਨਾਂ ਨੇ ਆਪਣੇ ਘਰ ਨੂੰ ਸਾਰੀ ਉਗਰਾਹੀ ਦੀ ਅਧਿਕਾਰੀ ਸੰਸਥਾ ਸਮਝ ਲਿਆ ਸੀ । ਉਹ ਜਿਹੜੀ ਸਾਨੂੰ ਮਾੜੀ ਮੋਟੀ ਉਗਰਾਹੀ ਦੇ ਜਾਂਦੇ ਸਨ ਉਸ ਨੂੰ ਤਾਂ ਉਹ ਸਾਡੇ ਵੱਲੋਂ ਮਿਲੇ ਹੋਏ ਉਗਰਾਹੀ ਦੇ ਲਾਇਸੰਸ ਦੀ ਫ਼ੀਸ ਹੀ ਸਮਝਦੇ ਸਨ ।

ਸੰਨ ੧੯੯੨ ਵਿਚ ਮੈਂ ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਨੂੰ ਅੰਮ੍ਰਿਤਸਰ ਆਉਣ ਦਾ ਸੱਦਾ ਦਿੱਤਾ । ਉਸ ਤੋਂ ਕੁਝ ਮਹੀਨੇ ਪਹਿਲਾਂ ਪਟਿਆਲਾ ਸ਼ਹਿਰ ਤੋਂ ਪੀ.ਡਬਲਿਊ.ਡੀ. ਦੇ ਦਫ਼ਤਰ ਦਾ ਇਕ ਕਲਰਕ ਅੰਮ੍ਰਿਤਸਰ ਪਿੰਗਲਵਾੜੇ ਦਾਨ ਦੇਣ ਲਈ ਆਇਆ ਸੀ । ਮੈਂ ਉਸਨੂੰ ਪੁੱਛ ਬੈਠਿਆ ਸੀ ਕਿ ਉਸਦੇ ਦਫ਼ਤਰ ਵਿਚ ਪਿੰਗਲਵਾੜੇ ਦਾ ਕੋਈ ਸੇਵਾਦਾਰ ਉਗਰਾਹੀ ਲਈ ਆਉਂਦਾ ਹੁੰਦਾ ਹੈ ਜਾਂ ਨਹੀਂ । ਉਸ ਨੇ ਉੱਤਰ ਦਿੱਤਾ ਸੀ ਕਿ ‘ਹਾਂ’, ਹਰ ਮਹੀਨੇ ਸੇਵਾਦਾਰ ਆਉਂਦਾ ਹੈ ਤੇ ਡੱਬੇ ਵਿਚ ਸਾਰੇ ਕਰਮਚਾਰੀਆਂ ਤੋਂ ਦਾਨ ਪੁਆ ਕੇ ਚਲਾ ਜਾਂਦਾ ਹੈ । ਉਸ ਕਲਰਕ ਦੇ ਦੱਸਣ ’ਤੇ ਵੀ ਮੈਨੂੰ ਇਹ ਖ਼ਿਆਲ ਨਾ ਆਇਆ ਕਿ ਮੋਹਣ ਸਿੰਘ ਤੇ ਉਸ ਦੇ ਪੁੱਤਰ ਕੀ ਪਤਾ ਹੋਰ ਕਿਹੜੇ-ਕਿਹੜੇ ਦਫ਼ਤਰ ਵਿਚ ਡੱਬਾ ਫੇਰਦੇ ਹੋਣਗੇ ਜਾਂ ਸਾਰੇ ਦਫ਼ਤਰਾਂ ਵਿਚ ਡੱਬੇ ਵਾਲੀ ਠੱਗੀ ਕਰਦੇ ਹੋਣਗੇ । ਮੈਨੂੰ ਇਹ



ਖ਼ਿਆਲ ਵੀ ਨਹੀਂ ਆਇਆ ਸੀ ਕਿ ਮੈਂ ਉਹਨਾਂ ਪਾਸੋਂ ਡੱਬੇ ਵਾਲੀ ਗੱਲ ਦੀ ਪੁੱਛ-ਗਿੱਛ ਕਰਾਂ ਕਿ ਤੁਹਾਡੇ ਵਿਚੋਂ ਡੱਬੇ ਨਾਲ ਉਗਰਾਹੀ ਕੌਣ ਕਰਦਾ ਹੈ ਤੇ ਕਿਉਂ ਕਰਦਾ ਹੈ, ਕਿਉਂਕਿ ਡੱਬੇ ਨਾਲ ਉਗਰਾਹੀ ਕਰਨ ਦੀ ਆਗਿਆ ਨਹੀਂ ਸੀ ਤੇ ਇਹ ਨਿਰੋਲ ਚੋਰੀ ਸੀ । ਮੈਨੂੰ ਇਹ ਪਤਾ ਵੀ ਲੱਗ ਚੁੱਕਾ ਸੀ ਕਿ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਬਾਹਰਲੇ ਬੂਹੇ ਦੇ ਅੱਗੇ ਜਿਹੜੀ ਪਿੰਗਲਵਾੜੇ ਦੀ ਦਾਨ-ਪਾਤਰ ਦੀ ਵੱਡੀ ਗੋਲਕ ਪਈ ਹੋਈ ਹੈ ਉਸ ਨੂੰ ਵੀ ਮੋਹਣ ਸਿੰਘ ਇਕੱਲਾ ਹੀ ਖੋਲ੍ਹਦਾ ਹੈ ਤੇ ਗੁਰਦੁਆਰੇ ਦੇ ਕਿਸੇ ਹੋਰ ਜ਼ਿੰਮੇਵਾਰ ਆਦਮੀ ਦੇ ਸਾਹਮਣੇ ਨਹੀਂ ਖੋਲ੍ਹਦਾ, ਇਹ ਵੀ ਗਬਨ ਸੀ । ਇਹ ਗੱਲ ਸੁਣ ਕੇ ਵੀ ਮੈਨੂੰ ਇਹ ਖ਼ਿਆਲ ਨਹੀਂ ਆਇਆ ਸੀ ਕਿ ਮੋਹਣ ਸਿੰਘ ਨੂੰ ਪੁੱਛਾਂ ਕਿ ਉਸ ਗੋਲਕ ਨੂੰ ਉਹ ਇਕੱਲਾ ਕਿਉਂ ਖੋਲ੍ਹਦਾ ਹੈ । ਮੈਂ ਆਪਣੇ ਕੰਮਾਂ ਦੇ ਅਣਗਿਣਤ ਰੁਝੇਵਿਆਂ ਵਿਚ ਰੁੱਝਿਆ ਰਹਿੰਦਾ ਹਾਂ ਤੇ ਮਾੜੀ ਮੋਟੀ ਗੱਲ ਵੱਲ ਮੇਰਾ ਧਿਆਨ ਹੀ ਨਹੀਂ ਜਾਇਆ ਕਰਦਾ ਤੇ ਆਈ ਗਈ ਕਰ ਛੱਡਦਾ ਹਾਂ । ਫਿਰ ਮੇਰਾ ਸੇਵਾਦਾਰਾਂ ਨਾਲ ਸੰਬੰਧ ਮਾਲਕ-ਨੌਕਰ ਵਾਲਾ ਨਹੀਂ ਬਲਕਿ ਇਕ ਸਾਂਝ ਵਾਲਾ ਤੇ ਸਾਥੀਆਂ ਵਾਲਾ ਹੈ ।

ਮੋਹਣ ਸਿੰਘ ਦੇ ਨੌਕਰੀ ਛੱਡਣ ਤੋਂ ਪਹਿਲਾਂ ਮੈਂ ਕਈ ਵਾਰੀ ਪਟਿਆਲਾ ਸ਼ਹਿਰ ਗਿਆ ਸਾਂ । ਮੈਂ ਹਮੇਸ਼ਾਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਚ ਹੀ ਰਾਤ ਕੱਟਦਾ ਹੁੰਦਾ ਹਾਂ ਤੇ ਹੋਰ ਕਿਤੇ ਨਹੀਂ ਜਾਂਦਾ ਹੁੰਦਾ । ਜਦੋਂ ਮੈਂ ਪਟਿਆਲੇ ਜਾਂਦਾ ਹਾਂ, ਸਾਰਾ ਦਿਨ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਬੂਹੇ ਅੱਗੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਰਾਤ ਦੇ ਸਾਢੇ ਨੌਂ ਵਜੇ ਤਕ ਇਸ਼ਤਿਹਾਰ ਵੰਡਦਾ ਰਹਿੰਦਾ ਹਾਂ । ਪਟਿਆਲਾ ਸ਼ਹਿਰ ਵਿਚ ‘ਪੰਜਾਬੀ ਯੂਨੀਵਰਸਿਟੀ’ ਹੈ ਤੇ ਕਈ ਕਾਲਜ ਤੇ ਬਹੁਤ ਸਾਰੇ ਸਰਕਾਰੀ ਦਫ਼ਤਰ ਹਨ । ਫਿਰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਬਹੁਤ ਵੱਡਾ ਇਤਿਹਾਸਕ ਗੁਰਦੁਆਰਾ ਹੈ । ਪਟਿਆਲਾ ਸ਼ਹਿਰ ਇਕ ਬਹੁਤ ਵੱਡਾ ਸ਼ਹਿਰ ਹੈ ਜਿਸ ਦੀ ਅਬਾਦੀ ਘੱਟੋ-ਘੱਟ ਚਾਰ ਲੱਖ ਹੋਵੇਗੀ । ਇਸ ਲਈ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਸਾਰਾ ਦਿਨ ਸੰਗਤ ਦੀ ਆਵਾਜਾਈ ਰਹਿੰਦੀ ਹੈ । ਅੱਜਕੱਲ੍ਹ ਉਸ ਗੁਰਦੁਆਰੇ ਦੇ ਬੂਹੇ ਅੱਗੇ ਇਸ਼ਤਿਹਾਰ ਵੰਡਣ ਲਈ ਅਸੀਂ ਛੇ-ਸੱਤ ਸੇਵਾਦਾਰ ਰੱਖੇ ਹੋਏ ਹਨ ਜਿਹੜੇ ਸਵੇਰੇ ਤੜਕੇ ਤੋਂ ਲੈ ਕੇ ਰਾਤ ਦੇ ਨੌਂ ਵਜੇ ਤਕ ਇਸ਼ਤਿਹਾਰ ਤੇ ਕਿਤਾਬਚੇ ਵੰਡਦੇ ਰਹਿੰਦੇ ਹਨ । ਗੁਰਦੁਆਰੇ ਦੇ ਸੇਵਾਦਾਰਾਂ ਤੋਂ ਪੁੱਛਣ ’ਤੇ ਪਤਾ ਲੱਗਦਾ ਸੀ ਕਿ ਮੋਹਣ ਸਿੰਘ ਤੇ ਉਸ ਦੇ ਪੁੱਤਰ ਕਦੇ ਵੀ ਗੁਰਦੁਆਰੇ ਅੱਗੇ ਇਸ਼ਤਿਹਾਰ ਨਹੀਂ ਵੰਡਦੇ ਸਨ । ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਦੀ ਰਿਹਾਇਸ਼ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਅੰਦਰ ਸੀ ।

ਪਿੰਗਲਵਾੜੇ ਲਈ ਇਕ ਕਮਰਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਨੇ ਮੁਫ਼ਤ ਦਿੱਤਾ ਹੋਇਆ ਹੈ ।

## ਮੋਹਣ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਨੂੰ ਤਪਦਿਕ ਦਾ ਰੋਗ

ਮੋਹਣ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦਾ ਪਹਿਲਾ ਵਿਆਹ ਉਸਦੀ ਅਠ੍ਹਾਰਾਂ ਸਾਲ ਦੀ ਉਮਰ ਵਿਚ ਹੋਇਆ ਹੋਵੇਗਾ, ਅਜੇ ਵਿਆਹ ਹੋਏ ਨੂੰ ਇਕ ਸਾਲ ਕੁ ਦਾ ਸਮਾਂ ਹੀ ਹੋਇਆ ਹੋਵੇਗਾ ਕਿ ਉਸਦੀ ਪਤਨੀ ਕੰਨਾਂ ਤੋਂ ਬੋਲੀ ਹੋਣ ਦੇ ਕਾਰਨ ਰੇਲ-ਗੱਡੀ ਹੇਠਾਂ ਆ ਕੇ ਮਰ ਗਈ ਸੀ । ਉਸ ਵੇਲੇ ਉਹ ਗਰਭਵਤੀ ਸੀ । ਪਹਿਲੀ ਪਤਨੀ ਦੀ ਮੌਤ ਦੇ ਪਿੱਛੋਂ ਸਾਧੂ ਸਿੰਘ ਨੂੰ ਤਪਦਿਕ ਰੋਗ ਲੱਗ ਗਿਆ ਸੀ । ਉਸ ਰੋਗ ਦਾ ਇਲਾਜ ਉਸ ਨੇ ਪਿੰਗਲਵਾੜੇ ਵਿਚ ਦਾਖ਼ਲ ਰਹਿ ਕੇ ਹੀ ਕਰਵਾਇਆ ਸੀ । ਤਪਦਿਕ ਰੋਗ ਤੋਂ ਰਾਜ਼ੀ ਹੋਣ ਦੇ ਪਿੱਛੋਂ ਸਾਧੂ ਸਿੰਘ ਨੇ ਫਿਰ ਛੇਤੀ ਵਿਆਹ ਕਰਵਾ ਲਿਆ ਸੀ । ਦੂਜੇ ਵਿਆਹ ਤੋਂ ਉਹ ਪੰਜ ਬੱਚੇ ਪੈਦਾ ਕਰ ਚੁੱਕਿਆ ਹੈ । ਜਿਹੜਾ ਬੰਦਾ ਚੜ੍ਹਦੀ ਜਵਾਨੀ ਵਿਚ ਤਪਦਿਕ ਰੋਗ ਦਾ ਰੋਗੀ ਰਿਹਾ ਹੋਵੇ ਤੇ ਛੇ ਬੱਚਿਆਂ ਦਾ ਪਿਤਾ ਬਣ ਚੁੱਕਿਆ ਹੋਵੇ, ਪੰਜ ਬੱਚੇ ਉਸ ਨੇ ਤਪਦਿਕ ਦੇ ਰੋਗ ਤੋਂ ਰਾਜ਼ੀ ਹੋਣ ਤੋਂ ਪਿੱਛੋਂ ਪੈਦਾ ਕੀਤੇ ਹੋਣ, ਉਸ ਦੇ ਸਰੀਰ ਵਿਚ ਕਿਸੇ ਵੱਡੇ ਸ਼ਹਿਰ ਵਿਚ ਸਾਰਾ-ਸਾਰਾ ਦਿਨ ਥਾਂ-ਥਾਂ ਫਿਰ ਕੇ ਬਹੁਤ ਸਾਰੇ ਚੰਦੇ ਇਕੱਠੇ ਕਰਨ ਤੇ ਨਵੇਂ ਚੰਦੇ ਲਾਉਣ ਲਈ ਘੰਟਿਆਂ ਬੱਧੀ ਬੋਲਣ ਲਈ ਕਿੰਨੀ ਕੁ ਸ਼ਕਤੀ ਬਾਕੀ ਰਹਿ ਸਕਦੀ ਹੈ । ਫਿਰ ਗੱਲ ਸ਼ਕਤੀ ਦੀ ਹੀ ਨਹੀਂ ਹੁੰਦੀ, ਹਿਰਦੇ ਦੀ ਭਾਵਨਾ ਦੀ ਵੀ ਹੁੰਦੀ ਹੈ । ਗਿਆਨ ਸਿੰਘ ਨਾਮ ਦਾ ਇਕ ਸੇਵਾਦਾਰ ਪੱਛੜੀਆਂ ਸ਼੍ਰੇਣੀਆਂ ਵਿਚੋਂ ਹੈ । ਉਸ ਨੇ ਦਸਵੀਂ ਜਮਾਤ ਪਾਸ ਕੀਤੀ ਹੋਈ ਹੈ । ਉਸ ਨੂੰ ਪਿੰਗਲਵਾੜੇ ਦੀ ਨੌਕਰੀ ਦੇ ਆਰੰਭ ਵਿਚ ਹੀ ਸਰਕਾਰੀ ਨੌਕਰੀ ਮਿਲ ਗਈ ਸੀ ਪਰ ਉਸਦੇ ਹਿਰਦੇ ਵਿਚ ਦਇਆ ਤੇ ਸੰਤੋਖ ਦੇ ਗੁਣ ਸਨ । ਇਸ ਲਈ ਉਸਨੇ ਬਹੁਤੀ ਤਨਖ਼ਾਹ ਵਾਲੀ ਸਰਕਾਰੀ ਨੌਕਰੀ ਨਾ ਲਈ ਤੇ ਥੋੜ੍ਹੀ ਤਨਖ਼ਾਹ ਵਾਲੀ ਪਿੰਗਲਵਾੜੇ ਦੀ ਨੌਕਰੀ ਨਾ ਛੱਡੀ । ਉਹ ਮਿਹਨਤ ਕਰਦਾ ਰਿਹਾ । ਅਸੀਂ ਉਸ ਦੇ ਔਕੜਾਂ ਵਾਲੇ ਅਵਸਰਾਂ 'ਤੇ ਉਸ ਦੀ ਚਾਰ-ਚਾਰ ਪੰਜ-ਪੰਜ ਹਜ਼ਾਰ ਰੁਪਏ ਦੀ ਸਹਾਇਤਾ ਕਰਦੇ ਰਹੇ । ਉਸ ਨੇ ਆਪਣੇ ਦਸਵੀਂ ਜਮਾਤ ਪਾਸ ਪੁੱਤਰ ਨੂੰ ਵੀ ਸਰਕਾਰੀ ਨੌਕਰੀ ਨਹੀਂ ਦਵਾਈ ਬਲਕਿ ਆਪਣੇ ਨਾਲ ਹੀ ਪਿੰਗਲਵਾੜੇ ਦੀ ਉਗਰਾਹੀ ਲਈ ਲਾਇਆ ਹੋਇਆ ਹੈ । ਪਰ ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਨੂੰ ਚੋਰੀ ਅਤੇ ਠੱਗੀ ਦਾ ਹੀ ਰਸਤਾ ਚੰਗਾ ਲੱਗਿਆ । ਅਨੇਕਾਂ ਬੰਦਿਆਂ ਨਾਲ ਖੋਲ੍ਹ ਕੇ ਗੱਲ ਕੀਤੇ ਬਿਨਾਂ ਨਵੇਂ ਚੰਦੇ ਨਹੀਂ ਲੱਗ ਸਕਦੇ ।



ਮੋਹਣ ਸਿੰਘ ਨੇ ਆਪਣੇ ਪੁੱਤਰਾਂ ਨੂੰ ਨਕਰਮਣ ਬਣਾਉਣ ਲਈ ਡੱਬੇ ਦੇ ਰਾਹ 'ਤੇ ਤੌਰ ਦਿੱਤਾ ਸੀ ਜਿਸ ਨਾਲ ਤਪਦਿਕ ਰੋਗ ਦਾ ਰੋਗੀ ਰਿਹਾ ਸਾਧੂ ਸਿੰਘ ਸਰੀਰਕ ਖੇਚਲ ਕਰਨ ਤੋਂ ਬਚ ਗਿਆ । ਡੱਬੇ ਨਾਲ ਦਫ਼ਤਰਾਂ, ਸਕੂਲਾਂ ਤੇ ਦੁਕਾਨਾਂ ਤੋਂ ਉਗਰਾਹੀ ਦਾ ਠੱਗਾਂ ਵਾਲਾ ਪੈਸੇ ਇਕੱਠਾ ਕਰਨ ਦਾ ਰਾਹ ਫੜ ਕੇ ਮੋਹਣ ਸਿੰਘ ਤੇ ਉਸ ਦੇ ਦੋਹਾਂ ਪੁੱਤਰਾਂ ਨੇ ਕਿੰਨਾ ਘੱਟ ਕੰਮ ਕੀਤਾ । ਇਸ ਗੱਲ ਦਾ ਪਤਾ ਉਹਨਾਂ ਰਸੀਦ ਬੁੱਕਾਂ ਦੀ ਘੱਟ ਗਿਣਤੀ ਤੋਂ ਲੱਗੇਗਾ ਜਿਨ੍ਹਾਂ ਨੂੰ ਮੋਹਣ ਸਿੰਘ ਆਪ ਤੇ ਉਸ ਦੇ ਦੋਵੇਂ ਪੁੱਤਰ ਵਰਤਦੇ ਰਹੇ ਸਨ ਤੇ ਉਹਨਾਂ ਤੋਂ ਕਈ ਗੁਣਾਂ ਵੱਧ ਰਸੀਦ-ਬੁੱਕਾਂ ਦਾ ਵੇਰਵਾ ਦਿੱਤਾ ਜਾਂਦਾ ਹੈ ਜੋ ਦੂਸਰੇ ਸੇਵਾਦਾਰ ਵਰਤਦੇ ਸਨ । ਮੋਹਣ ਸਿੰਘ ਤੇ ਉਸ ਦੇ ਪੁੱਤਰ ਇਕ ਸਾਲ ਵਿਚ ਜਿੰਨੀਆਂ ਰਸੀਦ ਬੁੱਕਾਂ ਲਿਜਾਂਦੇ ਸਨ ਉਸ ਦਾ ਵੇਰਵਾ ਹੇਠ ਲਿਖਿਆ ਹੈ :-

ਸਾਲ ੧੯੮੨-੮੩

| | | | |
|---|---|---|---|
| ਮੋਹਣ ਸਿੰਘ | ੯ ਰਸੀਦ ਬੁੱਕਾਂ | ਅਰਥਾਤ ਕੁੱਲ | ੯੦੦ ਰਸੀਦਾਂ |
| ਸਾਧੂ ਸਿੰਘ | ੧੦ ਰਸੀਦ ਬੁੱਕਾਂ | ਅਰਥਾਤ ਕੁੱਲ | ੧੦੦੦ ਰਸੀਦਾਂ |
| ਬਲਬੀਰ ਸਿੰਘ | ੨੩ ਰਸੀਦ ਬੁੱਕਾਂ | ਅਰਥਾਤ ਕੁੱਲ | ੨੩੦੦ ਰਸੀਦਾਂ |

ਮੋਹਣ ਸਿੰਘ ਤੇ ਇਸ ਦੇ ਪੁੱਤ ਤਿੰਨ ਜਣੇ ਇਕ ਸਾਲ ਵਿਚ ਕੇਵਲ ੪੨੦੦ ਰਸੀਦਾਂ ਹੀ ਕੱਟਦੇ ਸਨ ।

ਇਸ ਦੇ ਮੁਕਾਬਲੇ ਵਿਚ ਦੂਸਰੇ ਸੇਵਾਦਾਰਾਂ ਦੀਆਂ ਇਕ ਸਾਲ ਦੀਆਂ ਰਸੀਦ ਬੁੱਕਾਂ ਦੀ ਗਿਣਤੀ ਹੇਠ ਲਿਖੀ ਹੈ :-

| | | |
|---|---|---|
| ਗਿਆਨ ਸਿੰਘ | ੭੦ ਰਸੀਦ ਬੁੱਕਾਂ ਅਰਥਾਤ | ੭੦੦੦ ਰਸੀਦਾਂ |
| ਮੁਖਤਿਆਰ ਸਿੰਘ | ੬੭ ਰਸੀਦ ਬੁੱਕਾਂ ਅਰਥਾਤ | ੬੭੦੦ ਰਸੀਦਾਂ |
| ਸੋਹਣ ਸਿੰਘ | ੭੦ ਰਸੀਦ ਬੁੱਕਾਂ ਅਰਥਾਤ | ੭੦੦੦ ਰਸੀਦਾਂ |
| ਮਲਕੀਅਤ ਸਿੰਘ | ੨੫ ਰਸੀਦ ਬੁੱਕਾਂ ਅਰਥਾਤ | ੨੫੦੦ ਰਸੀਦਾਂ |

ਉੱਪਰ ਲਿਖੇ ਅੰਕੜਿਆਂ ਤੋਂ ਦੋ ਤੱਥ ਪ੍ਰਗਟ ਹੁੰਦੇ ਹਨ :-

ਇਕ ਇਹ ਕਿ ਇਕੱਲੇ ਮੋਹਣ ਸਿੰਘ ਨੇ ਜਿੱਥੇ ਸਾਲ ਵਿਚ ੯ ਰਸੀਦ ਬੁੱਕਾਂ ਵਰਤੀਆਂ, ਉੱਥੇ ਉਸ ਦੇ ਮੁਕਾਬਲੇ ਵਿਚ ਕਿਸੇ ਨੇ ਸੱਤਰ ਰਸੀਦ ਬੁੱਕਾਂ ਵਰਤੀਆਂ ਤੇ ਕਿਸੇ ਨੇ ਸਤਾਹਠ । ਦੂਜਾ ਇਹ ਕਿ ਗਿਆਨ ਸਿੰਘ ਤੇ ਸੋਹਣ ਸਿੰਘ ਦੋਹਾਂ ਦੀਆਂ ਕੱਟੀਆਂ ਹੋਈਆਂ ਸਤ-ਸੱਤ ਹਜ਼ਾਰ ਰਸੀਦਾਂ ਨੂੰ ਸਨਮੁਖ ਰੱਖ ਕੇ ਇਹ ਵੀ ਸਾਬਤ ਹੁੰਦਾ ਹੈ ਕਿ ਬਲਬੀਰ ਸਿੰਘ ਤੇ ਸਾਧੂ ਸਿੰਘ ਇਕ ਪਾਸੇ ਰਹੇ ਜਿੰਨਾ ਕੰਮ ਦੋਵੇਂ ਜਣੇ ਰਲ ਕੇ ਕਰਦੇ ਸਨ ਉਹ ਕੰਮ ਇਕ ਜਣੇ ਦੇ ਕਰਨ ਜੋਗਾ ਵੀ ਨਹੀਂ ਸੀ । ਜੇ ਉਹਨਾਂ ਤਿੰਨਾਂ ਜਣਿਆਂ ਨੇ ਬੁੱਢੇ ਸੇਵਾਦਾਰ ਸੋਹਣ ਸਿੰਘ ਜਿੰਨੀਆਂ ਰਸੀਦਾਂ ਵੀ ਨਹੀਂ ਕੱਟੀਆਂ ਤਾਂ

ਫਿਰ ਉਹ ਤਿੰਨ ਜਣੇ ਕਰਦੇ ਕੀ ਰਹੇ ? ਕਰਦੇ ਇਹ ਰਹੇ ਕਿ ਉਹ ਡੱਬੇ ਫੇਰ ਕੇ ਲੋੜ ਤੋਂ ਵੱਧ ਆਮਦਨ ਪੈਦਾ ਕਰ ਲੈਂਦੇ ਸਨ ਜਿੰਨਾ ਕੰਮ ਸਰੀਰ ਦੀਆਂ ਕਠਿਨ ਘਾਲਾਂ ਤੋਂ ਬਿਨਾਂ ਕੀਤਾ ਜਾਂਦਾ ਰਿਹਾ ਉਹ ਕਰਦੇ ਰਹੇ ।

ਮੋਹਣ ਸਿੰਘ ਨੇ ਜਨਤਾ ਨੂੰ ਲੁੱਟਣ ਲਈ ਆਪਣੇ ਇਸ਼ਤਿਹਾਰਾਂ ਤੇ ਰਸੀਦਾਂ ਉੱਤੇ ਹੇਠ ਲਿਖੇ ਸ਼ਬਦ ਛਾਪੇ—'ਪਿੰਗਲਵਾੜੇ ਦਾ ੩੦ ਸਾਲ ਰਹਿ ਚੁੱਕਾ ਸੇਵਾਦਾਰ'। ਪਿੰਗਲਵਾੜੇ ਦੀ ਸੇਵਾ ਤਾਂ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ ਹੈ ਜਿਹੜੀ ਉਸ ਨੇ ਕੀਤੀ ਹੀ ਨਹੀਂ ਸੀ । ਪਿੰਗਲਵਾੜੇ ਦੀ ਨੌਕਰੀ ਵਿਚ ਉਹ ਅੰਮ੍ਰਿਤਸਰ ਵਿਚ ਇਕ ਸਾਲ ਰਿਹਾ ਹੋਵੇਗਾ, ਬਾਕੀ ਦੇ ਸਮੇਂ ਵਿਚ ਪਹਿਲਾਂ ਤਿੰਨ ਸਾਲ ਉਹ ਲੁਧਿਆਣੇ ਰਿਹਾ ਤੇ ਉਸ ਦੇ ਪਿੱਛੋਂ ਉਹ ਕਈ ਸਾਲ ਪਟਿਆਲਾ ਸ਼ਹਿਰ ਵਿਚ ਉਗਰਾਹੀ ਕਰਦਾ ਰਿਹਾ । ਫਿਰ ਪਟਿਆਲੇ ਦੇ ਟਿਕਾਣੇ ਤੋਂ ਉਹ ਹੋਰਨਾਂ ਥਾਵਾਂ ਨੂੰ ਜਾਂਦਾ ਰਿਹਾ ਤੇ ਸਾਧੂ ਸਿੰਘ ਅਤੇ ਬਲਬੀਰ ਸਿੰਘ ਦੇ ਆ ਜਾਣ 'ਤੇ ਉਹ ਸਰਹੰਦ, ਰੋਪੜ, ਆਨੰਦਪੁਰ ਸਾਹਿਬ ਵਾਲੇ ਲੰਮੇ ਚੌੜੇ ਇਲਾਕੇ ਵਿਚ ਜਾਂਦਾ ਰਿਹਾ ਜਿੱਥੇ ਉਹ ਡੱਬੇ ਨਾਲ ਚੋਰੀ ਉਗਰਾਹੀ ਕਰਦਾ ਰਿਹਾ । ਜੇ ਉਸਨੇ ਪਿੰਗਲਵਾੜੇ ਦੀ ਸੇਵਾ ਵਿਚ ਇਕ ਸਾਲ ਕੱਟਿਆ ਹੋਵੇਗਾ ਤਾਂ ਉਸ ਸਮੇਂ ਵਿਚ ਉਸ ਨੇ ਇਹ ਚੰਨ ਚਾੜ੍ਹਿਆ ਕਿ ਚਾਰ ਪੁੱਤਰਾਂ ਵਾਲੀ ਬੀਬੀ ਦੀ ਸੇਵਾ-ਸੰਭਾਲ ਲਈ ਉਸ ਨੂੰ ਹਸਪਤਾਲ ਵਿਚ ਭੇਜਿਆ ਗਿਆ ਸੀ । ਉਸ ਨੂੰ ਉਸ ਨੇ ਆਪਣੇ ਘਰ ਵਿਚ ਪਾ ਲਿਆ ਸੀ । ਉਸ ਨਾਲ ਉਸ ਨੇ ਕੀ ਵਿਹਾਰ ਕੀਤਾ ਤੇ ਉਸ ਔਰਤ ਨੇ ਉਸ ਦੀਆਂ ਠੱਗੀਆਂ ਦੀਆਂ ਕਰਤੂਤਾਂ ਦੱਸੀਆਂ ਇਹ ਸਭ ਕੁਝ ਪਿੱਛੇ ਦੱਸਿਆ ਜਾ ਚੁੱਕਾ ਹੈ ।

ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਨੇ ਲੋਕਾਂ ਨੂੰ ਠੱਗਣ ਲਈ ਸੰਨ ੧੯੮੨ ਤੋਂ ਜਿਹੜੇ ਪਾਖੰਡ ਰਚੇ, ਝੂਠ ਬੋਲੇ, ਪਾਪੜ ਵੇਲੇ ਤੇ ਦੇਸ਼ ਦੀ ਸਰਹੰਦ 'ਤੇ ਸਾਢੇ ਗਿਆਰਾਂ ਹਜ਼ਾਰ ਰੁਪਏ ਰੋਜ਼ ਦੇ ਖ਼ਰਚ ਨਾਲ ਚੱਲਣ ਵਾਲੀ ਸੰਸਥਾ ਦੀ ਆਮਦਨ ਨੂੰ ਢਾਹ ਲਾਈ, ਉਸ ਸੰਸਥਾ ਦਾ ਇਕ ਬਹੁਤ ਵੱਡਾ ਅਹਿਸਾਨ ਉਸ ਉੱਤੇ ਸੀ । ਸਾਧੂ ਸਿੰਘ ਨੂੰ ਬਿਮਾਰੀ ਦੇ ਸਮੇਂ ਵਿਚ ਡਾਕਟਰ ਨੂੰ ਦਿਖਾਉਣ ਲਈ ਰੇੜ੍ਹੀ ਉੱਤੇ ਹਸਪਤਾਲ ਲੈ ਕੇ ਜਾਣਾ, ਦੁੱਧ-ਦਹੀਂ ਦੇਣਾ, ਦਵਾਈਆਂ ਮੁੱਲ ਲੈ ਕੇ ਦੇਣੀਆਂ ਤੇ ਸੇਵਾ-ਸੰਭਾਲ ਕਰਨਾ, ਰੋਟੀ ਕੱਪੜਾ ਦੇਣਾ ਕੋਈ ਮਾਮੂਲੀ ਅਹਿਸਾਨ ਨਹੀਂ ਸੀ । ਮੋਹਣ ਸਿੰਘ ਨੇ ਮੇਰੇ 'ਤੇ ਉਹ ਝੂਠੇ ਦੂਸ਼ਣ ਜਨਤਾ ਵਿਚ ਫੈਲਾਏ ਜਿਨ੍ਹਾਂ ਦੂਸ਼ਣਾਂ ਨੂੰ ਕੋਈ ਦੇਸ਼-ਧ੍ਰੋਹੀ ਹੀ ਲਾ ਸਕਦਾ ਹੈ ।

ਇਹ ਲੇਖ ਸੰਨ ੧੯੮੭ ਦੇ ਮਹੀਨਾ ਜੂਨ ਦੀ ੨੭ ਤਾਰੀਖ਼ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਘੰਟਾ ਘਰ ਵਾਲੀ ਡਿਓੜੀ ਵਾਲੇ ਪਾਸੇ ਦੇ ਉਸ ਬਾਹਰਲੇ ਬੂਹੇ ਵਿਚ ਬੈਠ ਕੇ ਲਿਖਿਆ ਜਾ ਰਿਹਾ ਹੈ ਜਿੱਥੋਂ



ਦੀ ਸਭ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦਾਖ਼ਲ ਹੁੰਦੀਆਂ ਹਨ । ਮੈਂ ਸਵੇਰੇ ੬ ਵਜੇ ਉਸ ਬੂਹੇ ਵਿਚ ਬੈਠ ਜਾਂਦਾ ਹਾਂ ਤੇ ਰਾਤ ਦਸ ਵਜੇ ਦੇ ਕਰੀਬ ਪਿੰਗਲਵਾੜੇ ਵਾਪਸ ਜਾਂਦਾ ਹਾਂ । ਜੇਠ ਹਾੜ ਦੇ ਸਖ਼ਤ ਗਰਮੀ ਦੇ ਦਿਨਾਂ ਵਿਚ ਜੇ ਮੈਂ ਅਰਾਮ ਕਰਦਾ ਹਾਂ ਤਾਂ ਇਸ ਬੂਹੇ ਵਿਚ ਲੇਟ ਕੇ ਹੀ ਕਰਦਾ ਹਾਂ । ਘੰਟਾ ਘਰ ਦੀ ਡਿਓੜੀ ਵਿਚ ਦੁਪਹਿਰ ਵੇਲੇ ਲੋਕੀਂ ਅਰਾਮ ਕਰਦੇ ਹਨ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਤੋਂ ਹਵਾ ਠੰਢੀ ਹੋ ਕੇ ਡਿਓੜੀ ਵਿਚੋਂ ਲੰਘਦੀ ਹੈ, ਪਰ ਸ਼ਹੀਦਾਂ ਦੇ ਸਿਰਤਾਜ ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਅਮਾਨਤ ਲੂਲ੍ਹਾ ਪਿਆਰਾ ਸਿੰਘ ਤੇ ਮੈਂ ਦੋਵੇਂ ਜਣੇ ਦੁਪਹਿਰ ਵੇਲੇ ਵੀ ਅਤਿ ਦੀ ਗਰਮੀ ਦੇ ਸਮੇਂ ਬੂਹੇ ਵਿਚ ਬੈਠੇ ਰਹਿੰਦੇ ਹਾਂ, ਅਸੀਂ ਬਿਜਲੀ ਦਾ ਪੱਖਾ ਵੀ ਨਹੀਂ ਲੁਆਇਆ । ਸਾਡੇ ਉੱਤੇ ਇਕ ਛੌਲਦਾਰੀ ਹੁੰਦੀ ਹੈ ਤੇ ਕਿਸੇ ਰੁੱਖ ਦੀ ਛਾਂ ਨਹੀਂ ਹੁੰਦੀ । ਪ੍ਰਸ਼ਾਦਾ ਛਕਣ ਤੋਂ ਪਿੱਛੋਂ ਜੇ ਕਿਸੇ ਦਿਨ ਮੈਂ ਇਕ ਘੰਟਾ ਅਰਾਮ ਕਰਨਾ ਹੋਵੇ ਤਾਂ ਉਹ ਅਰਾਮ ਵੀ ਮੈਂ ਬੂਹੇ ਵਿਚ ਲੰਮੇ ਪੈ ਕੇ ਹੀ ਕਰਦਾ ਹਾਂ ਤਾਂ ਜੋ ਸੰਗਤਾਂ ਨੂੰ ਪਤਾ ਲੱਗਦਾ ਰਹੇ ਕਿ ਪਹਿਰੇਦਾਰ ਹਾਜ਼ਰ ਹੈ, ਗੈਰ-ਹਾਜ਼ਰ ਨਹੀਂ । ਲੰਘੀਆਂ ਜਾਂਦੀਆਂ ਸੰਗਤਾਂ ਵਿਚੋਂ ਕੋਈ ਨਾ ਕੋਈ ਮਰਦ ਜਾਂ ਇਸਤਰੀ ਜਾਂ ਬੱਚਾ ਮੇਰੇ ਬਾਟੇ ਵਿਚ ਦਾਨ ਪਾਉਂਦਾ ਰਹਿੰਦਾ ਹੈ । ਮਾਪੇ ਆਪਣੇ ਬੱਚਿਆਂ ਪਾਸੋਂ ਦਾਨ ਪੁਆਉਂਦੇ ਹਨ । ਮੈਂ ਆਪਣੇ ਕਾਰਜਾਂ ਦੀ ਸਫਲਤਾ ਲਈ ਸ੍ਰੀ ਦਰਬਾਰ ਸਾਹਿਬ ਦੇ ਨਾਮ ਦੀ ਓਟ ਲਈ ਹੋਈ ਹੈ; ਇਸ ਲਈ ਮੈਨੂੰ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਦਾ ਅਰਦਲੀ ਹੋਣ ਦੀ ਆਗਿਆ ਪ੍ਰਾਪਤ ਹੋਈ ਹੈ ਪਰ ਇਸ ਬੂਹੇ ਦੀ ਪਹਿਰੇਦਾਰੀ ਮੈਂ ਸਵੇਰੇ ਛੇ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਤਕ ਸਾਰਾ ਦਿਨ ਬੈਠਾ ਰਹਿ ਕੇ ਕਰ ਰਿਹਾ ਹਾਂ ਤਾਂ ਜੋ ਡੇਹਰਾ ਸਾਹਿਬ ਦੀ ਅਮਾਨਤ ਲੂਲ੍ਹੇ ਤੋਂ ਪੁੰਗਰੇ ਪਿੰਗਲਵਾੜੇ ਦੇ ਕਾਰਜ-ਖੇਤਰਾਂ ਦਾ ਪਤਾ ਸੰਸਾਰ ਦੇ ਕੋਨੇ-ਕੋਨੇ ਵਿਚ ਫੈਲੀਆਂ ਹੋਈਆਂ ਸਿੱਖ ਸੰਗਤਾਂ ਨੂੰ ਲੱਗ ਸਕੇ । ਜਿਸ ਸਮੇਂ ਵਿਚ ਸਾਧੂ ਸਿੰਘ ਤਪਦਿਕ ਦੇ ਰੋਗ ਦਾ ਇਲਾਜ ਪਿੰਗਲਵਾੜੇ ਵਿਚ ਕਰਾ ਰਿਹਾ ਸੀ ਉਹ, ਉਹ ਸਮਾਂ ਸੀ ਜਿਸ ਸਮੇਂ ਵਿਚ ਮੈਂ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਵਿਚ ਸ਼ਾਮ ਦੇ ਚਾਰ ਵਜੇ ਤੋਂ ਖੜ੍ਹਾ ਹੋ ਕੇ ਰਾਤ ਦੇ ਸਾਢੇ ਨੌਂ ਵਜੇ ਤਕ ਟੱਲੀ ਵਜਾ-ਵਜਾ ਕੇ ਦਾਨ ਦਾ ਡੱਬਾ ਹੱਥ ਵਿਚ ਫੜ ਕੇ ਉੱਚੀ ਆਵਾਜ਼ ਨਾਲ ਕੂਕਦਾ ਹੋਇਆ ਦਾਨ ਮੰਗਦਾ ਹੁੰਦਾ ਸਾਂ ਅਤੇ ਐਤਵਾਰ ਵਾਲੇ ਦਿਨ ਸਾਰਾ ਦਿਨ ਰਾਮਬਾਗ਼ ਦੇ ਰੇਲਵੇ ਫਾਟਕ ਦੇ ਨਾਲ ਸੜਕ ਦੇ ਕੰਢੇ ਬੈਠ ਕੇ ਭਿਖਾਰੀਆਂ ਵਾਂਗ ਡੱਬਾ ਹੱਥ ਵਿਚ ਫੜ ਕੇ ਦਾਨ ਲੈਣ ਦੀ ਆਸ ਨਾਲ

ਸੜਕ ਦੇ ਕੰਢੇ ਸਾਰਾ ਦਿਨ ਬੈਠਦਾ ਹੁੰਦਾ ਸਾਂ । ਮੈਂ ਰਾਮਬਾਗ਼ ਦੇ ਥਾਣੇ ਨਾਲ ਲੱਗਦੇ ਬਾਜ਼ਾਰ ਦੇ ਚੌਂਕ ਵਿਚ ਡੱਬਾ ਹੱਥ ਵਿਚ ਲੈ ਕੇ ਟੱਲੀ ਵਜਾ ਕੇ ਦਾਨ ਮੰਗਦਾ ਹੁੰਦਾ ਸਾਂ । ਜਿਸ ਬੰਦੇ ਨੂੰ ਤਪਦਿਕ ਦੇ ਰੋਗ ਵਿਚ ਕਿਸੇ ਸੰਸਥਾ ਨੇ ਸੰਭਾਲਿਆ ਹੋਵੇ ਤੇ ਉਸਦਾ ਇਲਾਜ ਕਰਾਇਆ ਹੋਵੇ, ਉਸ ਦੀ ਦਾਨ ਦੀ ਆਮਦਨ ਨੂੰ ਉਹ ਆਪ ਵੀ ਢਾਹ ਲਾਵੇ, ਉਸ ਦਾ ਪਿਉ ਵੀ ਢਾਹ ਲਾਵੇ ਤੇ ਬਾਕੀ ਦੇ ਦੋ ਭਰਾ ਵੀ ਢਾਹ ਲਾਉਣ ਇਸ ਤੋਂ ਵੱਧ ਕਿਸੇ ਮਨੁੱਖ ਦੀ ਹੋਰ ਅਕ੍ਰਿਤਘਣਤਾ ਕੀ ਹੋ ਸਕਦੀ ਹੈ । ਸੰਨ ੧੯੮੭ ਦੇ ਮਹੀਨਾ ਜੁਲਾਈ ਵਿਚ ਇਹ ਪੰਨਾ ਲਿਖਿਆ ਜਾ ਰਿਹਾ ਹੈ । ਇਨ੍ਹਾਂ ਦਿਨਾਂ ਵਿਚ ਮੈਨੂੰ ਸਾਧੂ ਸਿੰਘ ਦਾ ਭਰਾ ਮਾਧੋ ਸਿੰਘ ਮਿਲ ਪਿਆ । ਉਸ ਨੇ ਮੈਨੂੰ ਦੱਸਿਆ ਕਿ ਡੇਢ ਸਾਲ ਤੋਂ ਮੇਰਾ ਬਾਪ ਮੋਹਣ ਸਿੰਘ ਆਪਣੇ ਨਵੇਂ ਡੇਰੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ । ਮੇਰਾ ਭਰਾ ਬਲਬੀਰ ਸਿੰਘ ਵੀ ਇਕ ਸਾਲ ਤੋਂ ਆਪਣੇ ਡੇਰੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਪਰ ਸਾਧੂ ਸਿੰਘ ਨਹੀਂ ਮੰਨਦਾ ਤੇ ਜਿੱਦ ਕਰ ਰਿਹਾ ਹੈ ਕਿ ਨਹੀਂ, ਡੇਰਾ ਚਲਾਉਣਾ ਹੈ ਸਮਾਪਤ ਨਹੀਂ ਕਰਨਾ ਹੈ । ਮੋਹਣ ਸਿੰਘ ਦੇ ਟੱਬਰ ਦੀ ਇਹ ਅਕ੍ਰਿਤਘਣਤਾ ਮੇਰੇ ਹਿਰਦੇ ਨੂੰ ਬਹੁਤ ਵੱਡੀ ਸੱਟ ਮਾਰਨ ਵਾਲੀ ਹੈ । ਸਾਧੂ ਸਿੰਘ, ਉਸ ਦਾ ਪਿਤਾ ਤੇ ਉਸ ਦੇ ਭਰਾਵਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਦੇਸ਼ ਦੀ ਸਰਹੱਦ ਦੀ ਇਸ ਸੰਸਥਾ ਲਈ ਦਾਨ ਇਕੱਠਾ ਕਰਦੇ; ਪਰ ਉਹ ਤਾਂ ਉਲਟਾ ਉਸ ਦਾਨ ਨੂੰ ਢਾਹ ਲਾਉਣ ਲੱਗ ਪਏ ਜਿਹੜਾ ਲੋਕਾਂ ਨੇ ਸਾਨੂੰ ਭੇਜਣਾ ਸੀ ਜਾਂ ਆਪ ਲੈ ਕੇ ਆਉਣਾ ਸੀ । ਉਹਨਾਂ ਨੇ ਨਾ ਕੇਵਲ ਦਾਨ ਨੂੰ ਢਾਹ ਲਾਈ ਬਲਕਿ ਮੇਰੇ ਵਿਰੁੱਧ ਉਹਨਾਂ ਪ੍ਰਚਾਰ ਵੀ ਕੀਤਾ ਤੇ ਇਹ ਵੀ ਪ੍ਰਗਟ ਕੀਤਾ ਕਿ ਦਾਨ ਲੈਣ ਦਾ ਜਿੰਨਾ ਅਧਿਕਾਰੀ ਪਿੰਗਲਵਾੜਾ ਸੰਸਥਾ ਹੈ ਓਨਾ ਅਧਿਕਾਰੀ ਉਸ ਦਾ 'ਪਿੰਗਲਾ-ਆਸ਼ਰਮ' ਵੀ ਹੈ । ਉਸ ਨੇ ਪਿੰਗਲਵਾੜਾ ਨਾਮ ਦੀ ਜ਼ਿੰਦ-ਜਾਨ 'ਪਿੰਗਲ' ਸ਼ਬਦ ਨੂੰ ਧੱਕੇ ਨਾਲ ਵਰਤ ਕੇ ਆਪਣੀ ਠੱਗੀ ਦੇ ਅੱਡੇ ਦਾ ਨਾਮ 'ਪਿੰਗਲਾ-ਆਸ਼ਰਮ' ਰੱਖਿਆ ਤੇ ਟਰੱਕਾਂ ਵਾਲੇ ਬੰਦੇ ਪੰਜਾਬ ਦੇ ਪਿੰਡਾਂ ਤੇ ਨਾਲ ਲੱਗਦੀਆਂ ਰਿਆਸਤਾਂ ਵਿਚ ਫੇਰ ਕੇ ਇਹ ਪ੍ਰਗਟ ਕਰਨਾ ਚਾਹਿਆ ਕਿ ਪੰਜਾਬ ਦੀ ਵੱਡੀ ਤੇ ਪਹਿਲੀ ਸੰਸਥਾ ਪਿੰਗਲਾ ਆਸ਼ਰਮ ਹੀ ਹੈ । ਮੈਂ ਤਾਂ ਟਰੱਕਾਂ, ਮੋਟਰਕਾਰਾਂ, ਬੱਸਾਂ ਸਭ ਦੇ ਵਿਰੁੱਧ ਪ੍ਰਚਾਰ ਕਰ ਰਿਹਾ ਹਾਂ ਕਿ ਇਹਨਾਂ 'ਤੇ ਨਹੀਂ ਚੜ੍ਹਨਾ ਚਾਹੀਦਾ, ਕਿਉਂਕਿ ਇਹ ਹਵਾ ਨੂੰ ਖ਼ਰਾਬ ਕਰ ਰਹੇ ਹਨ ਤੇ ਅਨੇਕਾਂ ਤਬਾਹੀਆਂ ਪੈਦਾ ਕਰ ਰਹੇ ਹਨ । ਪਰ ਮੋਹਣ ਸਿੰਘ ਤੇ ਉਸ ਦੇ ਪੁੱਤਾਂ ਨੇ ਜੀਪਾਂ ਤੇ ਟਰੱਕਾਂ ਨਾਲ ਪ੍ਰਚਾਰ ਕੀਤਾ ਤੇ ਥਾਂ-ਥਾਂ 'ਤੇ ਪਿੰਡਾਂ ਵਿਚੋਂ ਟਰੱਕਾਂ ਨਾਲ ਜਿਣਸਾਂ ਇਕੱਠੀਆਂ ਕੀਤੀਆਂ ਤੇ ਜੀਪ ਨਾਲ ਸ਼ਹਿਰਾਂ ਵਿਚ ਵੀ ਗਏ । ਇਹ ਹਮਲਾ ਕੋਈ ਛੋਟਾ



ਮੋਟਾ ਹਮਲਾ ਨਹੀਂ । ਅਜਿਹੇ ਹਮਲਿਆਂ ਤੋਂ ਜੇਕਰ ਮੈਂ ਆਪਣਾ ਬਚਾਅ ਕਰ ਸਕਦਾ ਸਾਂ ਤਾਂ ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਓਟ ਲੈ ਕੇ ਹੀ ਤੇ ਗੁਰੂ ਦੀਆਂ ਸੰਗਤਾਂ ਅੱਗੇ ਫ਼ਰਿਆਦ ਕਰਕੇ ਹੀ । ਬਠਿੰਡਾ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਵਲਗਣ ਅੰਦਰ ਤਿੰਨ ਦਾਨ-ਪਤਾਰ (ਡੱਬੇ) ਮੋਹਣ ਸਿੰਘ ਨੇ ਰੱਖੇ ਹੋਏ ਹਨ ਜਿਨ੍ਹਾਂ ਉੱਤੇ ਪਿੰਗਲਾ-ਆਸ਼ਰਮ ਲਿਖਿਆ ਹੋਇਆ ਹੈ । ਇਕ ਦਾਨ-ਪਾਤਰ ਬਠਿੰਡਾ ਸ਼ਹਿਰ ਦੀਆਂ ਕਚਹਿਰੀਆਂ ਵਿਚ ਮੋਹਣ ਸਿੰਘ ਨੇ ਰੱਖਿਆ ਹੋਇਆ ਹੈ । ਬਠਿੰਡਾ ਸ਼ਹਿਰ ਦੀਆਂ ਦੁਕਾਨਾਂ ਵਿਚ ਵੀ ਪਿੰਗਲਾ ਆਸ਼ਰਮ ਦੇ ਡੱਬੇ ਲੱਗੇ ਹੋਏ ਹਨ । ਜੇਕਰ ਉਹ ਟੱਬਰ ਵੀ ਪਿੰਗਲਵਾੜੇ ਦੀ ਨੌਕਰੀ ਕਰਨ ਨੂੰ ਤਿਆਰ ਨਹੀਂ ਜਿਸ ਦੇ ਜਵਾਨ ਮੁੰਡੇ ਨੂੰ ਤਪਦਿਕ ਰੋਗ ਤੋਂ ਬਚਾਇਆ ਗਿਆ ਹੋਵੇ ਤਾਂ ਹੋਰਨਾਂ ਬੰਦਿਆਂ ਪਾਸੋਂ ਕਿੰਨੀ ਕੁ ਆਸ ਪਿੰਗਲਵਾੜੇ ਲਈ ਦਾਨ ਇਕੱਠਾ ਕਰਾਉਣ ਲਈ ਹੋ ਸਕਦੀ ਹੈ । ਮੋਹਣ ਸਿੰਘ ਦੇ ਟੱਬਰ ਦੀ ਅਕ੍ਰਿਤਘਣਤਾ ਨੇ ਮੈਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਵਿਚ ਬਿਠਾ ਛੱਡਿਆ ਹੈ । ਇੱਥੇ ਬੈਠ ਕੇ ਮੇਰੇ ਸਾਰੇ ਸਦਮੇ ਦੂਰ ਹੋ ਗਏ ਹਨ ਤੇ ਹਿਰਦਾ ਸਫਲਤਾ ਦੀ ਆਸ ਨਾਲ ਭਰਪੂਰ ਹੋ ਚੁੱਕਾ ਹੈ । ਇੱਥੋਂ ਮੋਹਣ ਸਿੰਘ ਵਰਗਾ ਕੋਈ ਲੁਟੇਰਾ ਮੇਰੀ ਦਾਨ ਦੀ ਸਹਾਇਤਾ ਵਿਚ ਕੋਈ ਰੋਕ ਨਹੀਂ ਪਾ ਸਕਦਾ । ਮੇਰਾ ਤਾਂ ਮੋਹਣ ਸਿੰਘ ਦਾ ਧੰਨਵਾਦ ਕਰਨ ਨੂੰ ਜੀਅ ਕਰਦਾ ਹੈ ਜਿਸਨੇ ਮੇਰੇ ਜਿਉਂਦੇ ਜੀਅ ਮੇਰਾ ਇਹ ਭੁਲੇਖਾ ਦੂਰ ਕਰ ਦਿੱਤਾ ਹੈ ਕਿ ਗੁਰੂ-ਘਰ ਦੀ ਓਟ ਲਏ ਬਿਨਾਂ ਦਾਨ ਦੀ ਉਗਰਾਹੀ ਲਈ ਤਨਖ਼ਾਹਦਾਰ ਨੌਕਰ ਰੱਖ ਕੇ ਹੀ ਪਿੰਗਲਵਾੜੇ ਦਾ ਕਾਰਜ ਸਫਲਤਾ ਨਾਲ ਚਲ ਸਦਦਾ ਹੈ । ਇਹ ਕਾਰਜ ਗੁਰਦੁਆਰਾ ਡੇਹਰਾ ਸਾਹਿਬ ਅੰਦਰ ਆਰੰਭ ਹੋਇਆ ਸੀ ਤੇ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅਗਿਓਂ ਹੀ ਇਸ ਦੀ ਸਫਲਤਾ ਦਾ ਰਾਹ ਲੱਭਣਾ ਸੀ ਤੇ ਲੱਭਿਆ ਹੈ । ਹੋਰ ਕੋਈ ਰਾਹ ਨਹੀਂ ਲੱਭਿਆ ਤੇ ਜੇ ਯਤਨ ਕੀਤਾ ਗਿਆ ਤਾਂ ਸਫਲ ਨਹੀਂ ਹੋ ਸਕਿਆ ਤੇ ਨਾ ਹੀ ਹੋ ਸਕਦਾ ਹੈ ।

ਮੈਂ ਆਪਣੀ ਵੀਹ ਸਾਲ ਦੀ ਉਮਰ ਵਿਚ ਆਪਣਾ ਜੀਵਨ ਸਿੱਖ ਪੰਥ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਪ੍ਰਾਣੀ-ਮਾਤਰ ਦੀ ਸੇਵਾ ਨਾਲ ਆਰੰਭ ਕੀਤਾ ਸੀ । ਪਿੰਗਲਵਾੜਾ ਸੰਸਥਾ ਨੂੰ ਹੋਂਦ ਵਿਚ ਲਿਆਉਣ ਦਾ ਕਾਰਨ ਉਹ ਲੂਲ੍ਹਾ ਬੱਚਾ ਬਣਿਆ ਹੈ ਜਿਸ ਨੂੰ ਸੰਨ ੧੯੩੪ ਵਿਚ ੫੩ ਸਾਲ ਪਹਿਲਾਂ ਉਸ ਮਹਾਨ ਅਸਥਾਨ ਅੱਗੇ ਲਾਵਾਰਸੀ ਦੀ ਹਾਲਤ ਵਿਚ ਛੱਡਿਆ ਗਿਆ ਸੀ । ਉਹ ਮਹਾਨ ਅਸਥਾਨ ਸ਼ਹੀਦਾਂ ਦੇ ਸਿਰਤਾਜ ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਅਸਥਾਨ ਹੈ । ਸਵਾਰਥੀ ਲੋਕਾਂ ਨੇ ਮੇਰੇ ਨਾਲ ਧੱਕੇ ਕਰਕੇ ਇਹ ਸਾਬਤ ਕਰ ਦਿੱਤਾ ਕਿ ਵੱਡੇ-ਵੱਡੇ ਕਾਰਜਾਂ ਨੂੰ ਸਹੇੜਨ ਵਾਲੇ ਭਗਤ ਮਹਾਨ

ਧਰਮ ਅਸਥਾਨਾਂ ਦੇ ਨਾਮ ਦੀ ਓਟ ਨਾਲ ਹੀ ਆਪਣੇ ਕਾਰਜਾਂ ਵਿਚ ਸਫਲਤਾ ਪ੍ਰਾਪਤ ਕਰ ਸਕਦੇ ਹਨ । ਇਨ੍ਹਾਂ ਧਰਮ ਅਸਥਾਨਾਂ ਤੋਂ ਬਿਨਾਂ ਹੋਰ ਕੋਈ ਸ਼ਕਤੀ ਵੱਡੇ-ਵੱਡੇ ਕਾਰਜਾਂ ਨੂੰ ਸਫਲਤਾ ਦੁਆਉਣ ਵਾਲੀ ਨਹੀਂ ।

ਸੰਨ ੧੯੯੨ ਵਿਚ ਮੋਹਣ ਸਿੰਘ ਨੇ ਪਿੰਗਲਵਾੜੇ ਦੀ ਨੌਕਰੀ ਛੱਡੀ । ਉਸ ਦੇ ਨੌਕਰੀ ਛੱਡਣ ਤੋਂ ਪਹਿਲਾਂ ਮੈਂ ਤਿੰਨ ਕੁ ਮਹੀਨੇ ਦਫ਼ਤਰ ਦੇ ਸੇਵਾਦਾਰਾਂ ਨੂੰ ਕਹਿੰਦਾ ਰਿਹਾ ਸਾਂ ਕਿ ਉਹ ਮੋਹਣ ਸਿੰਘ ਤੇ ਉਸਦੇ ਪੁੱਤਰਾਂ ਸਾਧੂ ਸਿੰਘ ਤੇ ਬਲਬੀਰ ਸਿੰਘ ਨੂੰ ਕਹਿ ਦੇਣ ਕਿ ਉਹ ਪਟਿਆਲੇ ਤੋਂ ਸ੍ਰੀ ਅੰਮ੍ਰਿਤਸਰ ਆ ਜਾਣ ਤੇ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਇਸ਼ਤਿਹਾਰ ਤੇ ਕਿਤਾਬਚੇ ਵੰਡਣ ਦਾ ਕੰਮ ਕਰਨ; ਪਰ ਉਹ ਮੇਰੇ ਸੁਨੇਹੇ ਦੀ ਪਰਵਾਹ ਨਾ ਕਰਦਿਆਂ ਹੋਇਆਂ ਪਟਿਆਲੇ ਮੁੜ ਜਾਂਦੇ ਰਹੇ । ਉਹ ਮੈਨੂੰ ਤਾਂ ਹੀ ਮਿਲਦੇ ਜੇ ਉਨ੍ਹਾਂ ਨੇ ਕੋਈ ਨਵਾਂ ਚੰਦਾ ਲਾਇਆ ਹੁੰਦਾ ਜਾਂ ਇਸ਼ਤਿਹਾਰ ਵੰਡੇ ਹੁੰਦੇ । ਡੱਬਿਆਂ ਨਾਲ ਕੀਤੀ ਜਾਣ ਵਾਲੀ ਚੋਰੀ ਦੀ ਜਿਸ ਉਗਰਾਹੀ ਦੇ ਕਾਰਨ ਉਹ ਅੰਮ੍ਰਿਤਸਰ ਨਹੀਂ ਆਉਣਾ ਚਾਹੁੰਦੇ ਸਨ ਉਸ ਗੱਲ ਦਾ ਚਰਚਾ ਮੈਂ ਪਿਛਲੇ ਪੰਨਿਆਂ ਵਿਚ ਕਰ ਦਿੱਤਾ ਹੈ । ਸ੍ਰੀ ਦਰਬਾਰ ਸਾਹਿਬ ਦੀ ਸ਼ੋਭਾ ਵਧਾਉਣ ਵਾਲੇ ਪ੍ਰਚਾਰ ਦੇ ਕਾਰਜ ਲਈ ਮੈਨੂੰ ਜਿਹੜਾ ਖ਼ਿਆਲ ਮੋਹਣ ਸਿੰਘ ਤੇ ਉਸ ਦੇ ਪੁੱਤਰਾਂ ਦੀ ਬਦਲੀ ਬਾਰੇ ਆਇਆ ਉਸ ਖ਼ਿਆਲ ਨੂੰ ਮੋਹਣ ਸਿੰਘ ਨੇ ਆਪਣੇ ਲਈ ਐਨਾ ਬੁਰਾ ਗਿਣਿਆ ਕਿ ਉਸ ਦੀ ਮੈਨੂੰ ਸਜ਼ਾ ਦੇਣ ਲਈ ਉਹ ਪਿੰਗਲਵਾੜਾ ਸੰਸਥਾ ਤਬਾਹ ਕਰਨ ਲਈ ਤਿਆਰ ਹੋ ਗਿਆ । ਦੇਸ਼ ਦੀ ਸਰਹੱਦ 'ਤੇ ਚਲ ਰਹੀ ਸੰਸਥਾ ਪਿੰਗਲਵਾੜਾ ਦਾ ਭੁਲੇਖਾ ਪਾਉਣ ਵਾਲੇ 'ਪਿੰਗਲਾ-ਆਸ਼ਰਮ' ਨਾਮ ਨਾਲ ਪਿੰਗਲਵਾੜੇ ਦੀ ਦਾਨ ਦੀ ਆਮਦਨ ਨੂੰ ਢਾਹ ਲਾਉਣ ਲਈ ਉਹ ਪਟਿਆਲਾ ਸ਼ਹਿਰ ਵਿਚ ਇਕ ਨਵੀਂ ਸੰਸਥਾ ਬਣਾਉਣ ਲਈ ਤਿਆਰ ਹੋ ਗਿਆ ।

ਤਿੰਨ ਚਾਰ ਮਹੀਨਿਆਂ ਤਕ ਸੇਵਾਦਾਰਾਂ ਵੱਲੋਂ ਦਿੱਤੇ ਗਏ ਸੁਨੇਹਿਆਂ ਨੂੰ ਸੁਣ ਕੇ ਜਦ ਮੋਹਣ ਸਿੰਘ ਤੇ ਉਸ ਦੇ ਪੁੱਤਰ ਅੰਮ੍ਰਿਤਸਰ ਆਉਣ ਨੂੰ ਤਿਆਰ ਨਾ ਹੋਏ ਤੇ ਗੱਲ ਨੂੰ ਅਣਸੁਣੀ ਕਰਕੇ ਹਰ ਮਹੀਨੇ ਪਟਿਆਲੇ ਨੂੰ ਚਲੇ ਜਾਂਦੇ ਰਹੇ ਤਾਂ ਮੈਂ ਦਫ਼ਤਰ ਵਾਲਿਆਂ ਨੂੰ ਕਿਹਾ ਸੀ ਕਿ ਉਨ੍ਹਾਂ ਤਿੰਨਾਂ ਜਣਿਆਂ ਨੂੰ ਉਗਰਾਹੀ ਦੀਆਂ ਰਸੀਦ ਬੁੱਕਾਂ ਨਾ ਦਿੱਤੀਆਂ ਜਾਣ । ਮੇਰੇ ਵੱਲੋਂ ਲਾਈ ਇਸ ਬੰਦਸ਼ ਕਾਰਨ ਮੋਹਣ ਸਿੰਘ ਨੇ ਮੇਰੇ ਪਾਸ ਆਉਣਾ ਹੀ ਸੀ ਤੇ ਉਹ ਗੁੱਸੇ ਨਾਲ ਭਰਿਆ ਹੋਇਆ ਆਇਆ ਸੀ । ਉਸ ਨੇ ਮੈਨੂੰ ਗੁੱਸੇ ਨਾਲ ਪੁੱਛਿਆ ਸੀ ਕਿ ਦੱਸੋ ਜੀ ਸਾਡੇ ਕੋਲੋਂ ਕਿਹੜਾ ਅਪਰਾਧ ਹੋਇਆ ਹੈ ਜੋ ਸਾਡੀ ਬਦਲੀ ਅੰਮ੍ਰਿਤਸਰ ਕੀਤੀ ਜਾ ਰਹੀ ਹੈ । ਮੈਂ ਉਸ ਨੂੰ ਉਸ ਦੇ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਸੀ ਕਿ ਭਾਈ ਬਦਲੀਆਂ ਅਪਰਾਧਾਂ ਕਾਰਨ ਨਹੀਂ ਕੀਤੀਆਂ ਜਾਇਆ



ਕਰਦੀਆਂ ਬਲਕਿ ਬਦਲੀਆਂ ਦਾ ਤਾਂ ਦਸਤੂਰ ਹੀ ਹੁੰਦਾ ਹੈ । ਕਈ ਸਰਕਾਰੀ ਮਹਿਕਮਿਆਂ ਵਿਚ ਬਦਲੀਆਂ ਕਰਨ ਦਾ ਸਮਾਂ ਨਿਸ਼ਚਿਤ ਹੁੰਦਾ ਹੈ । ਫਿਰ ਇਹ ਸਾਡਾ ਸ੍ਰੀ ਦਰਬਾਰ ਸਾਹਿਬ ਵਾਲਾ ਇਸ਼ਤਿਹਾਰ ਵੰਡਣ ਦਾ ਕੰਮ ਸਭ ਤੋਂ ਵੱਧ ਮਹੱਤਤਾ ਵਾਲਾ ਕੰਮ ਹੈ, ਕਿਉਂਕਿ ਦੇਸ਼ ਤੇ ਦੁਨੀਆਂ ਭਰ ਤੋਂ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀਆਂ ਹਨ ਤੇ ਉਨ੍ਹਾਂ ਰਾਹੀਂ ਦੇਸ਼ ਤੇ ਦੁਨੀਆਂ ਦੇ ਕੋਨੇ-ਕੋਨੇ ਵਿਚ ਪਿੰਗਲਵਾੜੇ ਦਾ ਪ੍ਰਚਾਰ ਜਾ ਰਿਹਾ ਹੈ ਜਿਸ ਰਾਹੀਂ ਸਾਨੂੰ ਦੁਨੀਆਂ ਭਰ ਤੋਂ ਦਾਨ ਆਉਣ ਦਾ ਰਾਹ ਨਿਕਲ ਸਕਦਾ ਹੈ । ਮੈਂ ਮੋਹਣ ਸਿੰਘ ਨੂੰ ਇਹ ਵੀ ਕਿਹਾ ਕਿ ਜਦ ਅਸੀਂ ਤੁਹਾਨੂੰ ਤਨਖ਼ਾਹ ਦਿੰਦੇ ਹਾਂ ਤਾਂ ਅਸੀਂ ਤੁਹਾਡੇ ਕੋਲੋਂ ਵੱਧ ਜ਼ਰੂਰੀ ਕੰਮ ਕਿਉਂ ਨਾ ਕਰਾਈਏ । ਮੇਰਾ ਇਹ ਉੱਤਰ ਸੁਣ ਕੇ ਉਹ ਪਿੰਗਲਵਾੜੇ ਦੇ ਵੱਡੇ ਦਰਵਾਜ਼ੇ ਵਿਚ ਗੁਰਬਾਣੀ ਦਾ ਗੁਟਕਾ ਹੱਥ ਵਿਚ ਲੈ ਕੇ ਬੈਠ ਗਿਆ ਤਾਂ ਜੋ ਉਹ ਲੋਕਾਂ ਨੂੰ ਦੱਸ ਸਕੇ ਕਿ ਉਸ ਦੇ ਨਾਲ ਧੱਕਾ ਹੋ ਰਿਹਾ ਹੈ । ਝੂਠਿਆਂ ਹੁੰਦਿਆਂ ਹੋਇਆਂ ਹੱਥ ਵਿਚ ਗੁਟਕਾ ਲੈ ਕੇ ਦਰਵਾਜ਼ੇ ਵਿਚ ਬੈਠਣਾ ਜਿੱਥੋਂ ਦੀ ਰਿਕਸ਼ਿਆਂ, ਟਾਂਗਿਆਂ ਤੇ ਦਾਨੀਆਂ ਨੇ ਲੰਘਣਾ ਸੀ, ਬਹੁਤ ਇਤਰਾਜ਼ ਵਾਲਾ ਮਾਮਲਾ ਸੀ । ਮੈਂ ਉਸ ਨੂੰ ਉੱਥੇ ਕਿਉਂ ਬੈਠਣ ਦਿੰਦਾ ਜਦੋਂ ਉਹ ਝੂਠਾ ਸੀ ਤੇ ਪਾਖੰਡ ਕਰ ਰਿਹਾ ਸੀ । ਜੇ ਉਹ ਸੱਚਾ ਹੁੰਦਾ ਫਿਰ ਤਾਂ ਮੈਂ ਦੋ ਚਾਰ ਸੇਵਾਦਾਰ ਨਾਲ ਲੈ ਕੇ ਉਸ ਨੂੰ ਮਨਾਉਣ ਦਾ ਯਤਨ ਕਰਦਾ, ਕਿਉਂਕਿ ਸੱਚੀ ਗੱਲ ਵਿਚ ਸੇਵਾਦਾਰਾਂ ਨੇ ਵੀ ਆਪਣੀ ਆਵਾਜ਼ ਕੱਢਣੀ ਹੁੰਦੀ ਹੈ ਤੇ ਸੱਚੇ ਸੇਵਾਦਾਰ ਦਾ ਸਾਥ ਦੇਣਾ ਹੁੰਦਾ ਹੈ । ਸਾਰੇ ਸੇਵਾਦਾਰ ਰੱਬ ਨੂੰ ਛੱਡਣ ਵਾਲੇ ਨਹੀਂ ਹੁੰਦੇ । ਅਨੇਕਾਂ ਦਲੇਰ ਤੇ ਸੱਚੇ ਹੁੰਦੇ ਹਨ । ਸੱਚੀ ਗੱਲ ਤਾਂ ਮੂੰਹ 'ਤੇ ਆਪਣੇ ਆਪ ਹੀ ਆ ਜਾਂਦੀ ਹੈ ਪਰ ਮੋਹਣ ਸਿੰਘ ਨੇ ਪਾਖੰਡ ਕਰਨੇ ਸਨ ਤੇ ਉਹ ਆਪਣਾ ਪਾਖੰਡ ਕਰ ਰਿਹਾ ਸੀ । ਮੈਂ ਉਸ ਨੂੰ ਬਾਂਹ ਤੋਂ ਫੜ ਕੇ ਉਠਾਇਆ । ਉਸ ਨੇ ਉੱਠ ਕੇ ਬਦਲੇ ਦੀ ਭਾਵਨਾ ਨਾਲ ਮੇਰੇ ਬਾਰੇ ਇਕ ਅਜਿਹੀ ਝੂਠੀ ਮਨਘੜਤ ਗੱਲ ਮੈਨੂੰ ਸੁਣਾ ਕੇ ਕਹੀ ਜਿਸ ਨੂੰ ਕਹਿਣ ਦਾ ਖ਼ਿਆਲ ਕਿਸੇ ਦੇਸ਼-ਧ੍ਰੋਹੀ ਵਿਅਕਤੀ ਨੂੰ ਹੀ ਆ ਸਕਦਾ ਸੀ । ਮੋਹਣ ਸਿੰਘ ਨੇ ਇਕ ਮਹੀਨੇ ਦੀ ਛੁੱਟੀ ਲੈ ਲਈ ਤੇ ਤਨਖ਼ਾਹ ਵੀ ਇਕ ਮਹੀਨੇ ਦੀ ਲੈ ਲਈ । ਜਿਹੜੀ ਦਫ਼ਤਰਾਂ, ਸਕੂਲਾਂ ਤੇ ਬਾਜ਼ਾਰਾਂ ਵਿਚ ਦੁਕਾਨਾਂ ਤੋਂ ਡੱਬਿਆਂ ਦੀ ਉਗਰਾਹੀ ਨਾਲ ਉਸ ਨੂੰ ਬੇਹਿਸਾਬੀ ਆਮਦਨੀ ਆ ਰਹੀ ਸੀ, ਉਸ ਨੂੰ ਉਹ ਛੱਡਣਾ ਨਹੀਂ ਚਾਹੁੰਦਾ ਸੀ । ਉਹ ਸੋਚਾਂ ਵਿਚ ਪੈ ਗਿਆ ਸੀ ਕਿ ਕੋਈ ਅਜਿਹਾ ਰਾਹ ਨਿਕਲੇ ਜਿਸ ਨਾਲ ਉਹ ਉਸ ਲੁੱਟ ਨੂੰ ਜਾਰੀ ਰੱਖ ਸਕੇ । ਵਾਹਿਗੁਰੂ ਨੇ ਆਪਣੇ ਚਮਤਕਾਰ ਦਿਖਾਉਣੇ ਹੁੰਦੇ ਹਨ । ਚੰਗੇ-ਮੰਦੇ ਸਭ ਉਸ ਦੀ ਖੇਡ ਵਿਚ ਪੈਦਾ ਹੁੰਦੇ ਹਨ । ਹਰੇਕ ਨੇ ਆਪਣੀ ਖੇਡ

ਖੇਡਣੀ ਹੁੰਦੀ ਹੈ । ਇਸ ਤਰ੍ਹਾਂ ਜਗਤ ਦਾ ਤਮਾਸ਼ਾ ਚਲਦਾ ਰਹਿੰਦਾ ਹੈ । ਮੈਂ ਮੋਹਣ ਸਿੰਘ ਦੀਆਂ ਕਰਤੂਤਾਂ ਨੂੰ ਖੁਸ਼ੀ ਨਾਲ ਬਿਆਨ ਕਰ ਰਿਹਾ ਹਾਂ, ਗ਼ਮ ਨਾਲ ਨਹੀਂ । ਉਸ ਦਾ ਕਾਰਨ ਇਹ ਹੈ ਕਿ ਮੋਹਣ ਸਿੰਘ ਦੀ ਬਗਾਵਤ ਨੇ ਮੈਨੂੰ ਉਸ ਆਮਦਨ ਦਾ ਰਾਹ ਦਿਖਾਇਆ ਹੈ ਜਿਸ ਵਿਚ ਵਿਘਨ ਨਹੀਂ ਪੈ ਸਕਦਾ ਤੇ ਜਿਹੜੀ ਰੱਬ ਦੀ ਵਰਖਾ ਵਾਂਗ ਆਪਣੇ ਆਪ ਲੋੜਵੰਦ ਅਧਿਕਾਰੀ ਸੰਸਥਾਵਾਂ ਨੂੰ ਮਿਲਿਆ ਕਰਦੀ ਹੈ ਤੇ ਜਿਸ ਦੀ ਕਲਪਨਾ ਕਰਕੇ ਮੈਨੂੰ ਇਹ ਖੁਸ਼ੀ ਚੜ੍ਹਦੀ ਹੈ ਕਿ ਇਕ ਛੱਪੜ ਦੀ ਆਮਦਨ ਬੰਦ ਕਰਾ ਕੇ ਮੋਹਣ ਸਿੰਘ ਨੇ ਮੈਨੂੰ ਗੁਰੂ-ਘਰ ਦੀਆਂ ਸੰਗਤਾਂ ਦੇ ਦਰਿਆ ਤੋਂ ਸਹਾਇਤਾ ਲੈਣ ਵਾਲੇ ਪਾਸੇ ਤੋਰ ਦਿੱਤਾ ਹੈ ।

ਪਿੰਗਲਵਾੜੇ ਦੇ ਪ੍ਰਬੰਧ ਲਈ ਸੱਤ ਮੈਂਬਰਾਂ ਦੀ ਕਮੇਟੀ ਬਣੀ ਹੋਈ ਹੈ । ਉਹਨਾਂ ਵਿਚੋਂ ਛੇ ਮੈਂਬਰ ਹਰ ਵੇਲੇ ਅੰਮ੍ਰਿਤਸਰ ਵਿਚ ਰਹਿੰਦੇ ਹਨ । ਮੈਂ ਪ੍ਰਧਾਨ ਹਾਂ । ਛੋਟਾ ਪ੍ਰਧਾਨ ਸ੍ਰ. ਮਿਹਰ ਸਿੰਘ ਹੈ ਜੋ ਸਰਕਾਰੀ ਇੰਜੀਨੀਅਰ ਰਿਹਾ ਹੈ । ਉਸ ਦਾ ਵਾਹਿਗੁਰੂ ਵੱਲ ਇੰਨਾ ਧਿਆਨ ਹੈ ਕਿ ਤੜਕੇ ਦੋ ਵਜੇ ਉੱਠ ਕੇ ਉਹ ਸ੍ਰੀ ਦਰਬਾਰ ਸਾਹਿਬ ਪਹੁੰਚ ਜਾਂਦਾ ਰਿਹਾ ਹੈ ਤੇ ਉਸ ਸ੍ਰੀ ਹਰਿਮੰਦਰ ਸਾਹਿਬ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਸੁਣ ਕੇ ਘਰ ਨੂੰ ਮੁੜਦਾ ਹੈ । ਸ਼ਾਮ ਨੂੰ ਫਿਰ ਉਹ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਉਂਦਾ ਹੈ । ਉਸ ਨੇ ਆਪਣੀ ਸਾਰੀ ਨੌਕਰੀ ਵਿਚ ਕਦੀ ਰਿਸ਼ਵਤ ਨਹੀਂ ਲਈ ਸੀ । ਉਸ ਨੇ ਮੈਨੂੰ ਦੱਸਿਆ ਸੀ ਕਿ ਇਕ ਦਿਨ ਨੌਕਰੀ ਦੇ ਸਮੇਂ ਵਿਚ ਮੈਂ ਸ੍ਰੀ ਦਰਬਾਰ ਸਾਹਿਬ ਜਾਣ ਦਾ ਨਾਗਾ ਪਾਇਆ ਸੀ ਤੇ ਉਸੇ ਦਿਨ ਡਿਪਟੀ-ਕਮਿਸ਼ਨਰ ਵੱਲੋਂ ਮੇਰੇ ਪਾਸੋਂ ਕਿਸੇ ਕੰਮ ਦੀ ਜਵਾਬ ਤਲਬੀ ਹੋ ਗਈ ਸੀ । ਉਸ ਨੇ ਆਪਣਾ ਮਕਾਨ ਵੀ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਪਾਇਆ ਹੈ । ਮੋਹਣ ਸਿੰਘ ਉਸ ਦੇ ਪਾਸ ਵੀ ਜਾ ਸਕਦਾ ਸੀ । ਇਕ ਹੋਰ ਇਸਤਰੀ ਮੈਂਬਰ ਸੀ ਜੋ ਕੁੜੀਆਂ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਰਹੀ ਸੀ, ਉਸ ਪਾਸ ਵੀ ਉਹ ਜਾ ਸਕਦਾ ਸੀ । ਇਕ ਹੋਰ ਮੈਂਬਰ ਵਪਾਰੀ ਆਦਮੀ ਹੈ । ਉਸ ਪਾਸ ਵੀ ਉਹ ਜਾ ਸਕਦਾ ਸੀ; ਪਰ ਮੈਂਬਰਾਂ ਪਾਸ ਉਹ ਤਾਂ ਹੀ ਜਾਂਦਾ ਜੇ ਉਸ ਦੇ ਮਨ ਵਿਚ ਕੋਈ ਸਚਾਈ ਹੁੰਦੀ । ਉਹ ਤਾਂ ਚਾਹੁੰਦਾ ਸੀ ਕਿ ਧੱਕੇ ਨਾਲ ਆਪਣੀ ਤੇ ਆਪਣੇ ਪੁੱਤਰਾਂ ਦੀ ਬਦਲੀ ਰੁਕਵਾ ਸਕੇ । ਜਦ ਉਸ ਨੇ ਦੇਖਿਆ ਕਿ ਉਹਨਾਂ ਦੀਆਂ ਬਦਲੀਆਂ ਨਹੀਂ ਰੁਕ ਸਕਦੀਆਂ ਤਾਂ ਉਸ ਨੇ ਬਗ਼ਾਵਤ ਦਾ ਰਾਹ ਫੜਿਆ ਤੇ ਇਹਨਾਂ ਸੋਚਾਂ ਵਿਚ ਪੈ ਗਿਆ ਕਿ ਪਟਿਆਲਾ ਸ਼ਹਿਰ ਵਿਚ ਆਪਣਾ ਠੱਗੀ ਦਾ ਅੱਡਾ ਖੋਲ੍ਹ ਸਕੇ ਤੇ ਡੱਬਿਆਂ ਨਾਲ ਦਫ਼ਤਰਾਂ ਤੇ ਸਕੂਲਾਂ ਤੋਂ ਆਪਣੀ ਲੁੱਟ ਨੂੰ ਜਾਰੀ ਰੱਖ ਸਕੇ । ਪਹਿਲੀ ਗੱਲ ਉਸ ਨੇ ਇਹ ਕੀਤੀ ਕਿ ਉਗਰਾਹੀ ਦਾ ਹਿਸਾਬ ਦੇਣ ਪਿੱਛੋਂ ਉਸ ਨੇ ਮੈਨੂੰ



ਪੁੱਛਿਆ ਕਿ ਤੁਸੀਂ ਸਾਡੀ ਬਦਲੀ ਕਿਉਂ ਕਰ ਰਹੇ ਹੋ । ਜਿਨ੍ਹਾਂ ਰਸੀਦ ਬੁੱਕਾਂ ਦੀਆਂ ਰਸੀਦਾਂ ਦੇ ਦੋ ਹਿੱਸੇ ਅਜੇ ਉਸ ਦੇ ਪਾਸ ਸਨ—ਜੜ੍ਹ ਵਾਲਾ ਹਿੱਸਾ, ਵਿਚਕਾਰਲਾ ਹਿੱਸਾ (ਪੱਕੀ ਰਸੀਦ) । ਸਿਰੇ ਦਾ ਹਿੱਸਾ ਉਹ ਹਿੱਸਾ ਹੁੰਦਾ ਹੈ ਜਿਹੜਾ ਦਾਨ ਲੈਣ ਵੇਲੇ ਦਾਨੀ ਨੂੰ ਦੇਣਾ ਹੁੰਦਾ ਹੈ ਜਿਸ ਉੱਤੇ ਖ਼ਜ਼ਾਨਚੀ ਉਸ ਵੇਲੇ ਮੋਹਰ ਲਾਉਂਦਾ ਹੈ ਜਦ ਉਸ ਨੂੰ ਰਸੀਦ ਦੀ ਦਾਨ ਦੀ ਰਕਮ ਮਿਲ ਗਈ ਹੁੰਦੀ ਹੈ । ਨੌਕਰੀ ਛੱਡਣ ਦੀ ਨੌਬਤ ਆਉਣ ਤੋਂ ਪਹਿਲਾਂ ਮੋਹਣ ਸਿੰਘ ਨੇ ਵਿਚਕਾਰਲੀ ਤੇ ਜੜ੍ਹ ਵਾਲੀ ਰਸੀਦ ਰੱਖਣੀ ਹੀ ਸੀ । ਜਦ ਉਸ ਨੇ ਬਦਲੀ ਕਰਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਅਸੀਂ ਉਸ ਤੋਂ ਰਸੀਦ ਬੁੱਕਾਂ ਮੰਗਣੀਆਂ ਹੀ ਸਨ । ਪਰ ਉਸ ਨੇ ਰਸੀਦ ਬੁੱਕਾਂ ਦੇਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਮੇਰੀਆਂ ਰਸੀਦ ਬੁੱਕਾਂ ਗੁੰਮ ਹੋ ਗਈਆਂ ਹਨ । ਉਸ ਨੇ ਇਹ ਝੂਠ ਇਸ ਲਈ ਬੋਲਿਆ ਕਿਉਂਕਿ ਉਹ ਵਿਚਕਾਰ ਵਾਲੀ ਖ਼ਾਲੀ ਰਸੀਦ ਨਾਲ ਨੌਕਰੀ ਛੱਡ ਕੇ ਵੀ ਉਗਰਾਹੀ ਕਰਨਾ ਚਾਹੁੰਦਾ ਸੀ ਤੇ ਉਹ ਉਗਰਾਹੀ ਉਸ ਨੇ ਕੀਤੀ । ਜਦ ਉਸ ਨੂੰ ਪਤਾ ਲੱਗ ਗਿਆ ਕਿ ਬਦਲੀ ਨਹੀਂ ਰੁਕ ਸਕਦੀ ਤਾਂ ਉਸ ਨੇ ਇਕ ਮਹੀਨੇ ਦੀ ਛੁੱਟੀ ਲੈ ਲਈ ਤੇ ਤਨਖ਼ਾਹ ਵੀ ਇਕ ਮਹੀਨੇ ਦੀ ਲੈ ਲਈ । ਉਸ ਨੇ ਸਾਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਾਡੀਆਂ ਬਦਲੀਆਂ ਰੋਕ ਦਿਓ ਨਹੀਂ ਤਾਂ ਅਸੀਂ ਆਪਣੀ ਵੱਖਰੀ ਸੰਸਥਾ ਖੋਲ੍ਹ ਲਵਾਂਗੇ । ਜਦੋਂ ਮੋਹਣ ਸਿੰਘ ਨੇ ਪਟਿਆਲੇ ਤੋਂ ਅੰਮ੍ਰਿਤਸਰ ਦੀ ਬਦਲੀ ਕਰਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਅਸੀਂ ਉਸ ਨੂੰ ਦਸਤੀ ਨੋਟਿਸ ਦਿੱਤਾ ਕਿ ਤੂੰ ਬਦਲੀ ਕਰਾਉਣ ਤੋਂ ਇਨਕਾਰ ਕੀਤਾ ਹੈ, ਤੈਨੂੰ ਕਿਉਂ ਨਾ ਨੌਕਰੀ ਤੋਂ ਹਟਾਇਆ ਜਾਏ । ਪਰ ਉਸ ਨੇ ਦਸਤੀ ਨੋਟਿਸ ਨਾ ਲਿਆ । ਫਿਰ ਅਸੀਂ ਡਾਕ ਰਾਹੀਂ ਰਜਿਸਟਰੀ ਕਰਾ ਕੇ ਉਸ ਨੂੰ ਨੋਟਿਸ ਭੇਜਿਆ । ਉਸ ਨੋਟਿਸ ਨੂੰ ਵੀ ਲੈਣ ਤੋਂ ਉਸ ਨੇ ਇਨਕਾਰ ਕਰ ਦਿੱਤਾ । ਇਸ ਤਰ੍ਹਾਂ ਦਸਤੀ ਨੋਟਿਸ ਨਾ ਲੈ ਕੇ ਉਸ ਨੇ ਸਾਡੇ ਉਹ ਪੈਸੇ ਖ਼ਰਚਾਏ ਜਿਨ੍ਹਾਂ ਨੂੰ ਮੈਂ ਸ੍ਰੀ ਦਰਬਾਰ ਸਾਹਿਬ ਦੇ ਸਭ ਤੋਂ ਬਾਹਰਲੇ ਬੂਹੇ ਵਿਚ ਬੈਠ ਕੇ ਸਖਤ ਗਰਮੀ ਤੇ ਸਖਤ ਸਰਦੀ ਦੇ ਦਿਨਾਂ ਵਿਚ ਇਕੱਠੇ ਕਰਦਾ ਰਿਹਾ ਹਾਂ, ਜੋ ਸਾਨੂੰ ਅਪਾਹਿਜਾਂ ਤੇ ਰੋਗੀਆਂ ਦੀਆਂ ਲੋੜਾਂ ਲਈ ਚਾਹੀਦੇ ਹੁੰਦੇ ਹਨ ਤੇ ਜਿਹੜੇ ਲੋੜ ਤੋਂ ਘੱਟ ਆ ਰਹੇ ਹਨ ।

ਮੋਹਣ ਸਿੰਘ ਤੇ ਉਸ ਦੇ ਦੋਵੇਂ ਪੁੱਤਰ ਸਾਧੂ ਸਿੰਘ ਤੇ ਬਲਬੀਰ ਸਿੰਘ ਜਿਹੜੀ ਉਗਰਾਹੀ ਹਰ ਮਹੀਨੇ ਕਰਦੇ ਸਨ ਉਹ ਚਾਰ ਹਜ਼ਾਰ ਰੁਪਏ ਹੁੰਦੀ ਸੀ । ਉਸ ਵਿਚੋਂ ਦੋ ਹਜ਼ਾਰ ਰੁਪਏ ਉਹਨਾਂ ਦਾ ਬਣ ਜਾਂਦਾ ਸੀ ਤੇ ਦੋ ਹਜ਼ਾਰ ਰੁਪਏ ਉਹ ਸਾਨੂੰ ਦਿੰਦੇ ਸਨ; ਪਰ ਜਿੰਨਾ ਦਾਨ ਮੋਹਣ ਸਿੰਘ ਤੇ ਉਸ ਦੇ ਪੁੱਤਰ ਮਿਹਨਤ ਨਾਲ ਇਕੱਠਾ ਕਰ ਸਕਦੇ ਸਨ ਉਸ ਦਾ ਘੇਰਾ ਦਸ ਹਜ਼ਾਰ ਰੁਪਏ

ਮਹੀਨਾ ਤੋਂ ਘੱਟ ਨਹੀਂ ਹੋਵੇਗਾ ਕਿਉਂਕਿ ਸਾਰੇ ਦਾਨੀਆਂ ਪਾਸ ਜਿਨ੍ਹਾਂ ਪਾਸ ਉਹਨਾਂ ਦੇ ਚੰਦੇ ਲੱਗੇ ਹੋਏ ਸੀ, ਉਹ ਨਹੀਂ ਜਾਂਦੇ ਹੁੰਦੇ ਸਨ, ਨਾ ਉਹਨਾਂ ਨੂੰ ਚੰਦੇ ਵਧਾਉਣ ਦੀ ਕੋਈ ਲੋੜ ਰਹੀ ਸੀ ਤੇ ਨਾ ਸਾਰੇ ਲੱਗੇ ਚੰਦੇ ਲਿਆਉਣ ਦੀ ਕੋਈ ਲੋੜ ਰਹੀ ਸੀ ਕਿਉਂਕਿ ਉਹ ਡੱਬਿਆਂ ਨਾਲ ਉਗਰਾਹੀ ਕਰ ਲੈਂਦੇ ਸਨ । ਉਗਰਾਹੀ ਤਾਂ ਉਹ ਤਾਂ ਵਧਾਉਂਦੇ ਜੇ ਉਹਨਾਂ ਨੇ ਤਨਖ਼ਾਹ ਵਧਾਉਣੀ ਹੁੰਦੀ । ਡੱਬਿਆਂ ਦੀ ਲੁੱਟ ਨੇ ਉਹਨਾਂ ਨੂੰ ਤਨਖ਼ਾਹ ਵਧਾਉਣ ਦੀ ਲੋੜ ਨਹੀਂ ਰਹਿਣ ਦਿੱਤੀ ਸੀ ਜਾਂ ਉਹ ਤਾਂ ਵਧਾਉਂਦੇ ਜੇ ਉਹਨਾਂ ਦੇ ਹਿਰਦੇ ਵਿਚ ਰੋਗੀਆਂ ਤੇ ਅਪਾਹਿਜਾਂ ਲਈ ਦਇਆ ਦਾ ਭਾਵ ਹੁੰਦਾ । ਰੱਬ ਨੇ ਉਹਨਾਂ ਨੂੰ ਦਇਆ ਦੇ ਭਾਵ ਤੋਂ ਸੱਖਣਾ ਰੱਖਿਆ ਸੀ ।

ਮੈਂ ਉੱਤੇ ਦੱਸਿਆ ਹੈ ਕਿ ਜਿਹੜੀਆਂ ਸੰਸਥਾਵਾਂ ਦੇਸ਼ ਦੇ ਅੰਦਰਲੇ ਹਿੱਸਿਆਂ ਵਿਚ ਹਨ ਉਹਨਾਂ ਵਿਚ ਕੇਵਲ ਇਕ ਸੰਸਥਾ ਦੀ ਦਾਨ ਦੀ ਆਮਦਨ ਢਾਈ ਸੌ ਰੁਪਏ ਰੋਜ਼ ਦੀ ਹੈ ਤੇ ਬਾਕੀ ਦੀਆਂ ਚੌਂਤੀ ਸੰਸਥਾਵਾਂ ਦੀ ਦਾਨ ਦੀ ਆਮਦਨ ਸਵਾ ਸੌ ਰੁਪਏ ਰੋਜ਼ ਦੀ ਹੈ । ਪਿੰਗਲਵਾੜਾ ਸੰਸਥਾ ਦੇਸ਼ ਦੀ ਸਰਹੱਦ ’ਤੇ ਹੈ ਤੇ ਇਸ ਦਾ ਰੋਜ਼ ਦਾ ਖ਼ਰਚ ਗਿਆਰਾਂ ਹਜ਼ਾਰ ਰੁਪਏ ਹੈ । ਬਾਕੀ ਦੀਆਂ ਸੰਸਥਾਵਾਂ ਦੇਸ਼ ਦੇ ਅੰਦਰਲੇ ਹਿੱਸਿਆਂ ਵਿਚ ਹਨ । ਫੇਰ ਮੋਹਣ ਸਿੰਘ ਨੇ ਸਾਨੂੰ ਉਹਨਾਂ ਦਾਨੀਆਂ ਦੇ ਨਾਮ ਕਿਉਂ ਨਾ ਦੱਸੇ ਜਿਨ੍ਹਾਂ ਤੋਂ ਉਹ ਤੇ ਉਸ ਦੇ ਪੁੱਤਰ ਦਾਨ ਦੇ ਚੰਦੇ ਹਰ ਮਹੀਨੇ ਲਿਆਉਂਦੇ ਹੁੰਦੇ ਸਨ ਤੇ ਲਿਆ ਸਕਦੇ ਸਨ । ਪਰ ਮੋਹਣ ਸਿੰਘ ਤੇ ਉਸ ਦੇ ਪੁੱਤਰ ਉਹਨਾਂ ਸਾਰੇ ਚੰਦਿਆਂ ਨੂੰ ਆਪਣੇ ਠੱਗੀ ਦੇ ਅੱਡੇ ਲਈ ਓਨਾ ਚਿਰ ਲਿਆਉਂਦੇ ਰਹੇ ਜਿੰਨਾ ਚਿਰ ਤਕ ਦਾਨੀਆਂ ਨੂੰ ਪਤਾ ਨਹੀਂ ਸੀ ਲੱਗਿਆ ਕਿ ਉਹਨਾਂ ਨੇ ਆਪਣਾ ਠੱਗੀ ਦਾ ਅੱਡਾ ਖੋਲ੍ਹ ਲਿਆ ਹੈ । ਮੋਹਣ ਸਿੰਘ ਦੇ ਮੂੰਹ ਨੂੰ ਲਹੂ ਲੱਗ ਚੁੱਕਾ ਸੀ । ਜਿੱਥੇ-ਜਿੱਥੇ ਸ਼ਹਿਰਾਂ ਤੇ ਕਸਬਿਆਂ ਵਿਚ ਉਹ ਜਾਂਦਾ ਸੀ ਆਨੰਦਪੁਰ ਸਾਹਿਬ, ਨੰਗਲ ਡੈਮ ਜੈਸੇ ਕਸਬਿਆਂ ਦੇ ਸਕੂਲਾਂ, ਕਾਲਜਾਂ ਤੇ ਦਫ਼ਤਰਾਂ ਵਿਚ ਉਹ ਡੱਬੇ ਨਾਲ ਦਾਨ ਲੈਂਦਾ ਸੀ ਤੇ ਉਸ ਦੇ ਪੁੱਤਰ ਵੀ ਜਿੱਥੇ-ਜਿੱਥੇ ਦਫ਼ਤਰਾਂ, ਸਕੂਲਾਂ ਤੇ ਕਾਲਜਾਂ ਵਿਚ ਜਾਂਦੇ ਸਨ ਉਹ ਹਰ ਥਾਂ ਡੱਬੇ ਨਾਲ ਹੀ ਦਾਨ ਇਕੱਠਾ ਕਰਦੇ ਸਨ । ਬਹੁਤੀ ਉਗਰਾਹੀ ਉਨ੍ਹਾਂ ਦੀ ਡੱਬਿਆਂ ਨਾਲ ਹੀ ਹੁੰਦੀ ਸੀ । ਜਿਹੜਾ ਚਾਰ ਹਜ਼ਾਰ ਰੁਪਿਆ ਉਹ ਤਿੰਨ ਜਣੇ ਇਕੱਠਾ ਕਰਦੇ ਸਨ ਉਹ ਤਾਂ ਸਾਡੇ ਦਫ਼ਤਰ ਵਾਲਿਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸੀ ।

ਜਿਹੜੀ ਚੋਰੀ ਦੀ ਅੰਨ੍ਹੀ ਆਮਦਨ ਉਨ੍ਹਾਂ ਨੂੰ ਡੱਬੇ ਫੇਰਨ ਨਾਲ ਹਰ ਮਹੀਨੇ ਹੁੰਦੀ ਸੀ ਉਸ ਆਮਦਨ ਨੂੰ ਆਪਣੇ ਲਈ ਆਉਂਦਿਆਂ ਰੱਖਣ ਲਈ ਮੋਹਣ ਸਿੰਘ ਨੇ ਸੋਚਿਆ ਕਿ ਉਹ ਪਟਿਆਲਾ ਸ਼ਹਿਰ ਵਿਚ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਦੇ ਲਾਗੇ ਸਰਕਾਰੀ ਜ਼ਮੀਨ ’ਤੇ ਦੋ ਚਾਰ ਅਪਾਹਿਜ



ਰੱਖ ਲਵੇ ਤੇ ਪਿੰਗਲਵਾੜਾ ਨਾਮ ਦਾ ਭੁਲੇਖਾ ਪਾਉਣ ਵਾਲੇ ਪਿੰਗਲਾ ਆਸ਼ਰਮ ਖੋਲ੍ਹਣ ਦਾ ਐਲਾਨ ਕਰ ਦੇਵੇ —ਤੇ ਇਹੋ ਉਸ ਨੇ ਕੀਤਾ । ਜਿਹੜਾ ਪਹਿਲਾ ਅਪਾਹਿਜ ਉਸ ਨੇ ਆਪਣੇ ਅੱਡੇ ’ਤੇ ਲਿਆਂਦਾ ਉਹ ਪਿੰਗਲਵਾੜਾ ਅੰਮ੍ਰਿਤਸਰ ਵਿਚ ਸਾਂਭੀ ਜਾਣ ਵਾਲੀ ਇਕ ਬੁੱਢੀ ਇਸਤਰੀ ਸੀ । ਉਸ ਦਾ ਪੁੱਤਰ ਸਰਕਾਰੀ ਨੌਕਰ ਸੀ ਜਿਸ ਦਾ ਕੋਈ ਪੁੱਤ ਧੀ ਨਹੀਂ ਸੀ । ਮੈਂ ਉਸ ਬੁੱਢੀ ਇਸਤਰੀ ਦੇ ਪੁੱਤ ਨੂੰ ਕਿਹਾ ਸੀ ਕਿ ਉਹ ਆਪਣੀ ਮਾਂ ਨੂੰ ਸੰਭਾਲੇ । ਪਰ ਮੋਹਣ ਸਿੰਘ ਨੇ ਤਾਂ ਆਪਣਾ ਅੱਡਾ ਖੜ੍ਹਾ ਕਰਨਾ ਸੀ । ਇਸ ਲਈ ਉਹ ਇਸਤਰੀ ਨੂੰ ਪਿੰਗਲਵਾੜਾ ਤੋਂ ਚੁਰਾ ਕੇ ਲੈ ਗਿਆ ਸੀ । ਉਸ ਇਸਤਰੀ ਦਾ ਪਤੀ ਸਾਡਾ ਸੇਵਾਦਾਰ ਰਿਹਾ ਸੀ ਜਿਹੜਾ ਮਰ ਗਿਆ ਸੀ । ਪਟਿਆਲੇ ਸ਼ਹਿਰ ਦੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਦੀ ਪਤਨੀ ਨੇ ਮੈਨੂੰ ਦੱਸਿਆ ਕਿ ਉਸ ਨੇ ਆਪਣੇ ਹੱਥਾਂ ਨਾਲ ਮੋਹਣ ਸਿੰਘ ਨੂੰ ਪਿੰਗਲਵਾੜੇ ਲਈ ਊਨੀ-ਸਵੈਟਰ ਬੁਣ ਕੇ ਦਿੱਤੇ ਸਨ; ਪਰ ਉਹ ਉਨ੍ਹਾਂ ਸਵੈਟਰਾਂ ਨੂੰ ਆਪਣੇ ਠੱਗੀ ਦੇ ਅੱਡੇ ਲਈ ਲੈ ਗਿਆ ਸੀ ਕਿਉਂਕਿ ਬੀਬੀ ਨੂੰ ਉਸ ਦੇ ਠੱਗੀ ਦੇ ਅੱਡੇ ਦਾ ਪਤਾ ਨਹੀਂ ਸੀ ।

ਮੋਹਣ ਸਿੰਘ ਤੇ ਉਸ ਦੇ ਪੁੱਤਰ ਸਾਡੇ ਉਗਰਾਹੀ ਵਾਲੇ ਸੇਵਾਦਾਰਾਂ ਨੂੰ ਕਹਿਣ ਲੱਗ ਪਏ ਸਨ ਕਿ ਤੁਸੀਂ ਸਾਡੇ ਪਾਸ ਆ ਜਾਓ, ਅਸੀਂ ਤੁਹਾਨੂੰ ਪਿੰਗਲਵਾੜੇ ਨਾਲੋਂ ਦੂਣੀਆਂ ਤਨਖਾਹਾਂ ਦਿਆਂਗੇ । ਜਿਹੜੇ ਦੂਸ਼ਣ ਉਸ ਨੇ ਮੇਰੇ ’ਤੇ ਪਟਿਆਲੇ ਬੰਦਿਆਂ ਪਾਸ ਲਾਏ ਉਨ੍ਹਾਂ ਦੂਸ਼ਣਾਂ ਨੂੰ ਕੋਈ ਦੇਸ਼-ਧ੍ਰੋਹੀ ਬੰਦਾ ਹੀ ਲਾ ਸਕਦਾ ਸੀ । ਪਿੰਗਲਵਾੜੇ ਦਾ ਇਕ ਸੇਵਾਦਾਰ ਜੀਤ ਸਿੰਘ ਹੁਸ਼ਿਆਰਪੁਰ ਦਾ ਰਹਿਣ ਵਾਲਾ ਹੈ । ਉਹ ਹੁਸ਼ਿਆਰਪੁਰ ਵਿਚ ਬੱਸਾਂ ’ਤੇ ਬਾਜ਼ਾਰਾਂ ਵਿਚ ਸੇਵਾਦਾਰਾਂ ਕੋਲੋਂ ਉਗਰਾਹੀ ਕਰਾ ਰਿਹਾ ਸੀ । ਉਸ ਪਾਸ ਮੋਹਣ ਸਿੰਘ ਗਿਆ ਤੇ ਉਸ ਨੂੰ ਕਿਹਾ ਕਿ ਤੂੰ ਮੇਰੇ ਨਾਲ ਆ ਕੇ ਰਲ ਜਾ । ਜੀਤ ਸਿੰਘ ਸਾਡਾ ਕੰਮ ਛੱਡ ਕੇ ਮੋਹਣ ਸਿੰਘ ਨਾਲ ਜਾ ਰਲਿਆ, ਪਰ ਜੀਤ ਸਿੰਘ ਮੋਹਣ ਸਿੰਘ ਨਾਲੋਂ ਵੀ ਵੱਧ ਚਲਦਾ ਪੁਰਜਾ ਹੈ । ਜਦ ਜੀਤ ਸਿੰਘ ਨੇ ਮੋਹਣ ਸਿੰਘ ਨੂੰ ਪਟਿਆਲੇ ਤੋਂ ਤੇ ਉਸ ਦੇ ਪੁੱਤਰ ਮਾਧੋ ਸਿੰਘ ਨੂੰ ਕੋਟ-ਕਪੂਰੇ ਤੋਂ ਆਪਣੀ ਠੱਗੀ ਦੇ ਅੱਡਿਆਂ ਦੇ ਨਾਮ ’ਤੇ ਕਈ ਕਈ ਟਰੱਕਾਂ ਨਾਲ ਜਿਣਸਾਂ ਦੀ ਉਗਰਾਹੀ ਲਈ ਪਿੰਡਾਂ ਦੇ ਕਿਸਾਨਾਂ ਨੂੰ ਲੁੱਟਦਿਆਂ ਦੇਖਿਆ ਤਾਂ ਉਸ ਦੇ ਮੂੰਹ ਵਿਚ ਵੀ ਪਾਣੀ ਆ ਗਿਆ ਤੇ ਉਸ ਨੇ ਮੁਕਤਸਰ ਸ਼ਹਿਰ ਵਿਚ ਨਿਊ-ਪਿੰਗਲਾ ਘਰ ਦੇ ਨਾਮ ਨਾਲ ਠੱਗੀ ਦਾ ਅੱਡਾ ਸ਼ੁਰੂ ਕਰ ਲਿਆ । ਮੁਕਤਸਰ ਸ਼ਹਿਰ ਦੇ ਲੋਕਾਂ ਨੇ ਜੀਤ ਸਿੰਘ ਨੂੰ ਝਾੜਾਂ ਪਾਈਆਂ । ਇਸ ਲਈ ਉਹ ਮੁਕਤਸਰ ਸ਼ਹਿਰ ਦੇ ਆਪਣੇ ਠੱਗੀ ਦੇ ਅੱਡੇ ਨੂੰ ਛੱਡ ਕੇ ਪਿੰਗਲਵਾੜੇ ਵਾਪਸ ਆ ਗਿਆ ।

## ਮੋਹਣ ਸਿੰਘ ਦੇ ਆਸ਼ਰਮ ਜੈਸੀਆਂ ਪਟਨਾ ਸ਼ਹਿਰ ਦੇ ਨਾਰੀ-ਨਿਕੇਤਨ ਦੀਆਂ ਊਣਤਾਈਆਂ ਤੇ ਬਦੀਆਂ

ਨਾਰੀ-ਨਿਕੇਤਨ ਉਹ ਸੰਸਥਾ ਹੁੰਦੀ ਹੈ ਜਿਸ ਵਿਚ ਉਹ ਇਸਤਰੀਆਂ ਰਹਿੰਦੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਮੁਕੱਦਮੇ ਚਲਦੇ ਹੋਣ ਜਾਂ ਜਵਾਨ ਹੋਈਆਂ ਉਹ ਬੇਆਸਰੇ ਹੋਣ ’ਤੇ ਕਿਸੇ ਕਸ਼ਟ ਵਿਚ ਹੋਣ । ਇਹ ਸੰਸਥਾ ਸਰਕਾਰੀ ਖ਼ਰਚ ਨਾਲ ਚਲਦੀ ਹੁੰਦੀ ਹੈ । ਪਟਨਾ ਸ਼ਹਿਰ ਦੀ ਨਾਰੀ-ਨਿਕੇਤਨ ਸੰਸਥਾ ਵਿਚੋਂ ਆਪਣੀ ਜਾਨ ਤੇ ਇੱਜ਼ਤ ਨੂੰ ਬਚਾ ਕੇ ਨਿਕਲੀ ਹੋਈ ਇਕ ਕੁੜੀ ਤੋਂ ਨਾਰੀ-ਨਿਕੇਤਨ ਵਿਚ ਹੋ ਰਹੇ ਕੁਕਰਮਾਂ ਦੀਆਂ ਗੱਲਾਂ ਸੁਣ ਕੇ ਬਿਕਰਮ ਦੇਵ ਤੁਮਰ ਨਾਮ ਦੇ ਇਕ ਸਥਾਨਕ ਵਕੀਲ ਨੇ ਸੁਪਰੀਮ ਕੋਰਟ ਨੂੰ ਇਕ ਚਿੱਠੀ ਵਿਚ ਕੁੜੀ ਤੋਂ ਸੁਣੀਆਂ ਹੋਈਆਂ ਸਾਰੀਆਂ ਗੱਲਾਂ ਲਿਖ ਕੇ ਭੇਜੀਆਂ । ਸੁਪਰੀਮ ਕੋਰਟ ਨੇ ਉਸ ਚਿੱਠੀ ਨੂੰ ਅਰਜੀ ਮੰਨ ਕੇ ਪਟਨਾ ਸ਼ਹਿਰ ਦੇ ਜ਼ਿਲ੍ਹਾ ਜੱਜ ਨੂੰ ਹੁਕਮ ਭੇਜਿਆ ਕਿ ਉਹ ਨਾਰੀ-ਨਿਕੇਤਨ ਦੀ ਪ੍ਰਬੰਧਕ ਬੀਬੀ ਪਾਸੋਂ ਉਨ੍ਹਾਂ ਦੂਸ਼ਣਾਂ ਦੀ ਪੜਤਾਲ ਕਰੇ ਜਿਹੜੇ ਵਕੀਲ ਨੇ ਚਿੱਠੀ ਵਿਚ ਨਾਰੀ-ਨਿਕੇਤਨ ’ਤੇ ਲਾਏ ਹਨ—ਤੇ ਦੋ ਹਫ਼ਤਿਆਂ ਦੇ ਅੰਦਰ-ਅੰਦਰ ਪੜਤਾਲ ਦੀ ਰਿਪੋਰਟ ਕੋਰਟ ਨੂੰ ਭੇਜੇ । ਵਕੀਲ ਨੇ ਚਿੱਠੀ ਵਿਚ ਲਿਖਿਆ ਸੀ ਕਿ ਨਾਰੀ-ਨਿਕੇਤਨ ਦਾ ਪ੍ਰਬੰਧ ਮਨੁੱਖਤਾ ਤੋਂ ਗਿਰੇ ਹੋਏ ਢੰਗਾਂ ਨਾਲ ਕੀਤਾ ਜਾ ਰਿਹਾ ਹੈ । ਚਿੱਠੀ ਵਿਚ ਲਿਖਿਆ ਹੋਇਆ ਸੀ ਕਿ ਨਾਰੀ-ਨਿਕੇਤਨ ਦੀਆਂ ਦੋ ਸੌ ਇਸਤਰੀਆਂ ਨੂੰ ਨਾਰੀ-ਨਿਕੇਤਨ ਦੇ ਕਰਮਚਾਰੀਆਂ ਦੀ ਜਿਣਸੀ ਭੁੱਖ ਦੀ ਤ੍ਰਿਪਤੀ ਕਰਨ ਦਾ ਕੁਕਰਮ ਕਰਨਾ ਪੈਂਦਾ ਹੈ । ਇਹ ਵੀ ਦੱਸਿਆ ਗਿਆ ਸੀ ਕਿ ਨਾਰੀ-ਨਿਕੇਤਨ ਦੇ ਕਰਮਚਾਰੀ ਆਪਣੀ ਜਿਣਸੀ ਭੁੱਖ ਦੀ ਤ੍ਰਿਪਤੀ ’ਤੇ ਹੀ ਬੱਸ ਨਹੀਂ ਕਰਦੇ ਬਲਕਿ ਉਹ ਇਸਤਰੀਆਂ ਨੂੰ ਬਾਹਰ ਵੀ ਭੇਜਦੇ ਹਨ ਤਾਂ ਜੋ ਹੋਰਨਾਂ ਬੰਦਿਆਂ ਦੀ ਜਿਣਸੀ ਭੁੱਖ ਦੀ ਵੀ ਤ੍ਰਿਪਤੀ ਕਰਨ ਤੇ ਉਸ ਤ੍ਰਿਪਤੀ ਨਾਲ ਨਾਰੀ-ਨਿਕੇਤਨ ਦੇ ਕਰਮਚਾਰੀਆਂ ਨੂੰ ਕੁਕਰਮ ਕਰਨ ਵਾਲੇ ਬੰਦਿਆਂ ਪਾਸੋਂ ਰੁਪਏ ਦੀ ਖੱਟੀ ਕਰਾਉਣ । ਚਿੱਠੀ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਜੇ ਕੋਈ ਇਸਤਰੀ ਕਰਮਚਾਰੀ ਦੀ ਜਿਣਸੀ ਭੁੱਖ ਦੀ ਤ੍ਰਿਪਤੀ ਕਰਨ ਦੇ ਕੁਕਰਮ ਤੋਂ ਇਨਕਾਰ ਕਰੇ ਜਾਂ ਬਾਹਰ ਜਾ ਕੇ ਹੋਰਨਾਂ ਬੰਦਿਆਂ ਦੀ ਜਿਣਸੀ ਭੁੱਖ ਦੀ ਤ੍ਰਿਪਤੀ ਕਰਨ ਦਾ ਕੁਕਰਮ ਕਰਨ ਤੋਂ ਇਨਕਾਰ ਕਰੇ ਤਾਂ ਉਸ ਨੂੰ ਇਕ ਦੋ ਦਿਨ ਭੁੱਖਾ ਰੱਖਿਆ ਜਾਂਦਾ ਹੈ ਤਾਂ ਜੋ ਉਹ ਉਸ ਕੁਕਰਮ ਨੂੰ



ਕਰਨ ਲਈ ਤਿਆਰ ਹੋ ਜਾਵੇ । ਚਿੱਠੀ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਨਾਰੀ-ਨਿਕੇਤਨ ਵਿਚ ਇਸਤਰੀਆਂ ਦੇ ਇਸ਼ਨਾਨ ਲਈ ਓਹਲੇ ਵਾਲੀ ਥਾਂ ਨਹੀਂ ਜਿੱਥੇ ਉਹ ਮਰਦਾਂ ਦੀਆਂ ਨਿਗਾਹਾਂ ਤੋਂ ਬਚ ਕੇ ਪਰਦੇ ਵਿਚ ਇਸ਼ਨਾਨ ਕਰ ਸਕਣ ਤੇ ਨਾ ਹੀ ਇਹੋ ਜਿਹੀਆਂ ਹੋਰ ਸਹੂਲਤਾਂ ਹਨ । ਇਸ਼ਨਾਨ ਦਾ ਵੱਖਰਾ ਕਮਰਾ ਨਾ ਹੋਣ ਕਰਕੇ ਇਸਤਰੀਆਂ ਨੂੰ ਕਰਮਚਾਰੀਆਂ ਦੇ ਸਾਹਮਣੇ ਇਸ਼ਨਾਨ ਕਰਨਾ ਪੈਂਦਾ ਹੈ । ਚਿੱਠੀ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਕਰਮਚਾਰੀਆਂ ਦੀਆਂ ਝਾੜਾਂ ਤੇ ਫਿਟਕਾਰਾਂ ਦੇ ਕਾਰਨ ਘੱਟ ਤੋਂ ਘੱਟ ਚੌਵ੍ਹੀ-ਪੰਝੀ ਇਸਤਰੀਆਂ ਪਾਗਲ ਹੋ ਗਈਆਂ ਹਨ ।

ਇਹ ਖ਼ਬਰ ਦਿੱਲੀ ਦੇ ਅਖ਼ਬਾਰ ਟਾਈਮਜ਼ ਆਫ ਇੰਡੀਆ ਦੇ ੧੯੮੭ ਦੇ ਨਵੰਬਰ ਦੇ ਮਹੀਨੇ ਦੀ ੧੯ ਤਾਰੀਖ਼ ਵਾਲੇ ਦਿਨ ਨਿਕਲੀ ਹੈ । ਜਲੰਧਰ ਦੇ ਅਖ਼ਬਾਰ ਹਿੰਦ-ਸਮਾਚਾਰ ਦੇ ਮੁੱਖ ਲੇਖ ਵਿਚ ਹੀ ਨਿਕਲੀ ਹੈ । ਮੋਹਣ ਸਿੰਘ ਦੇ ਅੱਡੇ ਬਾਰੇ ਜੋ ਕੁਝ ਮੈਂ ਲਿਖਿਆ ਹੈ ਉਸ ਵਿਚ ਤੇ ਇਸ ਖ਼ਬਰ ਵਿਚ ਇਕੋ ਗੱਲ ਦਾ ਫ਼ਰਕ ਹੈ ਕਿ ਮੋਹਣ ਸਿੰਘ ਨੇ ਕਿਸੇ ਇਸਤਰੀ ਨੂੰ ਕੁਕਰਮ ਕਰਨ ਲਈ ਬਾਹਰ ਨਹੀਂ ਭੇਜਿਆ । ਇਹ ਕੁਕਰਮ ਇਕ ਜਵਾਨ ਪਾਗਲ ਇਸਤਰੀ ਨਾਲ ਕੀਤਾ ਗਿਆ ਜਿਹੜਾ ਉਸ ਦੇ ਰਿਸ਼ਤੇਦਾਰ ਨੇ ਕੀਤਾ ਸੀ । ਉਸ ਦੇ ਪ੍ਰਬੰਧ ਦੀਆਂ ਜਿਨ੍ਹਾਂ ਊਣਤਾਈਆਂ ਤੇ ਕਾਨੂੰਨ ਤੋੜੂ ਅਪਰਾਧਾਂ ਦਾ ਮੈਂ ਚਰਚਾ ਇਸ ਕਿਤਾਬਚੇ ਵਿਚ ਕੀਤਾ ਹੈ ਉਹ ਉਨ੍ਹਾਂ ਉਣਤਾਈਆਂ ਤੇ ਅਪਰਾਧਾਂ ਤੋਂ ਵਧੇਰੇ ਹਨ ਜਿਨ੍ਹਾਂ ਦਾ ਚਰਚਾ ਸੁਪਰੀਮ ਕੋਰਟ ਨੂੰ ਭੇਜੀ ਗਈ ਚਿੱਠੀ ਵਿਚ ਕੀਤਾ ਗਿਆ ਹੈ । ਪੰਜਾਬ ਦਾ ਕੋਈ ਬੰਦਾ ਮੋਹਣ ਸਿੰਘ ਨੂੰ ਪੁੱਛਣ ਲਈ ਤਿਆਰ ਨਹੀਂ ਹੈ ਤੇ ਨਾ ਹੀ ਅਖ਼ਬਾਰ ਪੁੱਛਣ ਨੂੰ ਤਿਆਰ ਹਨ । ਸੁਪਰੀਮ ਕੋਰਟ ਪਾਸ ਪੁੱਜੀ ਹੋਈ ਸ਼ਿਕਾਇਤ ਦੇ ਚਾਨਣੇ ਵਿਚ ਮੋਹਣ ਸਿੰਘ ਨੇ ਪਿੰਗਲਾ-ਆਸ਼ਰਮ ਬਾਰੇ ਇਸ ਕਿਤਾਬਚੇ ਵਿਚ ਮੇਰੇ ਬਿਆਨ ਕੀਤੇ ਹੋਏ ਬਦੀਆਂ ਤੇ ਊਣਤਾਈਆਂ ਨੂੰ ਪੜ੍ਹ ਕੇ ਪੰਜਾਬ ਦਾ ਕੋਈ ਬੰਦਾ ਜਾਂ ਕੋਈ ਅਖ਼ਬਾਰ ਆਵਾਜ਼ ਉਠਾਏਗਾ ਜਾਂ ਨਹੀਂ ਇਹ ਗੱਲ ਪਰਤਾਈ ਜਾਣ ਵਾਲੀ ਹੈ ।

ਸੰਨ ੧੯੮੮ ਵਿਚ ਮੋਹਣ ਸਿੰਘ ਦੇ ਅੱਡੇ ਚਲੇ ਨੂੰ ਛੇਵਾਂ ਸਾਲ ਜਾ ਰਿਹਾ ਹੈ ਤੇ ਹੇਠ ਲਿਖਿਆ ਇਸ਼ਤਿਹਾਰ ਉਦੋਂ ਛਪਿਆ ਸੀ ਜਦੋਂ ਉਸ ਦੇ ਅੱਡੇ ਨੂੰ ਤੀਜਾ ਸਾਲ ਜਾ ਰਿਹਾ ਹੈ ।

ਪਿੰਗਲਾ-ਆਸ਼ਰਮ ਨਾਮ ਨਾਲ ਤਿੰਨ ਸਾਲਾਂ ਤੋਂ ਪੰਜਾਬ ਦੀ ਜਨਤਾ ਤੇ ਖਾਸ ਤੌਰ 'ਤੇ ਕਿਸਾਨਾਂ ਨੂੰ ਪਿੰਗਲਵਾੜੇ ਦਾ ਭੁਲੇਖਾ ਪਾ ਕੇ ਲੁੱਟ ਰਹੇ ਧਾੜਵੀ ਮੋਹਣ ਸਿੰਘ ਤੇ ਉਸ ਦੇ ੩ ਜਵਾਨ ਪੁੱਤਰਾਂ ਦਾ ਟੋਲਾ ਸਿੱਖ ਪੰਥ ਦੀਆਂ ਸਭ ਤੋਂ ਵੱਡੀਆਂ ਦੋ ਜਥੇ-ਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰਾਂ ਤੋਂ

## ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ

ਦੀਆਂ ੩੧ ਮਹੀਨੇ ਪਹਿਲਾਂ ਦੀਆਂ ਲਿਖਵਾਈਆਂ ਹੋਈਆਂ ਚਿੱਠੀਆਂ ਦੀ ਪਰਵਾਹ ਨਾ ਕਰਦਾ ਹੋਇਆ ਉਹ ਟੋਲਾ ਭਗਤ ਪੂਰਨ ਸਿੰਘ ਦੀ ਛਾਤੀ 'ਤੇ ਮੂੰਗੀ ਦਲਦਾ ਹੋਇਆ ਪੰਜਾਬ ਦੀ ਜਨਤਾ ਨੂੰ ਲੁੱਟਦਾ ਚਲਿਆ ਆ ਰਿਹਾ ਹੈ। ਹੇਠਾਂ ਉਸ ਚਿੱਠੀ ਦਾ ਉਤਾਰਾ ਹੈ ਜਿਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍ਰ. ਭਾਨ ਸਿੰਘ ਨੇ ਮੋਹਣ ਸਿੰਘ ਨੂੰ ਲਿਖੀ ਸੀ। ਜਿਹੜੀ ਚਿੱਠੀ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਨੇ ਲਿਖੀ ਸੀ ਉਸ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਉਸ ਚਿੱਠੀ ਵਿਚ ਮੋਹਣ ਸਿੰਘ ਨੂੰ ਲਿਖਿਆ ਗਿਆ ਸੀ ਕਿ ਉਹ ਅਕਾਲੀ ਦਲ ਦੇ ਦਫ਼ਤਰ ਆ ਕੇ ਉਨ੍ਹਾਂ ਦੂਸ਼ਣਾਂ ਦਾ ਉੱਤਰ ਦੇਵੇ ਜਿਨ੍ਹਾਂ ਦੂਸ਼ਣਾਂ ਨੂੰ ਭਗਤ ਪੂਰਨ ਸਿੰਘ ਉਸ ਉੱਤੇ ਲਾ ਰਿਹਾ ਹੈ, ਪਰ ਮੋਹਣ ਸਿੰਘ ਨੇ ਅਕਾਲੀ ਦਲ ਦੀ ਉਸ ਚਿੱਠੀ ਦੀ ਕੋਈ ਪਰਵਾਹ ਨਹੀਂ ਕੀਤੀ ਸੀ। ਅਕਾਲੀ ਦਲ ਦੀ ਚਿੱਠੀ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚਿੱਠੀ ਵੀ ਉਸ ਨੂੰ ਗਈ, ਪਰ ਉਸ ਚਿੱਠੀ ਦੀ ਵੀ ਕੋਈ ਪਰਵਾਹ ਉਸ ਨੇ ਨਹੀਂ ਕੀਤੀ ਸੀ। ਸਿੱਖ-ਪੰਥ ਦੀਆਂ ਸਭ ਤੋਂ ਵੱਡੀਆਂ ਦੋ ਜਥੇਬੰਦੀਆਂ ਦੀਆਂ ਚਿੱਠੀਆਂ ਦੀ ਪਰਵਾਹ ਨਾ ਕਰਦਾ ਹੋਇਆ ਮੋਹਣ ਸਿੰਘ ਦਾ ਟੋਲਾ ਤਿੰਨ ਸਾਲਾਂ ਤੋਂ ਪੰਜਾਬ ਦੀ ਜਨਤਾ ਨੂੰ ਲੁਟਦਾ ਆ ਰਿਹਾ ਹੈ। ਅਜੇ ਤਕ ਉਸ ਦਾ ਟੋਲਾ ਪੰਜਾਬ ਦੇ ਗ਼ਰੀਬ ਕਿਸਾਨਾਂ ਨੂੰ ਲੁੱਟਣ ਤੋਂ ਅਜੇ ਨਹੀਂ ਟਲਿਆ ਹੈ। ਉਨ੍ਹਾਂ ਦੀ ਲੁੱਟ ਦਾ ਸਭ ਤੋਂ ਦੁਖਦਾਈ ਪੱਖ ਪਿੰਡਾਂ ਦੇ ਕਿਸਾਨਾਂ ਨੂੰ ਲੁੱਟਣਾ ਹੈ। ਮੋਹਣ ਸਿੰਘ ਨੇ ਆਪਣੇ ਇਕ ਪੁੱਤਰ ਮਾਧੋ ਸਿੰਘ ਨੂੰ ਕੋਟ-ਕਪੂਰੇ ਬਿਠਾ ਦਿੱਤਾ। ਮਾਧੋ ਸਿੰਘ ਕੋਟ-ਕਪੂਰੇ ਤੋਂ ਟਰੱਕ ਭੇਜਦਾ ਰਿਹਾ ਹੈ। ਮੋਹਣ ਸਿੰਘ ਪਟਿਆਲਾ ਸ਼ਹਿਰ ਤੋਂ ਪਿੰਡਾਂ ਨੂੰ ਕਣਕ ਤੇ ਮੂੰਜੀ ਦੀ ਉਗਰਾਹੀ ਲਈ ਟਰੱਕ ਭੇਜਦਾ ਰਿਹਾ ਹੈ। ਟਰੱਕ ਹਰਿਆਣੇ ਤੇ ਰਾਜਸਥਾਨ ਦੇ ਇਲਾਕਿਆਂ ਵਿਚ ਵੀ ਜਾਂਦੇ ਰਹੇ। ਪਿੰਡਾਂ ਵਿਚੋਂ ਕੱਪੜੇ ਤੇ ਬਿਸਤਰੇ ਵੀ ਇਕੱਠੇ ਹੁੰਦੇ ਰਹੇ। ਕਿਸੇ ਲੁਟੇਰੇ ਦੇ ਵਿਰੁੱਧ ਅਖ਼ਬਾਰਾਂ ਵਿਚ ਖ਼ਬਰਾਂ ਛਪੀਆਂ ਹੋਣ ਉਨ੍ਹਾਂ ਖ਼ਬਰਾਂ ਦੀ ਪਰਵਾਹ ਉਹ ਨਾ ਕਰੇ ਤੇ ਉਸ ਨੂੰ ਸਿੱਖ-ਪੰਥ ਦੀਆਂ ਸਭ ਤੋਂ ਵੱਡੀਆਂ ਦੋ ਜਥੇਬੰਦੀਆਂ ਦੀਆਂ ਚਿੱਠੀਆਂ ਗਈਆਂ



ਹੋਣ ਤੇ ਉਨ੍ਹਾਂ ਦੀ ਵੀ ਪਰਵਾਹ ਉਹ ਨਾ ਕਰੇ, ਇਹ ਉਸ ਦਾ ਥੋੜ੍ਹਾ ਢੀਠਪਨ ਨਹੀਂ ਹੈ ! ਇੱਥੋਂ ਤਕ ਵੀ ਸੁਣਿਆ ਹੈ ਕਿ ੧੦੦ ਰੁਪਿਆ ਲੈ ਕੇ ਮੋਹਣ ਸਿੰਘ ਲੁਟੇਰਿਆਂ ਨੂੰ ਖੁੱਲ੍ਹ ਦਿੰਦਾ ਰਿਹਾ ਹੈ ਕਿ ਜਾਓ ਇਕ ਟਰੱਕ ਨਾਲ ਜਿੰਨੀ ਮਰਜ਼ੀ ਉਗਰਾਹੀ ਕਰ ਲਵੋ। ਉਸ ਧਾੜਵੀ ਟੋਲੇ ਨੇ ਮੇਰੇ ਕਾਰਜ ਵਿਚ ਜੋ ਵਿਘਨ ਪਾਇਆ ਉਹ ਲੋਕਾਂ ਦੀਆਂ ਅੱਖਾਂ ਖੋਲ੍ਹਣ ਵਾਲਾ ਹੈ। ਪਿੰਗਲਵਾੜਾ ਸੰਸਥਾ ੧੨੫ ਪਾਗਲ ਇਸਤਰੀਆਂ, ੫੦ ਪਾਗਲ ਕੁੜੀਆਂ, ੪੦ ਪਾਗਲ ਮੁੰਡਿਆਂ, ੧੧ ਪੜ੍ਹਨ ਵਾਲੇ ਬੱਚਿਆਂ ਤੇ ੦੭ ਦੁੱਧ 'ਤੇ ਪਲਣ ਵਾਲੇ ਛੋਟੇ ਬੱਚਿਆਂ ਸਮੇਤ ੩੦੦ ਤੋਂ ਵੱਧ ਅਪਾਹਿਜਾਂ ਤੇ ਰੋਗੀਆਂ ਨੂੰ ਸਾਂਭ ਰਹੀ ਹੋਵੇ ਤੇ ਦੇਸ਼ ਦੀ ਸਰਹੱਦ ਉੱਤੇ ੧੧,੦੦੦/- ਰੁਪਏ ਹਰ ਰੋਜ਼ ਦੇ ਖ਼ਰਚ ਨਾਲ ਚਲ ਰਹੀ ਹੋਵੇ, ਉਸ ਦੇ ਦਾਨੀਆਂ ਦੇ ਤਾਣੇ-ਬਾਣੇ ਤੋਂ ਧੋਖੇ ਨਾਲ ਦਾਨ ਲੈਣਾ ਮੋਹਣ ਸਿੰਘ ਦਾ ਇਤਿਹਾਸਕ ਸਮਾਜਿਕ ਅਪਰਾਧ ਹੈ। ਅਜੀਤ, ਅਕਾਲੀ ਪੱਤ੍ਰਿਕਾ ਜਲੰਧਰ ਤੇ ਚੜ੍ਹਦੀ ਕਲਾ, ਰਣਜੀਤ ਪਟਿਆਲਾ, ਚਾਰ ਅਖ਼ਬਾਰਾਂ ਵਿਚ ਵੀ ਮੈਂ ਪਿੰਗਲਵਾੜੇ ਦੇ ਭਗੌੜੇ ਸੇਵਾਦਾਰ ਮੋਹਣ ਸਿੰਘ ਦੇ ਠੱਗੀ ਦੇ ਅੱਡੇ ਵੱਲੋਂ ਲੁੱਟੇ ਜਾ ਰਹੇ ਕਿਸਾਨਾਂ ਬਾਰੇ ਖ਼ਬਰਾਂ ਕਢਾ ਕੇ ਵਾਵੇਲਾ ਕੀਤਾ ਸੀ ਪਰ ਉਹ ਧਾੜਵੀ ਟੋਲੇ ਨੂੰ ਕੋਈ ਡਰ ਉਨ੍ਹਾਂ ਖ਼ਬਰਾਂ ਤੋਂ ਪੈਦਾ ਨਾ ਹੋਇਆ। ਮੋਹਣ ਸਿੰਘ ਮੈਨੂੰ ਲੱਤਾਂ ਤੋੜਨ ਦੇ ਡਰਾਵੇ ਭੇਜਦਾ ਰਿਹਾ, ਇਹ ਡਰਾਵਾ ਵੀ ਉਹ ਭੇਜਦਾ ਰਿਹਾ ਕਿ ਮੈਂ ਭਗਤ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਾਂਗਾ ਪਿੱਛੋਂ ਆਪ ਸੜ ਜਾਵਾਂਗਾ। ਮੋਹਣ ਸਿੰਘ ਨੇ ਜਿਸ ਤਰ੍ਹਾਂ ਪਿੰਗਲਵਾੜੇ ਦੇ ਕਾਰਜ ਵਿਚ ਵਿਘਨ ਪਾਉਣ ਦਾ ਯਤਨ ਕੀਤਾ ਉਸ ਦੀ ਲੰਬੀ ਕਹਾਣੀ ਹੈ। ਉਸ ਦੇ ਸੰਬੰਧ ਵਿਚ ਇਕੋ ਗੱਲ ਕਹੀ ਜਾ ਸਕਦੀ ਹੈ ਕਿ ਬਿਜੜਾ ਜਾਨਵਰ ਤੇ ਬਾਂਦਰ ਦੋਵੇਂ ਰੱਬ ਨੇ ਪੈਦਾ ਕੀਤੇ ਹਨ। ਪ੍ਰਸ਼ਨ ਇਹ ਹੈ ਕਿ ਮੋਹਣ ਸਿੰਘ ਜੈਸੇ ਪਿੰਗਲਵਾੜੇ ਨੂੰ ਢਾਹ ਲਾਉਣ ਵਾਲੇ ਲੁਟੇਰਿਆਂ ਦੇ ਹੱਥ ਕੰਡਿਆਂ ਤੋਂ ਮੈਨੂੰ ਬਚਾਉਣ ਲਈ ਧਰਮੀ ਬੰਦੇ ਤੇ ਖਾਸ ਤੌਰ 'ਤੇ ਗੁਰੂ ਦੇ ਸਿੱਖ ਮੈਨੂੰ ਫ਼ਿਕਰ ਨਾਲ ਦਾਨ ਦੇਣਾ ਆਪਣਾ ਕਰਤੱਵ ਸਮਝਦੇ ਹਨ ਜਾਂ ਨਹੀਂ। ਇਹੋ ਇਕੋ ਸਿੱਖਿਆ ਹੈ ਜੋ ਸਾਨੂੰ ਮੋਹਣ ਸਿੰਘ ਦੀ ਠੱਗੀ ਦੀ ਕਹਾਣੀ ਤੋਂ ਮਿਲਦੀ ਹੈ। ਮਾਂ ਦਾ ਕਰਤੱਵ ਹੁੰਦਾ ਹੈ ਕਿ ਉਹ ਰੋਂਦੇ ਬੱਚੇ ਨੂੰ ਛਾਤੀ ਨਾਲ ਲਾਏ। ਮੈਨੂੰ ਰੱਬ ਨੇ ਬਿਜੜੇ ਵਾਂਙ ਆਲ੍ਹਣਾ ਬਣਾਉਣ ਲਈ ਲਾਇਆ ਸੀ ਤੇ ਮੋਹਣ ਸਿੰਘ ਨੂੰ ਬਾਂਦਰ ਵਾਂਙ ਆਲ੍ਹਣਾ ਤੋੜਣ ਲਈ ਲਾਇਆ। ਇਹ ਰੱਬ ਦੀ ਖੇਡ ਹੈ ਜਿਸ 'ਤੇ ਕੋਈ ਦੁਖ ਨਹੀਂ ਮਨਾਇਆ ਜਾ ਸਕਦਾ। ਦੁੱਖ ਤਾਂ, ਤਾਂ ਮਨਾਇਆ ਜਾ ਸਕਦਾ ਹੈ ਜੇ ਮੈਨੂੰ ਗੁਰੂ ਕੇ ਸਿੱਖ ਦਾਨ ਦੇਣਾ ਆਪਣਾ ਕਰਤੱਵ ਨਾ ਸਮਝਣ। ਜੇ ਦੇਸ਼ ਵਿਚ ਪਾਪ ਜਾਗਦਾ ਹੋਵੇ ਤੇ ਧਰਮ ਸੁੱਤਾ ਪਿਆ ਹੋਵੇ ਤਾਂ ਰੱਬ ਦੀ

ਹੋਂਦ ਹੀ ਸ਼ੱਕ ਵਿਚ ਪੈ ਜਾਂਦੀ ਹੈ । ਪਿੰਗਲਵਾੜਾ ਸੰਸਥਾ ਉਸ ਲੂਲ੍ਹੇ ਤੋਂ ਹੋਂਦ ਵਿਚ ਆਈ ਹੈ ਜਿਸ ਨੂੰ ਸੰਨ ੧੯੩੪ ਵਿਚ ਆਈ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ) ਦੇ ਬੂਹੇ ਅੱਗੇ ਲਾਵਾਰਸੀ ਦੀ ਹਾਲਤ ਵਿਚ ਛੱਡ ਦਿੱਤਾ ਗਿਆ ਸੀ । ਉਸ ਵੇਲੇ ਬੱਚੇ ਦੀ ਉਮਰ ਚਾਰ ਸਾਲ ਦੀ ਸੀ । ਬੱਚਿਆਂ ਦੇ ਕਿਸੇ ਵੀ ਯਤੀਮਖ਼ਾਨੇ ਨੇ ਉਸ ਨੂੰ ਲੂਲ੍ਹਾ ਹੋਣ ਕਾਰਨ ਦਾਖ਼ਲ ਨਹੀਂ ਕੀਤਾ ਸੀ । ਉਸ ਬੱਚੇ ਦੀ ਸੰਭਾਲ ਸਿੱਖ ਸੱਭਿਆਚਾਰ ਦਾ ਇਕ ਜ਼ਰੂਰੀ ਹਿੱਸਾ ਸੀ । ਮੈਂ ੩੦ ਸਾਲ ਦੀ ਉਮਰ ਵਿਚ ਬੱਚੇ ਨੂੰ ਸੰਭਾਲ ਵਿਚ ਲਿਆ ਸੀ । ਸੰਨ ੧੯੯੮ ਦੀ ਆਪਣੀ ੮੪ ਸਾਲ ਦੀ ਉਮਰ ਤਕ ਉਸ ਦੀ ਸੰਭਾਲ ’ਚੋਂ ਪੁੰਗਰੀ ਪਿੰਗਲਵਾੜਾ ਸੰਸਥਾ ਨੂੰ ਆਪਣੇ ਪੈਰਾਂ ’ਤੇ ਖੜ੍ਹਾ ਕਰਨ ਲਈ ਮੈਂ ਜੁੱਟਿਆ ਰਿਹਾ ਹਾਂ । ਮੈਂ ਇਸ ਕਾਰਜ ਨੂੰ ਮੋਹਣ ਸਿੰਘ ਜੈਸੇ ਲਾਲਚੀ ਬੰਦਿਆਂ ਨੂੰ ਦਾਨ ਦੀ ਉਗਰਾਹੀ ਲਈ ਨੌਕਰ ਰੱਖ ਕੇ ਕਰਨਾ ਆਰੰਭ ਕੀਤਾ ਸੀ, ਪਰ ਉਨ੍ਹਾਂ ਦੇ ਹਿਰਦਿਆਂ ਵਿਚ ਸਤਿ, ਸੰਤੋਖ ਅਤੇ ਦਇਆ ਦੇ ਗੁਣ ਨਹੀਂ ਵੱਸੇ ਹੋਏ ਸਨ । ਇਸ ਲਈ ਉਹ ਉਸ ਦਾਨ ਨੂੰ ਠੱਗੀ ਨਾਲ ਆਪਣੇ ਘਰਾਂ ਲਈ ਇਕੱਠਾ ਕਰਨ ਲੱਗ ਪਏ ਜਿਹੜਾ ਉਨ੍ਹਾਂ ਨੇ ਪਿੰਗਲਵਾੜੇ ਲਈ ਇਕੱਠਾ ਕਰਨਾ ਸੀ । ਇਹ ਕਾਰਜ ਤਾਂ ਹੀ ਸਫਲਤਾ ਨਾਲ ਚੱਲ ਸਕਦਾ ਹੈ ਜੇ ਹਰ ਗੁਰਸਿੱਖ ਇਸ ਕਾਰਜ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦਾ ਕਾਰਜ ਸਮਝਦਾ ਹੋਇਆ ਇਸ ਨੂੰ ਦਾਨ ਭੇਜਣ ਦਾ ਫ਼ਿਕਰ ਕਰੇ । ਦੇਸ਼ ਦੇ ਹਰ ਗੁਰਦੁਆਰੇ ਦਾ ਗ੍ਰੰਥੀ ਸੰਗਰਾਂਦ, ਮੱਸਿਆ ਵਾਲੇ ਦਿਨ ਸੰਗਤਾਂ ਤੋਂ ਪਿੰਗਲਵਾੜੇ ਲਈ ਉਗਰਾਹੀ ਕਰੇ ।

੧ੴ ਸਤਿਗੁਰ ਪ੍ਰਸਾਦਿ ॥

## ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਨੰਬਰ ੮੭/੪੦੫੩/੮-੭

ਮੈਨੇਜਰ ਸਾਹਿਬ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ

ਸ੍ਰੀ ਅੰਮ੍ਰਿਤਸਰ ੪-੧੦-੧੯੮੩

ਪ੍ਰਯੋਜਨ :- ਭਾਈ ਮੋਹਣ ਸਿੰਘ ਰਹਿ ਚੁੱਕਿਆ ਸੇਵਾਦਾਰ ਪਿੰਗਲਵਾੜਾ ਵਿਰੁੱਧ ਸ਼ਿਕਾਇਤ

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਸਾਹਿਬ ਵੱਲੋਂ ਇਕ ਪੱਤ੍ਰਿਕਾ ਆਪ ਨੂੰ ਭੇਜੀ ਗਈ ਸੀ, ਜਿਸ ਵਿਚ ਭਾਈ ਮੋਹਣ ਸਿੰਘ ਵਿਰੁੱਧ ਲੋੜੀਂਦੀ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ; ਪ੍ਰੰਤੂ ਅਜੇ ਤਕ ਉਹ ਦਫ਼ਤਰ



ਸ਼੍ਰੋਮਣੀ ਅਕਾਲੀ ਦਲ ਵਿਖੇ ਪੇਸ਼ ਨਹੀਂ ਹੋਏ । ਉਨ੍ਹਾਂ ਲਈ ਇਹ ਗੱਲ ਉਚਿਤ ਨਹੀਂ ।

ਸ਼ਿਕਾਇਤ ਮਿਲੀ ਹੈ ਕਿ ਭਾਈ ਮੋਹਣ ਸਿੰਘ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਨੂੰ ਇਸ ਅਵਸਥਾ ਵਿਚ ਤੰਗ ਕਰ ਰਿਹਾ ਹੈ (ਉਨ੍ਹਾਂ ਦੀ ੮੧ ਸਾਲ ਦੀ ਉਮਰ ਵਿਚ)। ਉਹ ਅਤੇ ਉਸ ਦਾ ਪੁੱਤਰ ਭਾਈ ਬਲਬੀਰ ਸਿੰਘ ਪਿੰਗਲਵਾੜੇ ਦੇ ਨਾਮ ’ਤੇ ਰਸੀਦ ਬੁੱਕਾਂ ਰਾਹੀਂ ਉਗਰਾਹੀ ਕਰ ਰਿਹਾ ਹੈ । ਭਗਤ ਜੀ ਨੇ ਇਸ਼ਤਿਹਾਰ ਵੀ ਕਢਵਾ ਦਿੱਤਾ ਹੈ ਪ੍ਰੰਤੂ ਉਹ ਨਾ ਰਸੀਦ ਬੁੱਕਾਂ ਵਾਪਸ ਕਰ ਰਿਹਾ ਹੈ ਅਤੇ ਨਾ ਹੀ ਹਿਸਾਬ ਦੇ ਰਿਹਾ ਹੈ । ਇਹ ਭੀ ਸ਼ਿਕਾਇਤ ਮਿਲੀ ਹੈ ਕਿ ਉਸ ਨੇ ‘ਪਿੰਗਲਾ-ਆਸ਼ਰਮ’ ਦੇ ਨਾਮ ’ਤੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਬਕਸੇ ਰੱਖ ਦਿੱਤੇ ਹਨ ਤੇ ਉਗਰਾਹੀ ਕਰ ਰਿਹਾ ਹੈ । ਉਸ ਨੂੰ ਅਜਿਹਾ ਕਰਨ ਦੀ ਕਦਾਚਿਤ ਆਗਿਆ ਨਹੀਂ ਹੋਣੀ ਚਾਹੀਦੀ , ਪਿੰਗਲਵਾੜੇ ਦੇ ਜਿਸ ਮੁਲਾਜ਼ਮ ਵਿਰੁੱਧ ਭਗਤ ਪੂਰਨ ਸਿੰਘ ਜੀ ਗਬਨ ਦੇ ਦੂਸ਼ਣ ਲਗਾ ਰਹੇ ਹੋਣ ਉਸ ਦੀ ਸਰਪ੍ਰਸਤੀ ਸਿੱਖ ਸਮਾਜ ਵੱਲੋਂ ਕਦਾਚਿਤ ਨਹੀਂ ਕੀਤੀ ਜਾਣੀ ਚਾਹੀਦੀ । ਇਸ ਲਈ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਉਸ ਵੱਲੋਂ ਬਕਸੇ ਰੱਖਣਾ ਉਚਿਤ ਨਹੀਂ ਹੈ । ਇਹ ਬਕਸੇ ਤੁਰੰਤ ਹੀ ਚੁਕਵਾ ਦਿੱਤੇ ਜਾਣ ਅਤੇ ਅਜਿਹਾ ਕਰਕੇ ਸੂਚਨਾ ਇਸ ਦਫ਼ਤਰ ਨੂੰ ਭੇਜ ਦਿੱਤੀ ਜਾਵੇ ਤਾਂ ਜੋ ਭਗਤ ਪੂਰਨ ਸਿੰਘ ਜੀ ਦਾ ਮਨ ਸ਼ਾਂਤ ਕੀਤਾ ਜਾ ਸਕੇ । ਉੱਤਰ ਤੁਰੰਤ ਹੀ ਭੇਜਣ ਦੀ ਖੇਚਲ ਕਰਨੀ ।

ਸਹੀ/— ਭਾਨ ਸਿੰਘ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

ਇਸ ਕਿਤਾਬਚੇ ਵਿਚ ਮੈਂ ਡੈਨਮਾਰਕ ਦੇਸ਼ ਦੇ ਡਾਕੀਏ ਹੋਲਬੋਇਲ ਦੀ ਕਹਾਣੀ ਦਿੱਤੀ ਹੈ ਜਿਸ ਨੇ ਤਪਦਿਕ ਦੀਆਂ ਟਿਕਟਾਂ ਦੀ ਕਾਢ ਕੱਢੀ ਸੀ । ਇਕ ਡਾਕੀਏ ਨੇ ਆਪਣੇ ਦੇਸ਼ ਦੇ ਹੱਡੀ ਦੇ ਤਪਦਿਕ ਦੇ ਰੋਗ ਵਾਲੇ ਬੱਚਿਆਂ ਦੀ ਮੁਸੀਬਤ ਨੂੰ ਦੇਖਿਆ ਜਿਹੜੇ ਆਪਣੇ ਇਲਾਜ ਲਈ ਹਸਪਤਾਲਾਂ ਵਿਚ ਦਾਖ਼ਲ ਹੋਣ ਦੇ ਅਧਿਕਾਰੀ ਸਨ ਪਰ ਹਸਪਤਾਲਾਂ ਵਿਚ ਉਨ੍ਹਾਂ ਲਈ ਜਗ੍ਹਾ ਨਹੀਂ ਸੀ । ਉਸ ਨੇ ਸੋਚਿਆ ਕਿ ਕਿਸੇ ਦੇਸ਼ ਦੇ ਬੱਚਿਆਂ ਨੂੰ ਜੇ ਇਲਾਜ ਲਈ ਹਸਪਤਾਲਾਂ ਵਿਚ ਜਗ੍ਹਾ ਨਾ ਮਿਲੇ ਤਾਂ ਉਸ ਦੇਸ਼ ਲਈ ਬੜੀ ਨਮੋਸ਼ੀ ਦੀ ਗੱਲ ਹੈ । ਇਸ ਲਈ ਉਸ ਨੇ ਇਹ ਵੀ ਸੋਚਿਆ ਕਿ ਇਹ ਕੰਮ ਇੰਨਾ ਜ਼ਰੂਰੀ ਹੈ ਕਿ ਇਸ ਨੂੰ ਕਰਨ ਲਈ ਜਨਤਾ ਦੇ ਮਿਲਵਰਤਣ ਨਾਲ ਜੇਕਰ ਕੋਈ ਰਾਹ ਨਿਕਲ ਸਕਦਾ ਹੋਵੇ ਤਾਂ ਕਰਨਾ ਚਾਹੀਦਾ ਹੈ । ਇਤਫ਼ਾਕ ਦੀ ਗੱਲ ਸੀ ਕਿ ਇਹ ਸਮੱਸਿਆ ਉਸ ਦੇ ਅੱਗੇ ਈਸਾ ਮਸੀਹ ਦੇ ਜਨਮ-ਦਿਨ ਦੇ ਕਾਰਨ

ਆਏ ਹੋਏ ਅਨੇਕਾਂ ਪਾਰਸਲਾਂ ’ਤੇ ਲੱਗੇ ਹੋਏ ਟਿਕਟਾਂ ਨੂੰ ਦੇਖ ਕੇ ਉਸ ਦੇਸ਼ ਦੇ ਹਰ ਬੰਦੇ ਨੂੰ ਬੱਚਿਆਂ ਦੇ ਇਕ ਬਹੁਤ ਵੱਡੇ ਹਸਪਤਾਲ ਦੀ ਇਮਾਰਤ ਦੀ ਉਸਾਰੀ ਤੇ ਉਸ ਦੇ ਦਿਨ-ਪ੍ਰਤੀ-ਦਿਨ ਦੇ ਖ਼ਰਚਾਂ ਲਈ ਬਹੁਤ ਥੋੜ੍ਹੇ ਜਿੰਨੇ ਪੈਸੇ ਦੇਣ ਦਾ ਅਵਸਰ ਮਿਲਿਆ ਤੇ ਜਨਤਾ ਦੇ ਸਾਂਝੇ ਉੱਦਮ ਨੇ ਉਹ ਕੰਮ ਕਰ ਦਿਖਾਇਆ ਜਿਹੜਾ ਸਰਕਾਰ ਨਹੀਂ ਕਰ ਸਕੀ ਸੀ ।

ਪਿੰਗਲਵਾੜੇ ਦੇ ਕਾਰਜ ਨੂੰ ਮੈਂ ਅੰਮ੍ਰਿਤਸਰ ਦੀਆਂ ਸੜਕਾਂ ਦੇ ਕੰਢਿਆਂ ’ਤੇ ਸ਼ੁਰੂ ਕੀਤਾ ਸੀ । ਲੰਘ ਰਹੇ ਸਾਲ ਸੰਨ ੧੯੮੮ ਵਿਚ ਇਸ ਕਾਰਜ ਦਾ ਖ਼ਰਚ ਗਿਆਰਾਂ ਹਜ਼ਾਰ ਰੁਪਏ ਰੋਜ਼ ਦਾ ਹੈ । ਡਾਕੀਏ ਦੀਆਂ ਡਾਕਖ਼ਾਨੇ ਦੀਆਂ ਟਿਕਟਾਂ ਵਾਂਗ ਮੈਨੂੰ ਆਪਣੇ ਪਹਾੜ ਜਿੱਡੇ ਕਾਰਜ ਲਈ ਦੇਸ਼ ਦੀ ਸਰਹੱਦ ਦੇ ਸ਼ਹਿਰ ਤੇ ਹਰ ਬੰਦੇ ਪਾਸੋਂ ਸਹਾਇਤਾ ਲੈਣ ਲਈ ਬੱਸਾਂ ਤੇ ਬਾਜ਼ਾਰਾਂ ਵਿਚ ਡੱਬੇ ਨਾਲ ਦਾਨ ਇਕੱਠਾ ਕਰਨ ਦਾ ਰਾਹ ਸੁੱਝਿਆ ਸੀ । ਡੈਨਮਾਰਕ ਦੇਸ਼ ਦੇ ਡਾਕਖ਼ਾਨਿਆਂ ਨੂੰ ਬਾਦਸ਼ਾਹ ਵੱਲੋਂ ਇਕੋ ਟਿਕਟ ਸੇਵਾ ਭਾਵਨਾ ਨਾਲ ਵੇਚਣ ਦੀ ਆਗਿਆ ਮਿਲੀ ਸੀ ਕਿਉਂਕਿ ਜਿਸ ਕੰਮ ਨੂੰ ਸਰਕਾਰ ਨਹੀਂ ਕਰ ਸਕੀ ਸੀ, ਉਸ ਕੰਮ ਨੂੰ ਜਨਤਾ ਦੀ ਪੰਜੀ-ਪੰਜੀ ਨੇ ਸਿਰੇ ਚਾੜ੍ਹਨਾ ਸੀ । ਜੇ ਕਈ ਜਣੇ ਇਸ ਕੰਮ ਨੂੰ ਕਰਨ ਲਈ ਖੜ੍ਹੇ ਹੋ ਜਾਂਦੇ ਤਾਂ ਨਾ ਹਸਪਤਾਲ ਬਣਨਾ ਸੀ ਤੇ ਨਾ ਹੀ ਕਿਸੇ ਬਣੇ ਹੋਏ ਹਸਪਤਾਲ ਦਾ ਖ਼ਰਚ ਚਲਣਾ ਸੀ । ਮੈਨੂੰ ਸੜਕਾਂ ਦੇ ਕੰਢੇ ’ਤੇ ਇਸ ਕਾਰਜ ਨੂੰ ਆਰੰਭ ਕਰਕੇ ਜੋ ਡੱਬਿਆਂ ਨਾਲ ਬੱਸਾਂ ਤੇ ਬਾਜ਼ਾਰਾਂ ਵਿਚ ਦਾਨ ਇਕੱਠਾ ਕਰਨ ਦਾ ਰਾਹ ਸੁੱਝਿਆ ਸੀ, ਉਸ ਰਾਹ ਨੂੰ ਕਈ ਲੁਟੇਰੇ ਤੇ ਪਾਖੰਡੀ ਫੜ ਚੁੱਕੇ ਹਨ । ਲੁਟੇਰੇ ਨਾ ਕੇਵਲ ਜਨਤਾ ਨੂੰ ਲੁੱਟ ਰਹੇ ਹਨ ਤੇ ਪਿੰਗਲਵਾੜੇ ਦੀ ਦਾਨ ਦੀ ਆਮਦਨ ਨੂੰ ਢਾਹ ਵੀ ਲਾ ਰਹੇ ਹਨ ਬਲਕਿ ਰੋਗੀਆਂ ਦੀ ਸੇਵਾ-ਸੰਭਾਲ ਦੀ ਯੋਜਨਾ ਵਿਚ ਭਾਰਾ ਵਿਘਨ ਪਾ ਰਹੇ ਹਨ ।

## ਜਸਵੰਤ ਸਿੰਘ ਲੁਟੇਰਾ

ਜਸਵੰਤ ਸਿੰਘ ਨਾਮ ਦਾ ਇਕ ਬੰਦਾ ਕਈ ਸਾਲ ਪਹਿਲਾਂ ਪਿੰਗਲਵਾੜੇ ਦਾ ਸੇਵਾਦਾਰ ਰਿਹਾ ਸੀ । ਮੋਹਣ ਸਿੰਘ ਦੀ ਲੁੱਟ ਨੂੰ ਦੇਖ ਕੇ ਉਸ ਦੇ ਮੂੰਹ ਵਿਚ ਵੀ ਪਾਣੀ ਭਰ ਆਇਆ । ਉਸ ਨੇ ਪਿੰਗਲਵਾੜੇ ਦੀ ਦਾਨ ਇਕੱਠਾ ਕਰਨ ਦੀ ਸੇਵਾ ਇਕ ਸਾਲ ਤੋਂ ਵੱਧ ਸਮਾਂ ਨਹੀਂ ਕੀਤੀ ਸੀ, ਪਰ ਉਹ ਤਾਂ ਆਪਣੀ ਲੁੱਟ ਵਿਚ ਮੋਹਣ ਸਿੰਘ ਨੂੰ ਵੀ ਪਿੱਛੇ ਛੱਡ ਗਿਆ । ਉਸ ਦੀਆਂ ਚਾਰ ਪਹੀਆਂ ਵਾਲੀਆਂ ਰੇੜ੍ਹੀਆਂ ਆਟਾ ਇਕੱਠਾ ਕਰਨ ਤੇ ਡੱਬਿਆਂ ਵਿਚ ਪੈਸੇ ਪੁਆਉਣ ਲਈ ਜਲੰਧਰ ਸ਼ਹਿਰ ਦੇ ਗਲੀਆਂ-ਮੁਹੱਲਿਆਂ ਤੇ ਬਾਜ਼ਾਰਾਂ ਵਿਚ ਫਿਰਦੀਆਂ ਰਹੀਆਂ ਸਨ । ਜਿਹੜਾ ਮੈਂ ਗਲੀਆਂ, ਬਾਜ਼ਾਰਾਂ ਤੇ ਬੱਸਾਂ ਦੇ ਅੱਡਿਆਂ ’ਤੇ ਡੱਬੇ ਨਾਲ ਪੈਸੇ ਇਕੱਠੇ ਕਰਨ ਦਾ ਰਿਵਾਜ ਚਲਾਇਆ ਹੈ ਉਸ ਰਿਵਾਜ ਤੋਂ ਅਨੇਕਾਂ ਠੱਗਾਂ ਨੂੰ ਜਨਤਾ ਨੂੰ ਠੱਗਣ ਦਾ ਰਾਹ ਲੱਭ ਪਿਆ । ਉਸ



ਨੇ ਡੱਬੇ ਦੇ ਕੇ ਸ਼ਹਿਰਾਂ ਵਿਚ ਬੰਦੇ ਛੱਡੇ ਹੋਏ ਹਨ । ਉਸ ਦਾ ਜਵਾਨ ਪੁੱਤ ਤੇ ਉਹ ਆਪ ਵੀ ਬੱਸਾਂ ਦੇ ਅੱਡਿਆਂ, ਰੇਲ ਗੱਡੀਆਂ ਤੇ ਬਾਜ਼ਾਰਾਂ ਵਿਚ ਦਾਨ ਇਕੱਠਾ ਕਰਦੇ ਹਨ । ਸੁਣਿਆ ਹੈ ਕਿ ਉਹ ਪੰਜ ਰੁਪਏ ਡੱਬੇ ਵਾਲੇ ਕੋਲੋਂ ਲੈ ਕੇ ਡੱਬੇ ਵਾਲੇ ਨੂੰ ਛੁੱਟੀ ਦੇ ਦਿੰਦਾ ਹੈ ਕਿ ਡੱਬਾ ਫੇਰਨ ਵਾਲਾ ਬੰਦਾ ਇਕ ਦਿਨ ਵਿਚ ਜਿੰਨਾ ਮਰਜ਼ੀ ਦਾਨ ਇਕੱਠਾ ਕਰੇ । ਸੁਣਨ ਵਿਚ ਆਇਆ ਸੀ ਕਿ ਉਸ ਨੇ ੪੦ ਬੰਦੇ ਡੱਬਿਆਂ ਵਾਲੇ ਦਾਨ ਇਕੱਠਾ ਕਰਨ ਲਈ ਛੱਡੇ ਹੋਏ ਹਨ । ਪਟਿਆਲੇ ਵਾਲਾ ਮੋਹਣ ਸਿੰਘ ਵੀਹ ਰੁਪਏ ਰੋਜ਼ ਦੇ ਹਿਸਾਬ ਨਾਲ ਲੈ ਕੇ ਡੱਬੇ ਵਾਲੇ ਨੂੰ ਦਾਨ ਇਕੱਠਾ ਕਰਨ ਦੀ ਆਗਿਆ ਦਿੰਦਾ ਰਿਹਾ ਹੈ ਤੇ ੧੦੦ ਰੁਪਿਆ ਹਰ ਰੋਜ਼ ਟਰੱਕ ਵਾਲੇ ਤੋਂ ਲੈ ਕੇ ਪਿੰਡਾਂ ਵਿਚੋਂ ਜਿਣਸਾਂ ਇਕੱਠਿਆਂ ਕਰਨ ਦੀ ਲੁਟੇਰਿਆਂ ਨੂੰ ਆਗਿਆ ਦਿੰਦਾ ਰਿਹਾ । ਦਸਾਂ ਸਾਲਾਂ ਤੋਂ ਮੋਹਣ ਸਿੰਘ ਦੀ ਲੁੱਟ ਚਲ ਰਹੀ ਹੈ ਤੇ ਹੋਰ ਕੁਕਰਮ ਵੀ ਹੋ ਰਹੇ ਹਨ । ਨੌਜਵਾਨ ਇਸਤਰੀਆਂ ਦੀਆਂ ਇੱਜ਼ਤਾਂ ਨੂੰ ਉਸ ਨੇ ਖ਼ਤਰੇ ਵਿਚ ਪਾਇਆ । ਪਿੰਗਲਵਾੜੇ ਦੇ ਰੋਗੀਆਂ ਦੇ ਇਲਾਜ ਤੇ ਸੇਵਾ-ਸੰਭਾਲ ਦੇ ਕੰਮ ਦੀ ਯੋਜਨਾ ਨੂੰ ਉਸ ਨੇ ਪੈਰਾਂ ਹੇਠ ਲਿਤਾੜਿਆ ।

ਸੰਨ ੧੯੯੦ ਦੇ ਆਰੰਭ ਵਿਚ ਮੈਂ ਮੋਹਣ ਸਿੰਘ ਦਾ ਡੇਰਾ ਦੇਖਣ ਗਿਆ ਸਾਂ । ਉਸ ਦੇ ਡੇਰੇ ਵਿਚ ੨੫ ਪਾਗਲ ਮਰਦ ਸਨ ਤੇ ੧੫ ਪਾਗਲ ਇਸਤਰੀਆਂ ਸਨ । ਮਰਦਾਂ ਵਿਚ ਤਿੰਨਾਂ ਚੌਹਾਂ ਦੇ ਕੱਪੜੇ ਹੋਣਗੇ ਬਾਕੀ ਸਭ ਅਲਫ ਨੰਗੇ ਸਨ । ਇਸਤਰੀਆਂ ਵਿਚ ਇਕ ੧੩ ਕੁ ਸਾਲ ਦੀ ਕੁੜੀ ਸੀ ਜਿਹੜੀ ਬਹੁਤ ਖ਼ੂਬਸੂਰਤ ਸੀ । ਇਕ ੯ ਕੁ ਸਾਲ ਦੀ ਕੁੜੀ ਸੀ ਜਿਹੜੀ ਅਲਫ ਨੰਗੀ ਬੈਠੀ ਸੀ । ਜਦ ਮੈਂ ਪੁੱਛਿਆ ਕਿ ਤੁਸੀਂ ਇਨ੍ਹਾਂ ਨੂੰ ਕੱਪੜੇ ਕਿਉਂ ਨਹੀਂ ਪਹਿਨਾਏ ਤਾਂ ਮੋਹਣ ਸਿੰਘ ਦੇ ਬੰਦਿਆਂ ਨੇ ਜਵਾਬ ਦਿੱਤਾ ਕਿ ਇਹ ਪਾਗਲ ਕੱਪੜੇ ਪਾੜ ਦਿੰਦੇ ਹਨ ।

ਸੰਨ ੧੯੯੦ ਦੀ ਇਸ ਲਿਖਤ ਦੇ ਸਮੇਂ ਪਿੰਗਲਵਾੜਾ ਅੰਮ੍ਰਿਤਸਰ ਵਿਚ ੪੫ ਪਾਗਲ ਮੁੰਡੇ, ੫੨ ਪਾਗਲ ਕੁੜੀਆਂ, ੧੨੭ ਪਾਗਲ ਇਸਤਰੀਆਂ ਹਨ ।

ਮੋਹਣ ਸਿੰਘ ਦੇ ਡੇਰੇ ਵਿਚ ੯ ਸਾਲ ਦੀ ਕੁੜੀ ਦਾ ਨੰਗਾ ਹੋਣਾ ਬਹੁਤ ਬੁਰਾ ਸੀ । ਕੁੜੀਆਂ ਤੇ ਇਸਤਰੀਆਂ ਦੀ ਗਿਣਤੀ ਪੰਦਰਾਂ ਸੀ ਪਰ ਇਨ੍ਹਾਂ ਵਾਸਤੇ ਕੋਈ ਇਸਤਰੀ ਸੇਵਾਦਾਰ ਨਹੀਂ ਸੀ । ਮੈਂ ਪੁੱਛਿਆ ਕੋਈ ਇਸਤਰੀ ਸੇਵਾਦਾਰ ਹੈ ਕਿ ਨਹੀਂ ? ਉਸ ਦੇ ਬੰਦੇ ਬੋਲੇ, ‘ਹਾਂ’ ਇਕ ਇਸਤਰੀ ਸੇਵਾਦਾਰ ਤਾਂ ਹੈ ਪਰ ਉਹ ਸ਼ਹਿਰ ਨੂੰ ਗਈ ਹੋਈ ਹੈ । ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਕੱਲੀ ਇਸਤਰੀ ੨੪ ਘੰਟੇ ਸੇਵਾ ਕਰ ਸਕਦੀ ਹੈ ? ਅੱਠ ਘੰਟੇ ਦੀ ਡਿਊਟੀ ਹੋਣੀ ਚਾਹੀਦੀ ਹੈ ਤੇ ਘੱਟੋ ਘੱਟ ਤਿੰਨ ਸੇਵਾਦਾਰਨੀਆਂ ਚਾਹੀਦੀਆਂ ਹੁੰਦੀਆਂ ਹਨ । ਕਿਸੇ ਨੇ ਮਹੀਨੇ ਪਿੱਛੋਂ ਦੋ ਤਿੰਨ ਦਿਨ ਛੁੱਟੀ ਵੀ ਜਾਣਾ ਹੁੰਦਾ ਹੈ ।

ਕਿਸੇ ਸੇਵਾਦਾਰਨੀ ਨੂੰ ਦਸ-ਦਸ ਦਿਨ, ਵੀਹ-ਵੀਹ ਦਿਨ ਵੀ ਛੁੱਟੀ ਜਾਣਾ ਪੈਂਦਾ ਹੈ । ਮਹੀਨੇ ਵਿਚ ਤਿੰਨ ਚਾਰ ਦਿਨ ਛੁੱਟੀ ਆਮ ਦੇਣੀ ਪੈਂਦੀ ਹੈ । ਉਨ੍ਹਾਂ ਪਾਗਲ ਇਸਤਰੀਆਂ ਤੇ ਮਰਦਾਂ ਵਿਚੋਂ ਬਹੁਤਿਆਂ ਨੂੰ ਸੰਗਲਾਂ ਨਾਲ ਬੰਨ੍ਹਿਆਂ ਹੋਇਆ ਸੀ । ਪਾਗਲ ਮਰਦ ਨੰਗੇ ਵੀ ਸਨ । ਸੰਨ ੧੯੩੧ ਵਿਚ ਮੈਂ ਅੰਮ੍ਰਿਤਸਰ ਦੀ ਕੋਤਵਾਲੀ ਦੀ ਹਵਾਲਾਤ ਵਿਚ ੧੧ ਦਿਨ ਰਿਹਾ ਸੀ । ਹਵਾਲਾਤ ਵਿਚ ਮੈਂ ਕਿਸੇ ਸੰਗਲ ਨਾਲ ਬੱਧਾ ਨਹੀਂ ਸੀ, ਤੁਰਦਾ-ਫਿਰਦਾ ਰਹਿੰਦਾ ਸਾਂ । ਜਿਸ ਦਿਨ ਮੈਂ ਹਵਾਲਾਤ ਤੋਂ ਬਾਹਰ ਨਿਕਲਿਆ ਸਾਂ; ਮੇਰੀਆਂ ਲੱਤਾਂ ਵਿਚ ਦਰਦ ਹੋ ਰਿਹਾ ਸੀ । ਸਾਡੇ ਪਿੰਗਲਵਾੜੇ ਦੇ ਪਾਗਲਾਂ ਵਿਚੋਂ ਕਿਸੇ ਵਿਰਲੇ ਨੂੰ ਹੀ ਸੰਗਲ ਮਾਰਿਆ ਜਾਂਦਾ ਹੈ । ਉਹ ਵੀ ਤਾਂ ਮਾਰਿਆ ਜਾਂਦਾ ਹੈ, ਜੇ ਫ਼ਰਜ਼ ਕਰੋ ਐਤਵਾਰ ਵਾਲੇ ਦਿਨ ਕਿਸੇ ਪਾਗਲ ਨੂੰ ਦਾਖ਼ਲ ਕੀਤਾ ਜਾਵੇ ਤੇ ਉਹ ਮਾਰ-ਕੁਟਾਈ ਕਰਨ ਵਾਲਾ ਹੋਵੇ, ਤਾਂ ਉਸ ਨੂੰ ਐਤਵਾਰ ਵਾਲੇ ਦਿਨ ਹੀ ਸੰਗਲ ਮਾਰਿਆ ਜਾਂਦਾ ਹੈ । ਸੋਮਵਾਰ ਨੂੰ ਬਿਜਲੀ ਦਾ ਝਟਕਾ ਲੱਗਣ ਪਿੱਛੋਂ ਉਸ ਨੂੰ ਸੰਗਲ ਨਹੀਂ ਮਾਰਿਆ ਜਾਂਦਾ ਕਿਉਂਕਿ ਉਸ ਨੂੰ ਥੋੜ੍ਹੀ ਸੁਰਤ ਆ ਜਾਂਦੀ ਹੈ । ਸਾਡੀਆਂ ਪਾਗਲਾਂ ਦੀਆਂ ਜਿੰਨੀਆਂ ਵਾਰਡਾਂ ਹਨ ਉਨ੍ਹਾਂ ਸਭ ਦੀ ਵਲਗਣ ਹੋਈ ਹੋਣੀ ਹੈ ਤੇ ਉਨ੍ਹਾਂ ਦਰਵਾਜ਼ਿਆਂ ਤੇ ੨੪ ਘੰਟੇ ਰਾਤ-ਦਿਨ ਪਹਿਰਾ ਰਹਿੰਦਾ ਹੈ ।

ਦੋ ਕੁ ਸਾਲ ਦਾ ਸਮਾਂ ਹੋਇਆ, ਪਟਿਆਲਾ ਸ਼ਹਿਰ ਦੇ ਅੱਡੇ ਨਾਲ ਲੱਗਦੇ ਬਾਜ਼ਾਰ ਵਿਚ ਇਕ ਜਵਾਨ ਪਾਗਲ ਫਿਰ ਰਿਹਾ ਸੀ ਜਿਹੜਾ ਲੋਕਾਂ ਨੂੰ ਇੱਟਾਂ ਮਾਰ ਰਿਹਾ ਸੀ । ਮੋਹਣ ਸਿੰਘ ਨੇ ਪਾਗਲ ਮਰਦ ਇਕੱਠੇ ਕੀਤੇ ਹੋਏ ਹਨ ਪਰ ਉਸ ਦੇ ਡੇਰੇ ਦੇ ਆਲੇ-ਦੁਆਲੇ ਵਲਗਣ ਕੋਈ ਨਹੀਂ ਜਿਸ ਦਾ ਦਰਵਾਜ਼ਾ ਬੰਦ ਕੀਤਾ ਜਾ ਸਕਦਾ ਹੈ ਤੇ ਚੌਂਕੀਦਾਰ ਖੜ੍ਹਾ ਕੀਤਾ ਜਾ ਸਕਦਾ ਹੈ ਪਰ ਉਸ ਨੂੰ ਪਾਗਲ ਤਾਂ ਇਕੱਠੇ ਕਰਨੇ ਚਾਹੀਦੇ ਸੀ ਜੇਕਰ ਉਸ ਦੇ ਆਸ਼ਰਮ ਦੇ ਆਲੇ-ਦੁਆਲੇ ਕੰਧ ਹੁੰਦੀ, ਪਹਿਰੇਦਾਰ ਹੁੰਦਾ ।

ਮੈਂ ਪਿੱਛੇ ਲਿਖਿਆ ਹੈ ਕਿ ਹਿੰਦੁਸਤਾਨ ਦੇ ਪਾਗਲਖ਼ਾਨਿਆਂ ਵਿਚ ਕੇਵਲ ੨੨੦੦੦ ਪਾਗਲ ਮਰਦ-ਇਸਤਰੀਆਂ ਨੂੰ ਦਾਖ਼ਲ ਕਰਨ ਦੀ ਜਗ੍ਹਾ ਵੀ ਨਹੀਂ ਹੈ । ਪਰ, ਭਾਰਤ ਵਿਚ ਪਾਗਲਾਂ ਦੀ ਗਿਣਤੀ ਇਕ ਕਰੋੜ ਸੱਠ ਲੱਖ ਦੇ ਕਰੀਬ ਹੈ । ਇਨ੍ਹਾਂ ਵਿਚੋਂ ੮੦ ਹਜ਼ਾਰ ਦੀ ਹਾਲਤ ਬਹੁਤ ਗੰਭੀਰ ਹੈ । ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਭਾਰਤ ਵਿਚ ਅਪਾਹਿਜਾਂ ਨੂੰ ਸਾਂਭਣ ਵਾਲੇ ੩੫ ਆਸ਼ਰਮ ਹਨ ਜਿਨ੍ਹਾਂ ਵਿਚੋਂ ਇਕ ਦੀ ਦਾਨ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਹੈ ਅਰਥਾਤ ੨੫੦ ਰੁਪਏ ਰੋਜ਼ ਦੀ ਤੇ ੩੪ ਆਸ਼ਰਮਾਂ ਦੀ ਆਮਦਨ ੫੦ ਹਜ਼ਾਰ ਰੁਪਏ ਸਾਲਾਨਾ ਹਰੇਕ ਦੀ ਹੈ ਅਰਥਾਤ ੧੨੫ ਰੁਪਏ ਰੋਜ਼ । ਉਹ ਸਾਰੇ ਆਸ਼ਰਮ ਦੇਸ਼ ਦੇ ਅੰਦਰ ਹਨ । ਕੋਈ ਕਾਨਪੁਰ ਹੈ, ਕੋਈ ਬਰੇਲੀ ਜਾਂ ਕੋਈ ਦੇਸ਼ ਦੇ ਕਿਸੇ ਹੋਰ ਅੰਦਰਲੇ ਵੱਡੇ ਸ਼ਹਿਰ ਵਿਚ ।



ਪਰ, ਪਿੰਗਲਵਾੜਾ ਦੇਸ਼ ਦੀ ਸਰਹੱਦ 'ਤੇ ਹੈ । ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਾਗਲ ਮਰਦ ਇਕੱਠੇ ਕੀਤੇ ਜਾਣ ਜਾਂ ਪਾਗਲ ਨੌਜਵਾਨ ਇਸਤਰੀਆਂ ਤੇ ਕੁੜੀਆਂ । ਮੈਂ ਉੱਪਰ ਲਿਖਿਆ ਹੈ ਕਿ ਮੈਂ ੧੧ ਦਿਨ ਹਵਾਲਾਤ ਰਿਹਾ ਸੀ ਤਾਂ ਲੱਤਾਂ ਦਰਦ ਕਰਨ ਲੱਗ ਪਈਆਂ ਸਨ । ਪਰ ਜਿਨ੍ਹਾਂ ਪਾਗਲ ਮਰਦ-ਇਸਤਰੀਆਂ ਨੂੰ ਮੋਹਣ ਸਿੰਘ ਇਸ ਲਈ ਸੰਗਲ ਲਾ ਕੇ ਰੱਖਦਾ ਹੈ ਕਿਉਂਕਿ ਉਸ ਦੇ ਡੇਰੇ ਦੇ ਆਲੇ-ਦੁਆਲੇ ਵਲਗਣ ਨਹੀਂ, ਉਨ੍ਹਾਂ ਦੀਆਂ ਲੱਤਾਂ ਦਾ ਕੀ ਹਾਲ ਹੋਵੇਗਾ । ਫਿਰ ਇਹ ਵੀ ਦੇਖਣਾ ਹੈ ਕਿ ਜਦੋਂ ਕੋਈ ਆਸ਼ਰਮ ਪਾਗਲਾਂ ਨੂੰ ਦਾਖ਼ਲ ਕਰੇਗਾ ਉਸ ਨੂੰ ਇਹ ਸਬੂਤ ਵੀ ਦੇਣਾ ਪਵੇਗਾ ਕਿ ਉਹ ਸੰਸਥਾ ਪਾਗਲਾਂ ਦਾ ਇਲਾਜ ਹਸਪਤਾਲ ਤੋਂ ਕਰਾ ਰਹੀ ਹੈ ਜਾਂ ਨਹੀਂ ? ਉਨ੍ਹਾਂ ਦੀ ਸੰਭਾਲ ਲਈ ਸੇਵਾਦਾਰ ਇਸਤਰੀਆਂ ਹਨ ਕਿ ਨਹੀਂ ? ਕਿਉਂਕਿ ਪਾਗਲਪਨ ਦੇ ਰੋਗ ਲੱਗਣ ਦੇ ਪਿੱਛੋਂ ਜਿਹੜਾ ਦਿਨ ਬੀਤਦਾ ਹੈ ਉਹ ਇਲਾਜ ਦੀ ਸੰਭਾਵਨਾ ਨੂੰ ਘਟਾਉਂਦਾ ਹੈ । ਜੇ ਤਿੰਨ ਸਾਲ ਇਲਾਜ ਨਾ ਕਰਾਇਆ ਜਾਏ ਤਾਂ ਇਹ ਰੋਗ ਬੇਇਲਾਜਾ ਹੋ ਜਾਂਦਾ ਹੈ ਭਾਵ ਇਸ ਰੋਗ ਦੇ ਇਲਾਜ ਦੀ ਸੰਭਾਵਨਾ ਦਾ ਸਮਾਂ ਸਮਾਪਤ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਸਮਾਂ ਬੀਤ ਜਾਣ ਦੇ ਮਗਰੋਂ ਇਸ ਰੋਗ ਦਾ ਇਲਾਜ ਨਹੀਂ ਹੋ ਸਕਦਾ ।

ਮੋਹਣ ਸਿੰਘ ਨੇ ਵੀਹ ਰੁਪਏ ਹਰ ਰੋਜ਼ ਦੇ ਹਿਸਾਬ ਨਾਲ ਲੈ ਕੇ ਡੱਬੇ ਵਾਲੇ ਨੂੰ ਹੀ ਖੁੱਲ੍ਹ ਨਾ ਦਿੱਤੀ ਬਲਕਿ ੧੦੦ ਰੁਪਏ ਦੇ ਹਿਸਾਬ ਨਾਲ ਰੋਜ਼ ਦਾ ਟਰੱਕ ਵਾਲੇ ਕੋਲੋਂ ਲੈ ਕੇ ਲੁਟੇਰਿਆਂ ਨੂੰ ਵੀ ਖੁੱਲ੍ਹ ਦਿੱਤੀ ਕਿ ੧੦੦ ਰੁਪਿਆ ਦਿਉ ਤੇ ਇਕ ਫੇਰੇ ਵਿਚ ਜਿੰਨੀ ਮਰਜ਼ੀ ਜਿਣਸਾਂ ਦੀ ਉਗਰਾਹੀ ਕਰ ਲਵੋ । ਉਸ ਨੇ ਆਪ ਇਕ ਟਰੱਕ ਤੇ ਇਕ ਜੀਪ ਰੱਖੀ ਹੋਈ ਹੈ । ਉਹ ਜੀਪ ਨਾਲ ਰਾਜਸਥਾਨ, ਦੇਹਰਾਦੂਨ ਤਕ ਦਾਨ ਇਕੱਠਾ ਕਰ ਰਿਹਾ ਹੈ । ਸਾਨੂੰ ਤਾਂ ਸੇਵਾਦਾਰ ਨਵੇਂ ਨਹੀਂ ਮਿਲਦੇ, ਬਹੁਤ ਥੋੜ੍ਹੇ ਹਨ ਤੇ ਪਿੰਡਾਂ ਨੂੰ ਨਹੀਂ ਭੇਜ ਸਕਦੇ । ਉਨ੍ਹਾਂ ਕੋਲ ਤਾਂ ਟਰੱਕ ਹੈ, ਜੀਪ ਹੈ ਤੇ ਜੀਪ ਦਾ ਵੀ ਛੋਟਾ ਟਰੱਕ ਬਣਾਇਆ ਹੋਇਆ ਹੈ । ਉਸ ਨਾਲ ਉਹ ਸਾਰੇ ਪੰਜਾਬ ਵਿਚ ਫਿਰ ਰਹੇ ਹਨ । ਪਰ ਮੈਂ ਤਾਂ ਟਰੱਕਾਂ, ਕਾਰਾਂ ਦੇ ਵਿਰੁੱਧ ਹਾਂ । ਅੱਜ ਤੋਂ ੬੦ ਸਾਲ ਪਹਿਲਾਂ ਮੈਂ ਪੜ੍ਹਿਆ ਸੀ ਕਿ ਮੋਟਰਕਾਰ ਚਲਾਉਣ ਨਾਲ ਜ਼ਹਿਰੀਲੀ ਗੈਸ ਨਿਕਲਦੀ ਹੈ । ਲੋਕਾਂ ਦੀ ਸਿਹਤ ਖ਼ਰਾਬ ਹੁੰਦੀ ਹੈ ਤੇ ਧਰਤੀ ਦੇ ਮਨੁੱਖਾਂ ਲਈ ਅੰਨ ਤੇ ਪਸ਼ੂਆਂ ਲਈ ਚਾਰਾ ਘਟਦਾ ਹੈ । ਮੋਹਣ ਸਿੰਘ ਦੇ ਤਿੰਨ ਜਵਾਨ ਪੁੱਤਰ ਹਨ । ਅਕਤੂਬਰ ੧੯੯੦ ਵਿਚ ਉਨ੍ਹਾਂ ਨੇ ਅੰਮ੍ਰਿਤਸਰ ਦੇ ਨੇੜੇ ਦੇ ਪਿੰਡਾਂ ਵਿਚੋਂ ਵੀ ਦਾਨ ਇਕੱਠਾ ਕੀਤਾ । ਮੋਹਣ ਸਿੰਘ ਦਾ ਕਹਿਣਾ ਹੈ ਕਿ ੩੦ ਸਾਲ ਪਿੰਗਲਵਾੜੇ ਦੀ ਸੇਵਾ ਕੀਤੀ ਹੈ, ਇਹ ਝੂਠ ਹੈ, ਸੇਵਾ ਕੀ ਹੁੰਦੀ ਹੈ, ਇਸ

ਦਾ ਪਤਾ ਐਮਰਸਨ ਦੇ ਹੇਠ ਲਿਖੇ ਸ਼ਬਦਾਂ ਤੋਂ ਲੱਗਦਾ ਹੈ :-

Rings and jewels are not gifts but only apologies for gifts. The only gift is a portion of thyself. — Emerson

ਮੋਹਣ ਸਿੰਘ ਨੇ ਪਿੰਗਲਵਾੜੇ ਦੀ ਜਿੰਨਾ ਸਮਾਂ ਸੇਵਾ ਕੀਤੀ ਉਸ ਵਿਚ ਉਸ ਨੇ ਸਾਰਾ ਸਮਾਂ ਬਾਹਰ ਉਗਰਾਹੀ ਵਿਚ ਗੁਜ਼ਾਰਿਆ। ਉਗਰਾਹੀ ਵਿਚ ਉਸ ਨੇ ਕੀ ਚੰਨ ਚਾੜ੍ਹਿਆ, ਉਸ ਬਾਰੇ ਇਸ ਪੁਸਤਕ ਦੇ ਪੰਨਾ ੮੪ 'ਤੇ ਰਸੀਦਾਂ ਦੇ ਹਿਸਾਬ ਤੋਂ ਪਤਾ ਲੱਗ ਜਾਵੇਗਾ ਕਿ ਉਹ ਤੇ ਉਸ ਦੇ ਤਿੰਨੇ ਪੁੱਤ ਕਿੰਨੀਆਂ ਰਸੀਦਾਂ ਕੱਟਦੇ ਰਹੇ ਤੇ ਡੱਬਿਆਂ ਨਾਲ ਜਨਤਾ ਨੂੰ ਸਕੂਲਾਂ ਦਫ਼ਤਰਾਂ ਵਿਚ ਲੁੱਟਦੇ ਰਹੇ। ਇਹ ਗੱਲ ਲੋਕਾਂ ਨੂੰ ਕੌਣ ਦੱਸੇ ਕਿ ਉਹ ਇਸ ਤਰ੍ਹਾਂ ਲੁੱਟਦਾ ਰਿਹਾ ਹੈ। ਇਹ ਤਾਂ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਜੇ ਸਰਕਾਰ ਚਾਹੁੰਦੀ ਹੈ ਕਿ ਪਿੰਗਲਵਾੜੇ ਵਰਗੀਆਂ ਸੰਸਥਾਵਾਂ ਚਲਦੀਆਂ ਰਹਿਣ ਤਾਂ ਮੋਹਣ ਸਿੰਘ ਵਰਗੇ ਲੁਟੇਰਿਆਂ ਦੀ ਲੁੱਟ ਨੂੰ ਰੋਕ ਪਾਉਣ ਲਈ ਕਾਨੂੰਨ ਬਣਾਉਣਾ ਪਵੇਗਾ। ਇਸ ਤਰ੍ਹਾਂ ਦਾ ਕਾਨੂੰਨ ਬਣਾਉਣਾ ਪਵੇਗਾ ਜਿਸ ਤਰ੍ਹਾਂ ਅੱਖਾਂ ਦੇ ਕੈਂਪਾਂ ਨਾਲ ਕੀਤੀ ਗਈ ਲੁੱਟ ਨੂੰ ਨਕੇਲ ਪਾਉਣ ਲਈ ਕਾਨੂੰਨ ਬਣਾਇਆ ਗਿਆ ਹੈ।

ਇਸ ਲਿਖਤ ਨੂੰ ਪਟਿਆਲੇ ਦੇ ਡਿਪਟੀ-ਕਮਿਸ਼ਨਰ ਤੇ ਹੈਲਥ-ਕਮਿਸ਼ਨਰ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਜੋ ਕੁਝ ਮੈਂ ਇਸ ਲਿਖਤ ਵਿਚ ਲਿਖਿਆ ਹੈ ਉਸ ਅਨੁਸਾਰ ਉਹ ਮੇਰੀ ਵੀ ਪੁੱਛ-ਪੜਤਾਲ ਕਰਨ ਤੇ ਮੋਹਣ ਸਿੰਘ ਦੀ ਵੀ ਪੁੱਛ-ਪੜਤਾਲ ਕਰਨ।

ਜਲੰਧਰ ਸ਼ਹਿਰ ਵਿਚ ਮੈਂ ਆਪਣੀ ਸਾਖ ਸੰਨ ੧੯੫੨ ਵਿਚ ਖੋਲ੍ਹੀ ਸੀ, ਉਸ ਉੱਤੇ ਵੀ ਕਬਜ਼ਾ ਕੀਤਾ ਗਿਆ ਸੀ। ਪਰ ਢੰਗ ਭਲਮਾਣਸੀ ਦੇ ਵਰਤੇ ਗਏ ਸਨ। ਮੇਰੀ ਬੇਵਿਸਵਾਹੀ ਕੀਤੀ ਗਈ ਸੀ। ਧੱਕਾ ਸ਼ਾਮਲ ਸੀ। ੧੯੬੦ ਵਿਚ ਜਿਹੜਾ ਕਬਜ਼ਾ ਜਲੰਧਰ ਸਾਖ 'ਤੇ ਹੋਇਆ, ਉਸ ਵਿਚ ਜਲੰਧਰ ਦੇ ਡਿਪਟੀ-ਕਮਿਸ਼ਨਰ ਵੱਲੋਂ ਪਿੰਗਲਵਾੜੇ ਦੀ ਸਾਖ 'ਤੇ ਕਬਜ਼ਾ ਕਰਨ ਲਈ ਕਾਨੂੰਨ ਨੂੰ ਪੈਰਾਂ ਹੇਠ ਲਿਤਾੜਿਆ ਗਿਆ ਸੀ। ਇਹ ਵਿਘਨ ਇਕ ਸਿੱਖ ਬਾਵਾ ਸਰੂਪ ਸਿੰਘ ਨੇ ਪੁਆਇਆ। ਉਸ ਨੇ ਕਿਸੇ ਅਖ਼ਬਾਰ ਵਾਲੇ ਨੂੰ ਭੁਲੇਖੇ ਵਿਚ ਪਾਇਆ ਤੇ ਕਿਸੇ ਨੂੰ ਲਾਲਚ ਦਿੱਤਾ। ਜਲੰਧਰ ਸ਼ਹਿਰ ਦੀ ਸਾਖ ਵਿਚ ੯੦ ਦੇ ਕਰੀਬ ਅਪਾਹਿਜ ਸਨ ਤੇ ਇਮਾਰਤਾਂ ਸਮੇਤ ਮੰਜੇ-ਪੀੜ੍ਹੇ ਤੇ ਹੋਰ ਸਮਾਨ ਸਭ ਦੀ ਕੀਮਤ ੪੦ ਹਜ਼ਾਰ ਰੁਪਏ ਸੀ। ਬਾਵਾ ਸਰੂਪ ਸਿੰਘ ਨੇ ਜਲੰਧਰ ਸ਼ਹਿਰ ਦੀ ਸਾਖ 'ਤੇ ਜ਼ਬਰੀ ਕਬਜ਼ਾ ਕਰ ਲਿਆ ਸੀ ਤੇ ਉਹ ਅੰਮ੍ਰਿਤਸਰ ਦੀ ਪਿੰਗਲਵਾੜਾ ਸੰਸਥਾ 'ਤੇ ਵੀ ਕਬਜ਼ਾ ਕਰਨ ਆਇਆ ਸੀ। ਪਰ ਪਿੰਗਲਵਾੜਾ ਸੰਸਥਾ ਦੇ ਮੀਤ ਪ੍ਰਧਾਨ ਸ੍ਰ. ਮਿਹਰ ਸਿੰਘ ਬਾਵੇ ਦੇ ਲਾਲਚ ਵਿਚ ਨਾ ਫਸਿਆ। ਬਾਵੇ ਨੇ ਉਸ ਨੂੰ ਡਰਾਵਾ ਦਿੱਤਾ ਸੀ ਕਿ ਮੈਂ



ਤੁਹਾਡੇ 'ਤੇ ਮੁਕੱਦਮਾ ਕਰਾਂਗਾ ਤੇ ਤੁਹਾਡੀਆਂ ਕੁਰਕੀਆਂ ਕਰਾਵਾਂਗਾ। ਸ੍ਰ. ਮਿਹਰ ਸਿੰਘ ਨੇ ਕਿਹਾ ਕੋਈ ਡਰ ਨਹੀਂ ਤੂੰ ਕੁਰਕੀ ਕਰਾ ਦੇ। ਸੇਠ ਰਾਧਾ ਕ੍ਰਿਸ਼ਨ ਤੇ ਸ੍ਰ. ਵਰਿਆਮ ਸਿੰਘ ਦੋਵੇਂ ਕਾਂਗਰਸੀ ਆਗੂ ਸਨ ਤੇ ਦੋਨਾਂ ਨੇ ਬਾਵੇ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਸੀ।

ਜੇ ਪਿੰਗਲਵਾੜੇ ਵਿਚ ਸਾਲ ਛੇ ਮਹੀਨੇ ਦਾਨ ਇਕੱਠਾ ਕਰਨ ਦੀ ਨੌਕਰੀ ਕਰਕੇ ਹਰ ਇਕ ਬੰਦਾ ਦੋ ਅਪਾਹਿਜਾਂ ਨੂੰ ਰੱਖ ਕੇ ਗਲੀਆਂ, ਮੁਹਲਿਆਂ ਵਿਚੋਂ ਆਟਾ ਤੇ ਬਾਜ਼ਾਰਾਂ ਤੇ ਬੱਸ ਅੱਡਿਆਂ ਤੋਂ ਪੈਸੇ ਇਕੱਠੇ ਕਰਨ ਲੱਗ ਪਵੇ ਤਾਂ ਦੇਸ਼ ਦੀ ਸਰਹੱਦ ਦੇ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਚ ਚਲ ਰਹੀ ਪਿੰਗਲਵਾੜਾ ਸੰਸਥਾ ਲਈ ਤੀਹ ਹਜ਼ਾਰ ਰੁਪਏ ਰੋਜ਼ ਦੇ ਖ਼ਰਚ ਨੂੰ ਕੌਣ ਇਕੱਠਾ ਕਰੇਗਾ। ਮੇਰੀ ਉਮਰ ੮੭ਵੇਂ ਸਾਲ ਵਿਚੋਂ ਲੰਘ ਰਹੀ ਹੈ। ਪਿੰਗਲਵਾੜੇ ਦਾ ਕਾਰਜ ਅੰਮ੍ਰਿਤਸਰ ਸ਼ਹਿਰ ਵਿਚ ਸੰਨ ੧੯੪੭ ਦੀ ਦੇਸ਼ ਦੀ ਵੰਡ ਦੇ ਸਮੇਂ ਸੜਕਾਂ ਦੇ ਕੰਢਿਆਂ 'ਤੇ ਆਰੰਭ ਹੋਇਆ ਸੀ। ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦੇ ਕਾਰਜ ਨੂੰ ਮੈਂ ਇਕੱਲੇ ਨੇ ਲਾਹੌਰ ਸ਼ਹਿਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਸੰਨ ੧੯੨੪ ਵਿਚ ਆਰੰਭ ਕਰ ਦਿੱਤਾ ਸੀ। ਅੰਮ੍ਰਿਤਸਰ ਸ਼ਹਿਰ ਵਿਚ ਮੈਂ ਸਾਰੀ ਉਮਰ ਸੜਕਾਂ 'ਤੇ ਖਲੋ ਕੇ ਇਕ ਹੱਥ ਵਿਚ ਡੱਬਾ ਫੜ ਕੇ ਤੇ ਇਕ ਹੱਥ ਵਿਚ ਟੱਲੀ ਵਜਾ ਕੇ ਦਾਨ ਇਕੱਠਾ ਕਰਦਾ ਰਿਹਾ ਸਾਂ। ਅੱਜਕੱਲ੍ਹ ਦੇ ਸੰਨ ੧੯੯੨ ਵਿਚ ਵੀ ਮੈਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੂਹੇ ਵਿਚ ਸਵੇਰ ਦੇ ਸੂਰਜ ਚੜ੍ਹਨ ਦੇ ਸਮੇਂ ਤੋਂ ਲੈ ਕੇ ਰਾਤ ਦਾ ਹਨੇਰਾ ਪੈਣ 'ਤੇ ਸੰਗਤਾਂ ਪਾਸੋਂ ਦਾਨ ਪ੍ਰਾਪਤ ਕਰਦਾ ਰਹਿੰਦਾ ਹਾਂ। ਮੇਰੀ ਉਮਰ ਦੀ ਵੀ ਕੋਈ ਹੱਦ ਹੈ। ਬਿਮਾਰੀ ਵੀ ਆ ਸਕਦੀ ਹੈ। ਦੋ ਕੁ ਸਾਲ ਹੋਏ ਮੈਂ ਸੰਨ ੧੯੯੦ ਵਿਚ ਸੰਗਰੂਰ ਸ਼ਹਿਰ ਵਿਚ ਹਰਨੀਆਂ ਦਾ ਓਪਰੇਸ਼ਨ ਕਰਾਇਆ ਤੇ ਇਕ ਮਹੀਨਾ ਬੀਮਾਰ ਰਿਹਾ ਸੀ। ਪਿਛਲੇ ਸਾਲ ਵੀ ਮੈਂ ਸਤੰਬਰ ਦੇ ਮਹੀਨੇ ਫਿਰ ਸੰਗਰੂਰ ਸ਼ਹਿਰ ਵਿਚ ਇਕ ਮਹੀਨਾ ਬਿਮਾਰ ਰਿਹਾ। ਆਖ਼ਰ ਮੇਰੀ ਮੌਤ ਵੀ ਹੋਣੀ ਹੈ। ਇਹ ਬੜਾ ਗੁੰਝਲਦਾਰ ਮਾਮਲਾ ਹੈ। ਇਸ ਬਾਰੇ ਮੈਂ ਪਿੱਛੇ ਚਾਨ੍ਹਣਾ ਪਾ ਛੱਡਿਆ ਹੈ। ਸਰਕਾਰ ਨੂੰ ਅਪਾਹਿਜਾਂ ਦੇ ਨਾਮ 'ਤੇ ਠੱਗੀ ਦੇ ਖੁੱਲ੍ਹੇ ਅੱਡਿਆਂ ਨੂੰ ਰੋਕ ਪਾਉਣ ਲਈ ਉਸ ਤਰ੍ਹਾਂ ਕਾਨੂੰਨ ਬਣਾਉਣਾ ਪਵੇਗਾ ਜਿਸ ਤਰ੍ਹਾਂ ਠੱਗਾਂ ਵੱਲੋਂ ਅੱਖਾਂ ਦੇ ਇਲਾਜ ਲਈ ਖੋਲ੍ਹੇ ਜਾਣ ਵਾਲੇ ਕੈਂਪਾਂ ਨੂੰ ਰੋਕ ਪਾਉਣ ਲਈ ਬਣਾਇਆ ਗਿਆ ਹੈ। ਵਾਹਿਗੁਰੂ ਦੀ ਮਿਹਰ ਹੈ ਕਿ ਮੈਂ ਗੁਰਦੁਆਰਿਆਂ ਦੇ ਆਸਰੇ ਪੜ੍ਹ ਗਿਆ ਹਾਂ ਤੇ ਸੰਗਤਾਂ ਨੇ ਮੈਨੂੰ ਹਜ਼ਾਰਾਂ ਰੁਪਏ ਰੋਜ਼ ਦੇ ਖ਼ਰਚ ਨਾਲ ਜਨਤਾ ਵਿਚ ਇਸ਼ਤਿਹਾਰ ਤੇ ਕਿਤਾਬਚੇ ਮੁਫ਼ਤ ਵੰਡਣ ਦੀ ਸ਼ਕਤੀ ਪ੍ਰਦਾਨ ਕੀਤੀ ਹੈ।

—ਭਗਤ ਪੂਰਨ ਸਿੰਘ

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਮਾਰਚ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।

**ਬ੍ਰਾਂਚਾਂ ਦਾ ਵੇਰਵਾ :**

| **ਬ੍ਰਾਂਚ** | **ਮਰੀਜ਼** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ



ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ

ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਉਣ ਦੇ ਕਾਬਲ ਹੋਣ।

**ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ-ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ



ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੋਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।



(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁੱਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"



ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |



| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK**<br>**(UK Charity No. 1178004)**<br>**756 Bath Road, Cranford, Hounslow, Middlesex TW5 9TY UK**<br>**Ph. (+44) 203 439 4440 Email: info@pingalwara.org.uk**<br>**S. GURBAKHSH SINGH**<br>**63 PEACOCK STREET, GRAVESEND, KENT, DA12 1EG**<br>**U.K. (PH. 01474-568574)** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |

# ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ